ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

23

October-December 2016

# ਸੈਣੀ ਸੰਸਾਰ
# Saini Sansar

Rio2016





ਭਾਰਤ ਦੇ ਅਨਮੋਲ ਹੀਰੇ





**ਅੰਦਰ ਪੜ੍ਹੋ**

-ਭੁੱਲੇ ਵਿਸਰੇ ਸੈਣੀ ਮਹਾਂਪੁਰਸ਼
-ਓਲੰਪਿਕਸ ਖੇਡਾਂ ਦੀਆਂ ਵਿਸ਼ੇਸ਼ ਘਟਨਾਵਾਂ
-ਰੀਓ ਓਲੰਪਿਕਸ ਵਿੱਚ ਭਾਰਤ ਦੀ ਕਾਰਗੁਜ਼ਾਰੀ
-ਦੁਨੀਆਂ ਦੀ ਅਦਭੁੱਤ ਖੱਡ -ਗ੍ਰੈਂਡ ਕੈਨੀਅਨ
-ਬੱਚਿਆਂ ਦਾ ਸੁਪਨਮਈ ਦੇਸ਼ - ਕਿਡਜ਼ਾਨੀਆ
-ਮੈਟਰੀਮੋਨੀਅਲਜ਼
-ਸੈਣੀ ਭਵਨ ਦੀਆਂ ਸਰਗਰਮੀਆਂ
-ਸੈਣੀ ਭਵਨ ਦਾ ਨਿਵੇਕਲਾ ਕਾਰਜ

P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - VI, Issue - IV

# Saini Sansar

(Quarterly)

October - December 2016

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**PATRON**

**Sh. L.R. Mundra**
Asstt. Police Commissioner
(Delhi) (Retd.)

**CHIEF EDITOR**

**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Ajmer Singh Dhamrait**
Supdt. Edu. Deptt. (Retd.)
Ph. : 9417586075

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Gurcharan Singh**
Supdt. Edu. Deptt. (Retd.)
Ph. : 01881220040

**ADVISORS :**

| | | |
|---|---|---|
| India | : | **S. Bahadurjeet Singh** President Rupnagar Press Club.<br>**Sh. Narinder 'Nindi'** Director Pb. Arts International Chd. |
| Australia | : | **S. Malkiat Singh Saini,**<br># 4, Arnika Court, Jereme Grove, Glenwoood, Sydney-Australia |
| U.S.A. | : | **Dr. Manavpreet Kaur** Professor (English)<br># 2421, Bryce Wood Lane, Plano-Tx-75025 (USA). |
| U.K. | : | **Sh. Tarsem Singh Saini**<br># 14, Forest Road, Cambridge-CB1 9JB (U.K.) |
| Canada | : | **Dr. D.P. Singh**<br># 2516, Pollard, Drive Mississauga, Ontario, Canada-LSC3HI |

| Subscription / Assistance Money | India | Abroad |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| ਚੰਦਾ/ਸਹਾਇਤਾ ਰਾਸ਼ੀ | ਭਾਰਤ | ਵਿਦੇਸ਼ |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ______ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :

**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

Date of Publication : 08.10.2016

// ਸੈਣੀ ਸੰਸਾਰ

(ਤਿਮਾਹੀ)

ਜਿਲਦ 6, ਅੰਕ 4 | ਅਕਤੂਬਰ - ਦਸੰਬਰ 2016

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@yahoo.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਮੁੱਖ ਕਵਰ 'ਤੇ ਫੋਟੋ :

ਓਲੰਪਿਕਸ ਅਤੇ ਪੈਰਾ ਓਲੰਪਿਕਸ 2016 ਦੇ ਤਮਗਾ ਜੇਤੂ ਖਿਡਾਰੀ।

ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ | 3-4 |
| ਸੈਣੀ ਇਤਿਹਾਸ | 5-6 |
| ਸੈਣੀ ਭਵਨ ਦੀਆਂ ਸਰਗਰਮੀਆਂ | 7-8 |
| Scholarships for the Academic Year 2016-17 | 9-10 |
| ਸੈਣੀ ਭਵਨ ਰੂਪਨਗਰ ਦੀ ਕਾਮਯਾਬੀ | 11-12 |
| ਦਸਤਾਰ ਜਾਂ ਪੱਗੜੀ | 13 |
| ਦਾਨੀ ਸੱਜਣਾਂ ਦਾ ਧੰਨਵਾਦ | 14 |
| ਸੇਵਾ ਤੇ ਸਿਮਰਨ ਦੀ ਅਦੁੱਤੀ ਮਿਸਾਲ-ਬਾਬਾ ਨਿਧਾਨ ਸਿੰਘ ਜੀ | 15-16 |
| ਸਮਾਜ ਲਈ ਸੰਕਟ ਬਣ ਰਹੀ ਮਹਿਮਾਨਨਿਵਾਜ਼ੀ | 17-18 |
| ਬੇਸਹਾਰਿਆਂ ਦੇ ਸਹਾਰੇ, ਸੈਣੀ ਭਵਨ ਦੀ ਨਵੀਂ ਪਿਰਤ | 19-20 |
| ਕਹਾਣੀ- ਉੱਚਾ ਬੁਰਜ ਲਾਹੌਰ ਦਾ | 21-24 |
| Life Members of Saini Bhawan / Saini Sansar | 25 |
| ਤੰਬੜ ਗੋਤ ਦਾ ਇਤਿਹਾਸ | 26-28 |
| ਓਲੰਪਿਕ ਖੇਡਾਂ | 29-31 |
| ਰੀਓ ਓਲੰਪਿਕਸ ਵਿੱਚ ਧੀਆਂ ਨੇ ਲਾਜ ਰੱਖੀ | 32 |
| ਵਿਸ਼ਵ ਦੇ ਮਹਾਨਾਇਕ ਖਿਡਾਰੀ | 33 |
| ਪੂਰਿਆਂ ਨਾਲੋਂ ਅਧੂਰੇ ਚੰਗੇ | 34 |
| UBUNTU (Human Kindness) | 35-36 |
| ਐਟਲਾਂਟਿਕ ਨਾਇਕ-ਕੁਇਨ ਮੈਰੀ ਸ਼ਿਪ | 38-39 |
| ਸੈਣੀ ਐਥਲੀਟ ਵਿਰੁੱਧ ਉੱਚ ਪੱਧਰੀ ਸਾਜਿਸ਼ | 40 |
| ਰਾਜਨੀਤਿਕ ਵਿਅੰਗ-ਇੰਟਰਵਿਊ | 41-42 |
| ਧਰਤੀ ਦਾ ਵਿਸ਼ਾਲ ਪਾੜ-ਗਰੈਂਡ ਕੈਨੀਆਨ | 43 |
| ਤੰਦਰੁਸਤੀ ਲਈ ਯੋਗ ਸਿੱਖਿਆ | 44-45 |
| ਬੱਚਿਆਂ ਦਾ ਖੁਦਮੁਖਤਿਆਰ ਦੇਸ਼-ਕਿੱਡਜਾਨੀਆ | 46-47 |
| ਮਹਾਂਰਥੀ ਗ੍ਰਹਿ, ਬ੍ਰਹਿਸਪਤੀ ਦਾ ਪਾਂਧੀ - ਜੂਨੋ | 48 |
| Matrimonials | 49-52 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |

ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. : 500 ਰੁ: 8 ਸੈ.ਮੀ. x 6 ਸੈ.ਮੀ. = 1000 ਰੁ:

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 01881-226588) ਤੋਂ ਤਿਆਰ ਕਰਵਾਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਭਾਰਤੀ ਰਾਜਨੀਤੀ ਦਾ ਨਿਘਾਰ-ਕੌਮੀ ਹਿਤ ਤੋਂ ਨਿੱਜ ਵੱਲ

ਅਜਮੇਰ ਸਿੰਘ (ਡਾ.)



ਰਾਜਨੀਤੀ,ਕਿਸੇ ਦੇਸ਼ ਦੇ ਰਾਜ-ਪ੍ਰਬੰਧ ਨੂੰ ਚਲਾਉਣ ਦੀ ਵਿਧੀ ਹੁੰਦੀ ਹੈ।ਇਹ,ਸਮੇਂ ਦੇ ਹਾਲਾਤ ਤੇ ਸਮਾਜ ਦੇ ਵਿਕਾਸ ਨਾਲ ਬਦਲਦੀ ਰਹਿੰਦੀ ਹੈ।ਪੁਰਾਤਨ ਤੇ ਮੱਧਕਾਲੀ ਸਮੇਂ ਇਹ ਰਾਜਾਸ਼ਾਹੀ ਸੀ ਅਤੇ ਹੁਣ ਲੋਕਤੰਤ੍ਰਿਕ ਹੋ ਗਈ ਹੈ।ਰਾਜਾਸ਼ਾਹੀ ਰਾਜਨੀਤੀ ਦਾ ਉਦੇਸ਼ ਕੇਵਲ ਤੇ ਕੇਵਲ ਰਾਜੇ ਅਤੇ ਉਸ ਦੇ ਪਰਿਵਾਰ ਦੀ ਭਲਾਈ ਹੁੰਦਾ ਸੀ।ਸਾਰੀ ਰਾਜ ਸੱਤਾ ਇਸ ਉਦੇਸ਼ ਦੀ ਪੂਰਤੀ ਲਈ ਕਾਰਜਸ਼ੀਲ ਰਹਿੰਦੀ ਸੀ।ਇਸ ਰਾਜ-ਪ੍ਰਬੰਧ ਵਿੱਚ ਜਨਤਾ ਤਾਂ ਇੱਕ ਸਾਧਨ ਮਾਤਰ ਸੀ।ਸੰਸਾਰ ਦੇ ਹੋਰ ਦੇਸ਼ਾਂ ਵਾਂਗ ਭਾਰਤ ਵਿੱਚ ਵੀ ਇਹੋ ਵਿਵਸਥਾ ਚੱਲਦੀ ਰਹੀ ਹੈ।

ਭਾਰਤ ਵਿੱਚ ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਇੱਥੇ ਦਰਜਨਾਂ ਛੋਟੇ-ਵੱਡੇ ਰਾਜੇ ਰਾਜ ਕਰਦੇ ਸਨ।ਇਨ੍ਹਾਂ ਵਿਦੇਸ਼ੀ ਸ਼ਾਸਕਾਂ ਦੇ ਆਉਣ ਨਾਲ ਰਾਜਾਸ਼ਾਹੀ ਤਾਂ ਖਤਮ ਹੋ ਗਈ ਪਰੰਤੂ ਰਾਜਨੀਤੀ ਦਾ ਉਦੇਸ਼ ਰਾਜੇ ਦੀ ਭਲਾਈ ਤੋਂ ਬਦਲ ਕੇ ਆਪਣੇ ਦੇਸ਼ ਇੰਗਲੈਂਡ ਦੀ ਤਿਜੋਰੀ ਭਰਨਾ ਹੋ ਗਿਆ।ਇਸ ਅਨੁਸਾਰ ਹੀ ਉਨ੍ਹਾਂ ਨੇ ਰਾਜਸੀ ਤੇ ਆਧਾਰੀ ਢਾਂਚਾ ਉਸਾਰਿਆ ਜਿਸ ਨਾਲ ਕੁੱਝ ਸਮਾਜਿਕ ਤੇ ਆਰਥਿਕ ਵਿਕਾਸ ਵੀ ਹੋਇਆ।ਵੀਹਵੀਂ ਸਦੀ ਦੇ ਸ਼ੁਰੂ ਹੁੰਦਿਆਂ ਵਿਸ਼ਵ ਵਿੱਚ ਫੈਲ ਰਹੀ ਸਮਾਜਵਾਦੀ ਰਾਜਨੀਤਿਕ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਭਾਰਤੀਆਂ ਵਿੱਚ ਵੀ ਨਵੀਂ ਰਾਜਸੀ ਚੇਤਨਤਾ ਜਾਗਣ ਲੱਗੀ ਅਤੇ ਉਨ੍ਹਾਂ ਨੇ ਵਿਦੇਸ਼ੀ ਗੁਲਾਮੀ ਨੂੰ ਗਲੋਂ ਲਾਹੁਣ ਲਈ ਹੰਭਲੇ ਮਾਰਨੇ ਆਰੰਭ ਕਰ ਦਿੱਤੇ।ਲੰਬੇ ਤੇ ਖੂਨੀ ਸੰਘਰਸ਼ ਤੋਂ ਬਾਅਦ ਭਾਰਤ ਨੂੰ ਆਜ਼ਾਦੀ ਮਿਲ ਗਈ।

ਭਾਰਤਵਾਸੀ ਇਸ ਮਹਿੰਗੇ ਭਾਅ ਮਿਲੀ ਆਜ਼ਾਦੀ ਤੋਂ ਬਹੁਤ ਉਤਸ਼ਾਹਿਤ ਤੇ ਆਸ਼ਾਵਾਦੀ ਸਨ।ਦੇਸ਼ ਵਿੱਚ ਲੋਕਤੰਤ੍ਰਿਕ ਰਾਜ ਪ੍ਰਣਾਲੀ ਲਾਗੂ ਹੋਈ ਅਤੇ ਇਸ ਦੀ ਵਾਗਡੋਰ ਅਜਿਹੀ ਰਾਜਨੀਤਿਕ ਪਾਰਟੀ ਦੇ ਹੱਥ ਆਈ ਜਿਸ ਦੇ ਬਹੁਤੇ ਨੇਤਾ ਆਜ਼ਾਦੀ-ਸੰਗ੍ਰਾਮੀ ਤੇ ਦੇਸ਼-ਪ੍ਰੇਮੀ ਸਨ।ਲੋਕਾਂ ਨੂੰ ਉਨ੍ਹਾਂ 'ਤੇ ਅਥਾਹ ਵਿਸ਼ਵਾਸ ਸੀ।ਇਸ ਪਾਰਟੀ ਦਾ ਇੱਕੋ ਇੱਕ ਨਿਸ਼ਾਨਾ ਦੇਸ਼ ਨੂੰ ਆਪਣੇ ਪੈਰਾਂ ਤੇ ਖੜ੍ਹਾ ਕਰਕੇ ਉਨਤੀ ਦੇ ਰਾਹ ਤੇ ਤੋਰਨਾ ਸੀ। ਇਹ ਨੇਤਾ ਪੂਰੇ ਇਮਾਨਦਾਰ, ਸੁਹਿਰਦ ਤੇ ਸਮਰਪਿਤ ਸਨ।ਇਸ ਹਾਲਤ ਵਿੱਚ ਕੋਈ ਹੋਰ ਰਾਜਨੀਤਿਕ ਪਾਰਟੀ ਇਨ੍ਹਾਂ ਦਾ ਬਿਨਾ ਵਜ੍ਹਾ ਵਿਰੋਧ ਕਰਨ ਦਾ ਹੀਆ ਨਹੀਂ ਸੀ ਕਰਦੀ।ਇਸ ਲਈ ਇਹ ਨੇਤਾ ਬਿਨਾ ਕਿਸੇ ਸਵਾਰਥ ਤੇ ਲਾਲਚ ਤੋਂ ਲੋਕ-ਸੇਵਾ ਲਈ ਪ੍ਰਤੀਬੱਧ ਸਨ।ਲੋਕ ਇਨ੍ਹਾਂ ਦੇ ਵਿਚਾਰ ਸੁਣਨ ਲਈ ਆਪਮੁਹਾਰੇ ਉਮੜ੍ਹ ਪੈਂਦੇ ਸਨ।ਨੇਤਾ ਵੀ ਭਾਵਨਾਵਾਂ ਵਸ ਲੋਕਾਂ ਨੂੰ ਇੱਕ ਆਦਰਸ਼ ਭਾਰਤ ਦੇ ਸੁਪਨੇ ਦਿਖਾਉਂਦੇ ਸਨ।ਨਾ ਪਾਰਟੀ ਦੀ ਹੋਂਦ ਨੂੰ ਅਤੇ ਨਾ ਨੇਤਾ ਦੀ ਕੁਰਸੀ ਨੂੰ ਕੋਈ ਖਤਰਾ ਸੀ।ਸੱਤਾ-ਪ੍ਰਾਪਤੀ ਅਤੇ ਧਨ-ਕਮਾਈ ਇਨ੍ਹਾਂ ਨੇਤਾਵਾਂ ਦਾ ਮਨੋਰਥ ਨਹੀਂ ਸੀ।ਦੇਸ਼,ਤੇਜੀ ਨਾਲ ਵਿਕਾਸ ਦੀਆਂ ਲੀਹਾਂ 'ਤੇ ਚੱਲਣ ਲੱਗਾ ਭਾਵੇਂ ਕਿ ਇਹ,ਲੋਕਾਂ ਦੀਆਂ ਆਸਾਂ-ਉਮੀਦਾਂ ਤੋਂ ਬਹੁਤ ਮੱਠਾ ਸੀ।ਇਹ ਹਾਲਾਤ ਦੋ ਕੁ ਦਹਾਕੇ ਬਣੇ ਰਹੇ।

ਵੀਹਵੀਂ ਸਦੀ ਦੇ ਛੇਵੇਂ ਦਹਾਕੇ ਹਾਲਾਤ ਬਦਲਣੇ ਸ਼ੁਰੂ ਹੋ ਗਏ। ਇਸ ਸਮੇਂ ਤੱਕ ਬਹੁਤੇ ਆਜ਼ਾਦੀ ਸੰਗ੍ਰਾਮੀ ਦੁਨੀਆਂ ਤੋਂ ਕੂਚ ਕਰ ਗਏ ਜਾਂ ਪਾਰਟੀ ਤੋਂ ਲਾਂਭੇ ਕਰ ਦਿੱਤੇ ਗਏ।ਦੇਸ਼ ਦੀ ਤਰੱਕੀ ਦੀ ਚਾਲ ਦੂਜੇ ਦੇਸ਼ਾਂ ਨਾਲੋਂ ਕਿਤੇ ਘੱਟ ਰਹਿ ਜਾਣ ਕਾਰਨ ਲੋਕਾਂ ਵਿੱਚ ਬੇਚੈਨੀ ਵਧਣ ਲੱਗੀ।ਨਵੀਆਂ ਪਾਰਟੀਆਂ ਹੋਂਦ ਵਿੱਚ ਆਉਣੀਆਂ ਸ਼ੁਰੂ ਹੋ ਗਈਆਂ ਜਿਨ੍ਹਾਂ ਨੇ ਕਾਂਗਰਸ ਨੂੰ ਵੰਗਾਰਨਾ ਆਰੰਭ ਦਿੱਤਾ।ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਕਾਂਗਰਸ ਵੀ ਆਪਣੀ ਪਾਰਟੀ ਨੂੰ ਮਜ਼ਬੂਤ ਕਰਨ ਦੇ ਰਾਹ ਪੈ ਗਈ। ਮੁਕਾਬਲਾਵਸ, ਸਾਰੀਆਂ ਰਾਜਨੀਤਿਕ ਪਾਰਟੀਆਂ ਦੇਸ਼ ਦੇ ਹਿਤ ਨਾਲੋਂ ਪਾਰਟੀ ਹਿਤਾਂ ਨੂੰ ਤਰਜ਼ੀਹ ਦੇਣ ਲਗ ਪਈਆਂ।ਲੋਕ-ਹਿਤਾਂ ਲਈ ਸੰਘਰਸ਼ ਕਰਦੇ ਵਿਰੋਧੀ ਰਾਜਸੀ ਨੇਤਾਵਾਂ ਨੂੰ ਜੇਲੀਂ ਸੁੱਟਿਆ ਜਾਣ ਲੱਗਾ ਅਤੇ ਕੁਰਸੀ ਨੂੰ ਖਤਰਾ ਹੋ ਜਾਣ ਤੇ ਸਾਰੇ ਨਾਗਰਿਕਾਂ ਨੂੰ ਸੰਵਿਧਾਨਿਕ ਹੱਕਾਂ ਤੋਂ ਵਾਂਝੇ ਕਰਕੇ ਐਮਰਜੈਂਸੀ ਲਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ। ਆਪਣੀ ਪਾਰਟੀ ਦੇ ਹਿਤਾਂ ਦੀ ਰੱਖਿਆ ਲਈ ਵਿਰੋਧੀਆਂ ਨੂੰ ਦੇਸ਼-ਧ੍ਰੋਹੀ ਆਖਿਆ ਜਾਣ ਲੱਗਾ।ਆਪਣੀ ਪਾਰਟੀ ਦੀ ਸਰਕਾਰ ਨੂੰ ਡਿਗਣ ਤੋਂ ਬਚਾਉਣ ਲਈ ਵਿਰੋਧੀ ਲੋਕ-ਨੁਮਾਂਇੰਦਿਆਂ ਦੀ ਖਰੀਦੋ-ਫਰੋਖਤ ਆਮ ਜਿਹੀ ਗੱਲ ਬਣ ਗਈ।ਇਸ ਸਮੇਂ ਹੀ 'ਆਇਆ ਰਾਮ,ਗਿਆ ਰਾਮ' ਦੀ ਚਰਿੱਤਰਹੀਣ ਰਵਾਇਤ ਪ੍ਰਚੱਲਿਤ ਹੋਈ।ਵਿਰੋਧੀਆਂ ਨੇ ਵੀ ਮੰਦਭਾਵਨਾ ਅਧੀਨ ਰਾਜ ਕਰਦੀ ਪਾਰਟੀ ਦੇ ਚੰਗੇ ਕੰਮਾਂ ਨੂੰ ਵੀ ਨਿੰਦਣਾ ਸ਼ੁਰੂ ਕਰ ਦਿੱਤਾ।ਹਰ ਪਾਸੇ ਰਾਜਨੀਤਿਕ ਅਨਿਸ਼ਚਤਤਾ ਫੈਲਣ ਲਗ ਪਈ।ਜਦੋਂ ਲੋਕਾਂ ਦੀ ਬਾਗੀ ਆਵਾਜ਼ ਨੂੰ ਬੰਦ ਕਰਨ ਲਈ ਸਰਕਾਰ ਨੇ ਗੈਰਕਾਨੂੰਨੀ ਤੇ ਤਸ਼ੱਦਦੀ ਢੰਗ-ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ ਤਾਂ ਅੱਤਵਾਦ ਤੇ ਦਹਿਸ਼ਤਵਾਦ ਨੇ ਜਨਮ ਲੈ ਲਿਆ।ਹਰ ਪਾਰਟੀ ਨੂੰ ਆਪਣੀ ਹੋਂਦ ਖਤਰੇ ਵਿੱਚ ਜਾਪਣ ਲੱਗੀ ਤਾਂ ਨੇਤਾਵਾਂ ਨੂੰ ਕੌਮੀ ਹਿਤਾਂ ਨਾਲੋਂ ਪਾਰਟੀ ਦੇ ਹਿਤ ਪਿਆਰੇ ਹੋਣ ਲਗ ਪਏ। ਇਸ ਪ੍ਰਕਾਰ ਰਾਜਨੀਤੀ ਦਾ ਉਦੇਸ਼ ਹਰ ਵਾਜਬ-ਗੈਰਵਾਜਬ ਢੰਗ ਨਾਲ ਪਾਰਟੀ ਨੂੰ ਮਜ਼ਬੂਤ ਕਰਨਾ ਹੋ ਗਿਆ।

ਇੱਕੀਵੀਂ ਸਦੀ ਦੇ ਆਰੰਭ ਤੱਕ ਪਹੁੰਚਦਿਆਂ ਭਾਰਤੀ ਰਾਜਨੀਤੀ ਹੋਰ ਵੀ ਨੀਚੇ ਡਿਗ ਪਈ।ਹੁਣ ਰਾਜਨੀਤਿਕ ਪਾਰਟੀਆਂ ਦਾ ਅੰਦਰੂਨੀ ਅਨੁਸ਼ਾਸਨ ਵੀ ਖਤਮ ਹੋਣ ਕਿਨਾਰੇ ਆ ਗਿਆ ਹੈ।ਇਨ੍ਹਾਂ ਵਿੱਚ ਅਪਰਾਧੀ,

ਸਮਾਜਵਿਰੋਧੀ ਤੇ ਸਵਾਰਥੀ ਲੋਕਾਂ ਦਾ ਬੋਲਬਾਲਾ ਹੋ ਗਿਆ ਹੈ। ਹੁਣ ਰਾਜਨੀਤੀ ਕੋਈ ਲੋਕ ਸੇਵਾ ਨਾ ਹੋ ਕੇ ਧਨ ਕਮਾਈ ਦਾ ਸਾਧਨ ਬਣ ਗਿਆ ਹੈ। ਹਾਲਾਤ ਇੰਨੇ ਮਾੜੇ ਹੋ ਗਏ ਹਨ ਕਿ ਪਾਰਟੀ ਵਰਕਰ ਆਪਣੇ ਹੀ ਮੁਖੀ ਨੂੰ ਵੰਗਾਰਨ ਲਗ ਪਏ ਹਨ। ਕੋਈ ਅਹੁਦਾ ਮਿਲ ਗਿਆ ਤਾਂ ਸਭ ਕੁੱਝ ਠੀਕ ਹੈ ਨਹੀਂ ਤਾਂ 'ਦਮ ਘੁੱਟਦਾ' ਕਹਿ ਕੇ ਪਾਰਟੀ ਹੀ ਛੱਡ ਦਿੱਤੀ ਜਾਂਦੀ ਹੈ। ਹਰ ਕੋਈ ਕੁਰਸੀ ਦੀ ਦੌੜ ਵਿੱਚ ਹੈ। ਸੱਤਾਪ੍ਰਾਪਤੀ ਲਈ ਮੌਕਾਪ੍ਰਸਤੀ ਜਾਇਜ਼ ਸਮਝੀ ਜਾਣ ਲੱਗੀ ਹੈ। ਆਮ ਤੌਰ 'ਤੇ ਚੋਣਾਂ ਤੋਂ ਕੁੱਝ ਮਹੀਨੇ ਪਹਿਲਾਂ ਸੌਦੇਬਾਜ਼ੀ ਸ਼ੁਰੂ ਹੋ ਜਾਂਦੀ ਹੈ। ਅਜਿਹੀ ਰਾਜਨੀਤੀ ਦਾ ਉਦੇਸ਼ ਕੇਵਲ ਸੱਤਾਪ੍ਰਾਪਤੀ ਤੇ ਨਿਜੀ ਸਵਾਰਥ ਹੈ।

ਰਾਜਨੀਤੀ ਦਾ ਇਹ ਨਿਘਾਰ ਸਾਰੇ ਭਾਰਤ ਵਿੱਚ ਹੈ ਪਰ ਪੰਜਾਬ ਦੀਆਂ ਚੋਣਾਂ ਅਗਲੇ ਸਾਲ ਦੇ ਆਰੰਭ ਵਿੱਚ ਹੋਣ ਦੀ ਸੰਭਾਵਨਾ ਕਾਰਨ ਇੱਥੇ ਇਹ ਪ੍ਰਤੱਖ ਰੂਪ ਵਿੱਚ ਦ੍ਰਿਸ਼ਟੀਮਾਨ ਹੋਣ ਲੱਗਾ ਹੈ। ਮੌਕਾਪ੍ਰਸਤ ਰਾਜਨੀਤਿਕ ਨੇਤਾਵਾਂ ਲਈ ਇਹ ਅਤਿ ਢੁਕਵਾਂ ਕਮਾਊ-ਸਮਾਂ ਹੈ। ਹਰ ਪਾਰਟੀ ਦੇ ਛੋਟੇ-ਵੱਡੇ ਸਾਰੇ ਵਰਕਰ ਟਿਕਟਾਂ ਲੈਣ ਦੇ ਚਾਹਵਾਨ ਹਨ ਜਿਸ ਲਈ ਉਹ ਹਰ ਹੀਲਾ ਵਰਤ ਰਹੇ ਹਨ। ਅਜੇ ਇੱਕ ਨਵੀਂ ਬਣੀ ਪਾਰਟੀ ਨੇ ਹੀ ਕੁੱਝ ਟਿਕਟਾਂ ਅਲਾਟ ਕਰਨ ਦੀ ਕਾਹਲ ਕੀਤੀ ਹੈ ਜਿਸ ਗਲਤੀ ਦੇ ਨਤੀਜੇ ਉਸ ਨੂੰ ਭੁਗਤਣੇ ਪੈ ਰਹੇ ਹਨ। ਜਿਹੜੇ ਵਰਕਰ ਪਹਿਲਾਂ ਆਪਣੇ ਪਾਰਟੀ-ਮੁਖੀ ਦੇ ਸੋਹਲੇ ਗਾਉਣੋਂ ਨਹੀਂ ਸੀ ਥੱਕਦੇ, ਉਹ ਹੁਣ ਟਿਕਟ ਨਾ ਮਿਲਣ ਕਾਰਨ ਉਸੇ ਨੂੰ ਬੇਈਮਾਨ, ਧੋਖੇਬਾਜ਼ ਤੇ ਜਾਹਲਸਾਜ਼ ਆਖਣ ਲੱਗੇ ਹਨ। ਇਸ ਦੇ ਸਾਰੇ ਵੱਡੇ ਨੇਤਾ ਮੁੱਖ ਮੰਤਰੀ ਦੀ ਕੁਰਸੀ 'ਤੇ ਬੈਠਣ ਦੇ ਚਾਹਵਾਨ ਹਨ। ਇਸ ਪਾਰਟੀ ਦੀ ਚੜ੍ਹਤ ਦੇਖ ਕੇ ਪੁਰਾਣੀਆਂ ਪਾਰਟੀਆਂ ਦੇ ਨੇਤਾ ਵੀ ਧੜਾਧੜ ਇਸ ਵਿੱਚ ਸ਼ਾਮਿਲ ਹੋਣ ਲੱਗੇ ਤਾਂ ਇਵੇਂ ਲਗਦਾ ਸੀ ਕਿ ਇਹ ਬਹੁਤ ਇਮਾਨਦਾਰ ਤੇ ਦਿਆਨਤਦਾਰ ਹੋਣ ਕਾਰਨ ਆਪਣੀਆਂ ਪਾਰਟੀਆਂ ਦੀਆਂ ਗਲਤ ਨੀਤੀਆਂ ਤੋਂ ਅੱਕ ਕੇ ਨਵੀਂ ਪਾਰਟੀ ਵਿੱਚ ਆਏ ਹਨ। ਹੁਣ ਪਤਾ ਲੱਗਾ ਕਿ ਇਹ ਕੁਰਸੀ ਜਲਦੀ ਲੈਣ ਦੀ ਚਾਹ ਨਾਲ ਇੱਧਰ ਆਏ ਸਨ ਅਤੇ ਇੱਥੇ ਕੋਈ ਪੁੱਛਗਿਛ ਨਾ ਹੋਣ ਕਾਰਨ ਨਵੀਂ ਪਾਰਟੀ ਖੜ੍ਹੀ ਕਰਨ ਦੀ ਕੋਸ਼ਿਸ਼ ਕਰਨ ਲੱਗੇ ਹਨ। ਲਗਦਾ ਇਹ ਹੈ ਕਿ ਜਦੋਂ ਦੂਜੀਆਂ ਪਾਰਟੀਆਂ ਨੇ ਵੀ ਟਿਕਟਾਂ ਵੰਡ ਦਿੱਤੀਆਂ ਤਾਂ ਉਨ੍ਹਾਂ ਪਾਰਟੀਆਂ ਦੇ ਪਿੱਛੇ ਰਹੇ ਨੇਤਾ ਵੀ ਇਹੋ ਕੁੱਝ ਕਰਨਗੇ। ਜਿਹੜੀ ਪਾਰਟੀ ਜਿੱਤ ਗਈ ਉਸ ਦੇ ਜਿੱਤੇ ਨੇਤਾ ਪਹਿਲਾਂ ਮਨਿਸਟਰੀ ਲਈ ਤੇ ਫਿਰ ਕਮਾਊ-ਮਹਿਕਮੇ ਲਈ ਲੜਨਗੇ। ਇਹ ਮਤਲਬਪ੍ਰਸਤੀ ਤੇ ਸਵਾਰਥ ਦੀ ਹੱਦ ਹੈ। ਇਹ ਰਾਜਨੀਤੀ ਨਹੀਂ ਵਪਾਰ ਹੈ। ਇਹ ਲੋਕਾਂ ਦੀਆਂ ਵੋਟਾਂ ਦੀ ਸ਼ਰੇਆਮ ਨਿਲਾਮੀ ਹੈ। ਅਜਿਹੀ ਰਾਜਨੀਤੀ ਤੋਂ ਲੋਕਭਲਾਈ ਦੀ ਕੀ ਉਮੀਦ ਕੀਤੀ ਜਾ ਸਕਦੀ ਹੈ?

ਰਾਜਨੀਤੀ ਦੇ ਇਸ ਨਿਘਾਰ ਦਾ ਪ੍ਰਛਾਵਾਂ ਪ੍ਰਬੰਧਕੀ ਵਿਵਸਥਾ ਤੇ ਪੈ ਰਿਹਾ ਹੈ ਜੋ ਅਤਿ ਢਿੱਲੀ,ਲਾਪ੍ਰਵਾਹ ਤੇ ਭ੍ਰਿਸ਼ਟ ਹੁੰਦੀ ਜਾ ਰਹੀ ਹੈ। ਰਾਜਨੀਤੀ ਦਾ ਇਹ ਰੁਝਾਨ ਭਾਰਤਵਾਸੀਆਂ ਤੇ ਪੰਜਾਬੀਆਂ ਲਈ ਅਤਿਅੰਤ ਚਿੰਤਾ ਦਾ ਵਿਸ਼ਾ ਹੈ ਜਿਸ ਨੂੰ ਠੱਲ੍ਹ ਪਾਉਣ ਲਈ ਤੁਰੰਤ ਉਪਰਾਲੇ ਕਰਨ ਦੀ ਆਵਸ਼ਕਤਾ ਹੈ

-ਮੁੱਖ ਸੰਪਾਦਕ

## ਭਾਰਤ ਦੀ ਮਾਅਰਕੇਬਾਜ਼ੀ

ਰੀਓ ਓਲੰਪਿਕਸ ਵਿੱਚ ਵਿਸ਼ਵ ਦੇ ਭਿੰਨ ਭਿੰਨ ਦੇਸ਼ਾਂ ਤੇ ਖਿਡਾਰੀਆਂ ਨੇ ਮੱਲਾਂ ਮਾਰੀਆਂ ਅਤੇ ਨਵੇਂ ਰਿਕਾਰਡ ਬਣਾਏ ਹਨ। ਅਮਰੀਕਾ ਖੇਡ ਮੁਕਾਬਲਿਆਂ ਵਿੱਚ 121 ਤਮਗੇ ਲੈ ਕੇ ਪਹਿਲੇ ਨੰਬਰ ਤੇ ਆਇਆ,ਅਮਰੀਕਾ ਦੇ ਤੈਰਾਕ ਮਾਈਕਲ ਫੈਲਪਸ ਤੇ ਜਮਾਇਕਾ ਦੇ ਦੌੜਾਕ ਓਸੈਨ ਬੋਲਟ ਨੇ ਤਮਗਿਆਂ ਦੇ ਢੇਰ ਲਾ ਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਭਾਰਤ ਵੀ ਕਿਸੇ ਗੱਲੋਂ ਪਿੱਛੇ ਨਹੀਂ ਰਿਹਾ। ਉਸ ਨੇ ਖੇਡਾਂ ਵਿੱਚ ਤਾਂ ਇੱਕ ਚਾਂਦੀ ਅਤੇ ਇੱਕ ਕਾਂਸੀ ਤਮਗਾ ਲੈ ਕੇ 67ਵੇਂ ਸਥਾਨ ਤੇ ਰਹਿ ਕੇ ਰੱਬ ਦਾ ਭਾਣਾ ਮੰਨ ਲਿਆ ਪਰੰਤੂ ਇੱਕ ਹੋਰ ਮਾਹਰਕੇਬਾਜ਼ੀ ਕਰਕੇ ਦੁਨੀਆਂ ਦੀ ਨਜ਼ਰ ਵਿੱਚ ਆ ਗਿਆ। ਭਾਰਤ ਦੇ ਖੇਡਾਂ ਤੇ ਯੁਵਾ ਮਾਮਲਿਆਂ ਦੇ ਕੇਂਦਰੀ ਮੰਤਰੀ ਵਿਜੈ ਗੋਇਲ ਗਏ ਤਾਂ ਸਨ ਆਪਣੇ ਦੇਸ਼ ਦੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਪਰ ਉਹ ਆਪਣੇ ਭਾਰਤੀ ਵੀ.ਆਈ.ਪੀ. ਕਲਚਰ ਤੋਂ ਖਹਿੜਾ ਨਾ ਛੁੜਾ ਸਕੇ। ਉੱਥੇ ਜਾ ਕੇ ਮੰਤਰੀ ਜੀ ਦਾ ਅਮਲਾ ਫੈਲਾ ਖੇਡ ਅਧਿਕਾਰੀਆਂ ਦੇ ਕੰਮਾਂ ਵਿੱਚ ਦਖਲਅੰਦਾਜ਼ੀ ਕਰਨ ਤੇ ਮਨਮਰਜੀਆਂ ਕਰਨ ਤੋਂ ਬਾਜ ਨਾ ਆਇਆ। ਇਨ੍ਹਾਂ ਨੂੰ ਓਲੰਪਿਕਸ ਦੇ ਸਖਤ ਨਿਯਮ ਹਜ਼ਮ ਨਹੀਂ ਹੋ ਰਹੇ ਸਨ,ਜਿਸ ਕਾਰਨ ਉੱਥੋਂ ਦੇ ਪ੍ਰਬੰਧਕਾਂ ਨਾਲ ਹੀ ਧੱਕੇ ਮੁੱਕੀ ਹੋਣ ਲਗ ਪਏ। ਇਨ੍ਹਾਂ ਦੀਆਂ ਗੈਰਨਿਯਮੀਆਂ ਤੋਂ ਤੰਗ ਆ ਕੇ ਰੀਓ ਓਲੰਪਿਕਸ ਇੰਤਜ਼ਾਮੀਆਂ ਕਮੇਟੀ ਦੀ ਕਾਂਟੀਨੈਂਟਲ ਮੈਨੇਜਰ ਸੇਰਾਹ ਪੀਟਰਸਨ ਨੇ ਭਾਰਤੀ ਖੇਡ ਦਲ ਦੇ ਮੁਖੀ ਰਾਕੇਸ਼ ਗੁਪਤਾ ਨੂੰ ਲਿਖੇ ਪੱਤਰ ਵਿੱਚ ਕਿਹਾ," ਤੁਹਾਡਾ ਖੇਡ ਮੰਤਰੀ ਕਈ ਖੇਡ ਮੁਕਾਬਲਿਆਂ ਵਾਲੀਆਂ ਥਾਵਾਂ 'ਤੇ ਗੈਰਮਾਨਤਾਪ੍ਰਾਪਤ ਵਿਅਕਤੀਆਂ ਨਾਲ ਦਾਖਲ ਹੋਣ ਦੇ ਯਤਨ ਕਰਦਾ ਰਿਹਾ ਹੈ। ਜਦੋਂ ਓਲੰਪਿਕਸ ਸਟਾਫ਼ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ ਤਾਂ ਇਸ ਨੇ ਸਟਾਫ਼ ਨਾਲ ਬਦਸਲੂਕੀ ਕੀਤੀ ਗਈ। ਜੇਕਰ ਇਸੇ ਕਿਸਮ ਦਾ ਸਲੂਕ ਜਾਰੀ ਰਿਹਾ ਤਾਂ ਮੰਤਰੀ ਦੀ ਮਾਨਤਾ ਮਨਸੂਖ ਕਰ ਦਿੱਤੀ ਜਾਵੇਗੀ ਅਤੇ ਓਲੰਪਿਕ ਪਿੰਡ ਜਾਂ ਖੇਡਾਂ ਵਾਲੀਆਂ ਥਾਵਾਂ ਤੇ ਉਨ੍ਹਾਂ ਨੂੰ ਮਿਲਦੀਆਂ ਸਹੂਲਤਾਂ ਵਾਪਿਸ ਲੈ ਲਈਆਂ ਜਾਣਗੀਆਂ।" ਸ਼ਾਇਦ ਓਲੰਪਿਕਸ ਇਤਿਹਾਸ ਵਿੱਚ ਕਿਸੇ ਦੇਸ਼ ਦੇ ਮੰਤਰੀ ਨੂੰ ਅਜਿਹੀ ਪਹਿਲੀ ਚੇਤਾਵਨੀ ਹੈ।

## ਸੈਣੀ ਇਤਿਹਾਸ




-ਦਵਿੰਦਰ ਸਿੰਘ ਗਿੱਲ(ਸੈਣੀ)

### ਮਹਾਂਪੁਰਸ਼ ਮਹੰਤ ਗਣੇਸ਼ਾ ਸਿੰਘ ਜੀ।

ਸੈਣੀ ਬਰਾਦਰੀ ਨੇ ਅਨੇਕਾਂ ਰੂਹਾਨੀ ਮਹਾਂਪੁਰਸ਼ ਪੈਦਾ ਕੀਤੇ ਹਨ ਜਿਨ੍ਹਾਂ ਨੇ ਆਪਣੇ ਉਪਦੇਸ਼ਾਂ ਤੇ ਧਾਰਮਿਕ ਕਾਰਜਾਂ ਰਾਹੀਂ ਮਾਨਵਤਾ ਦੀ ਸੇਵਾ ਕੀਤੀ ਹੈ। ਇਨ੍ਹਾਂ ਵਿੱਚ ਮਹੰਤ ਗਣੇਸ਼ਾ ਸਿੰਘ ਵੀ ਸ਼ਾਮਲ ਹਨ। ਉਹ ਸਿੱਖ ਧਰਮ ਦੇ ਨਿਰਮਲੇ ਸੰਤਾਂ ਦੀ ਕਟਈ ਸੰਪ੍ਰਦਾਏ ਨਾਲ ਸਬੰਧਿਤ ਸਨ। ਕਿਹਾ ਜਾਂਦਾ ਹੈ ਕਿ ਇਹ ਮਤ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਵਿੱਚੋਂ ਇੱਕ ਭਾਈ ਧਰਮ ਸਿੰਘ ਜੀ ਨੇ ਚਲਾਇਆ ਸੀ।

ਮਹੰਤ ਗਣੇਸ਼ਾ ਸਿੰਘ ਜੀ ਦੇ ਖਾਨਦਾਨ ਦਾ ਪਿਛੋਕੜ ਮੁਲਤਾਨ ਦਾ ਸੀ। ਇਨ੍ਹਾਂ ਦਾ ਇੱਕ ਬਜ਼ੁਰਗ ਭਾਈ ਧੰਨਾ ਸਿੰਘ ਹੋਇਆ ਜਿਸ ਦਾ ਪੁੱਤਰ ਆਸਾ ਸਿੰਘ ਸੀ। ਉਹ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿੱਚ ਨੌਕਰੀ ਕਰਦਾ ਸੀ। ਉਸ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ ਮਹਾਰਾਜਾ ਨੇ ਉਸ ਨੂੰ ਜਲੰਧਰ ਜ਼ਿਲ੍ਹੇ ਦਾ ਪਿੰਡ ਭੋਂਦੀ ਇਨਾਮ ਵਜੋਂ ਬਖਸ਼ਿਸ਼ ਕਰ ਦਿੱਤਾ। ਇਸ ਲਈ ਇਹ ਪਰਿਵਾਰ ਪਿੰਡ ਭੌਂਦੀ ਵਿੱਚ ਆ ਵਸਿਆ। ਪਰੰਤੂ ਸਮੇਂ ਦੇ ਚੱਕਰ ਅਧੀਨ ਕੁੱਝ ਸਮੇਂ ਬਾਅਦ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਲਹਣ ਚਲੇ ਗਿਆ। ਇਹ ਪਰਿਵਾਰ ਇਲਾਕੇ ਵਿੱਚ ਆਪਣੀ ਧਨ-ਦੌਲਤ ਕਾਰਨ ਅਮੀਰ ਗਿਣਿਆਂ ਜਾਂਦਾ ਸੀ। ਸ.ਆਸਾ ਸਿੰਘ ਦੇ ਦੋ ਪੁੱਤਰ ਸਨ ਜਿਨ੍ਹਾਂ ਵਿੱਚੋਂ ਵੱਡੇ ਸ.ਹੀਰਾ ਸਿੰਘ ਦੇ ਘਰ ਰਲਹਣ ਵਿਖੇ ਗਣੇਸ਼ਾ ਸਿੰਘ ਨੇ ਸੰਮਤ 1917 ਬਿੱਕਰਮੀ(1860 ਈ.) ਨੂੰ ਜਨਮ ਲਿਆ। ਉਹ ਜਨਮ ਤੋਂ ਹੀ ਸਾਧੂ ਬਿਰਤੀ ਵਾਲੇ ਸਨ। ਇਸ ਲਈ ਘਰ ਵਾਲਿਆਂ ਨੇ ਉਸ ਨੂੰ ਸੱਤ ਸਾਲ ਦੀ ਉਮਰ ਵਿੱਚ ਹੀ ਡੇਰਾ ਗੁਰੂਸਰ ਖੁੱਡਾ(ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਮਹੰਤ ਹੀਰਾ ਸਿੰਘ ਜੀ ਦੀ ਸ਼ਰਨ ਵਿੱਚ ਭੇਜ ਦਿੱਤਾ। ਮਹੰਤ ਹੀਰਾ ਸਿੰਘ ਵੀ ਪਿੰਡ ਖੁੱਡਾ ਦੇ ਸੈਣੀ ਪਰਿਵਾਰ ਨਾਲ ਸਬੰਧਿਤ ਸਨ। ਗਣੇਸ਼ਾ ਸਿੰਘ ਨੇ ਇਸ ਡੇਰੇ ਵਿੱਚ ਧਾਰਮਿਕ ਸਿੱਖਿਆ ਗ੍ਰਹਿਣ ਕੀਤੀ। ਇਸ ਡੇਰੇ ਨੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਦੀ ਕਾਲਜ ਪੱਧਰ ਤੱਕ ਸਿੱਖਿਆ ਪ੍ਰਾਪਤ ਕਰਨ ਵਿੱਚ ਬਹੁਤ ਮਦਦ ਕੀਤੀ ਜੋ ਕਿ ਅਜੇ ਵੀ ਜਾਰੀ ਹੈ। ਇੱਥੇ ਰੋਗੀਆਂ ਲਈ ਮੁਫਤ ਮੈਡੀਕਲ ਸਹਾਇਤਾ,ਰਾਹਗੀਰਾਂ ਲਈ ਰੈਣ ਬਸੇਰੇ ਅਤੇ ਲੰਗਰ ਦਾ ਪ੍ਰਬੰਧ ਹੈ।

ਗਣੇਸ਼ਾ ਸਿੰਘ ਤੇਜ਼ ਬੁੱਧੀ ਦੇ ਮਾਲਿਕ ਸਨ ਜਿਸ ਕਾਰਨ ਉਨ੍ਹਾਂ ਨੂੰ ਦਾਦਾ ਜੀ ਜੋ ਪੜ੍ਹਾਉਂਦੇ ਉਹ ਕੰਠ ਕਰ ਲੈਂਦੇ ਸਨ। ਇਸ ਪਰਕਾਰ ਉਹ ਜਲਦੀ ਹੀ ਮਹੰਤ ਹੀਰਾ ਸਿੰਘ ਜੀ ਦੀ ਅਸੀਮ ਕਿਰਪਾ ਦੇ ਪਾਤਰ ਬਣ ਗਏ। ਉਹ ਪੰਜ ਗ੍ਰੰਥੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖ ਕੇ ਚੰਗੇ ਪਾਠੀ ਬਣ ਗਏ। ਕੁੱਝ ਸਮੇਂ ਬਾਅਦ ਮਹੰਤ ਹੀਰਾ ਸਿੰਘ ਜੀ ਦੀ ਸਲਾਹ ਨਾਲ ਗਣੇਸ਼ਾ ਸਿੰਘ ਜੀ ਨੂੰ ਉੱਚ ਸਿੱਖਿਆ ਦੀ ਪ੍ਰਾਪਤੀ ਲਈ ਪੰਡਿਤ ਹਜ਼ੂਰਾ ਸਿੰਘ ਜੀ ਕੋਲ ਤਰਨਤਾਰਨ ਭੇਜ ਦਿੱਤਾ ਗਿਆ। ਉੱਥੇ ਉਨ੍ਹਾਂ ਨੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੇ ਉਘੇ ਗ੍ਰੰਥਾਂ ਦਾ ਅਧਿਐਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਵਿੱਚ ਅੰਗਰੇਜ਼ੀ ਤੇ ਉਰਦੂ ਭਾਸ਼ਾਵਾਂ ਦਾ ਗਿਆਨ ਹਾਸਲ ਕੀਤਾ। ਉਹ ਲਗਭਗ 11 ਸਾਲ ਤਰਨਤਾਰਨ ਰਹੇ ਜਿੱਥੋਂ ਉਹ ਡੇਰਾ ਅੰਤਰਜਾਮੀਆਂ, ਅੰਮ੍ਰਿਤਸਰ ਵਿਖੇ ਮਹੰਤ ਸਾਧੂ ਸਿੰਘ ਜੀ ਕੋਲ ਆ ਗਏ। ਉੱਥੇ ਉਹ ਗੁਰਬਾਣੀ ਅਤੇ ਖਾਸ ਕਰਕੇ ਆਯੁਰਵੈਦਿਕ ਗ੍ਰੰਥਾਂ ਦਾ ਅਧਿਐਨ ਤੇ ਹੋਰ ਵਿਦਿਆਵਾਂ ਦਾ ਅਧਿਐਨ ਕਰਕੇ ਸਫਲ ਵਿਦਵਾਨ ਤੇ ਸੁੱਘੜ ਵੈਦ ਬਣ ਗਏ। ਉਨ੍ਹਾਂ ਦੀ ਵਿਦਵਤਾ ਦੀ ਕਨਸੋਅ ਨਿਰਮਲ ਪੰਚਾਇਤੀ ਅਖਾੜੇ ਤੱਕ ਵੀ ਪਹੁੰਚ ਗਈ। ਜਿਨ੍ਹਾਂ ਨੇ ਉਨ੍ਹਾਂ ਨੂੰ 1906 ਵਿੱਚ ਏਕੜ ਦਾ ਮਹੰਤ ਨਿਯੁਕਤ ਕਰ ਦਿੱਤਾ। ਇੱਥੋਂ ਦਾ ਪ੍ਰਬੰਧ ਉਨ੍ਹਾਂ ਨੇ ਬੜੀ ਸੁੱਘੜਤਾ ਤੇ ਪ੍ਰਬੀਨਤਾ ਨਾਲ ਕੀਤਾ। ਉਹ ਕੁੱਝ ਅਰਸਾ ਪਟਿਆਲਾ ਵਿਖੇ ਮਹਾਰਾਜਾ ਭੁਪਿੰਦਰ ਸਿੰਘ ਕੋਲ ਕੋਰਟ ਹਿਸਟੋਰੀਅਨ ਵੀ ਰਹੇ ਅਤੇ ਪਟਿਆਲਾ ਰਿਆਸਤ ਦਾ ਇਤਿਹਾਸ ਵੀ ਲਿਖਿਆ। ਇਹ ਵੀ ਕਿਹਾ ਜਾਂਦਾ ਹੈ ਕਿ ਇੱਥੇ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਆਪਣੇ ਹੱਥੀਂ ਲਿਖ ਕੇ ਤਿਆਰ ਕੀਤੀਆਂ ਸਨ।



ਏਕੜ ਅਖਾੜੇ ਦੇ ਮਹੰਤ ਹੋਣ ਸਮੇਂ ਆਪ ਨੂੰ ਨਿਰਮਲ ਪੰਚਾਇਤੀ ਅਖਾੜੇ ਦਾ ਸੈਕਟਰੀ ਬਣਾ ਦਿੱਤਾ ਗਿਆ। ਆਪ ਨੇ ਇਸ ਅਖਾੜੇ ਦੇ ਨਿਯਮਾਂ ਵਿੱਚ ਸੋਧ ਕਰਕੇ 1914 ਵਿੱਚ ਨਵੇਂ ਸਿਰੇ ਤੋਂ ਰਜਿਸਟਰ ਕਰਵਾਇਆ। ਸੰਨ 1927 ਵਿੱਚ ਇਸ ਡੇਰੇ ਦੇ ਮਹੰਤ ਦੀ ਮੌਤ ਤੋਂ ਬਾਅਦ ਗਣੇਸ਼ਾ ਸਿੰਘ ਨੂੰ ਇੱਥੋਂ ਦਾ ਮਹੰਤ ਬਣਾ ਦਿੱਤਾ ਗਿਆ। ਗਣੇਸ਼ਾ ਸਿੰਘ ਜੀ 1954 ਈ. ਤੱਕ 27 ਸਾਲ ਇਸ ਡੇਰੇ ਦੇ ਮਹੰਤ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਅਨੇਕ ਪ੍ਰਕਾਰ ਦੀ ਸਾਹਿਤ ਰਚਨਾ ਕੀਤੀ। "ਵੈਦਿਕ ਭੰਡਾਰ ਅੰਮ੍ਰਿਤਸਰ" ਨਾਂ ਹੇਠ ਵੈਦਿਕ ਦਵਾਖਾਨਾ ਖੋਲ੍ਹਿਆ ਜਿੱਥੇ ਉਹ ਰੋਗੀਆਂ ਦੇ ਕਸ਼ਟ ਨਵਿਰਤ ਕਰਦੇ ਰਹੇ। ਉਨ੍ਹਾਂ ਨੇ ਇੱਕ ਸਪਤਾਹਿਕ ਅਖਬਾਰ "ਨਿਰਮਲ ਪੱਤਰ" ਵੀ ਪ੍ਰਕਾਸ਼ਿਤ ਕੀਤਾ। ਪੁਰਾਤਨ ਹਵਾਲਿਆਂ ਅਨੁਸਾਰ ਉਨ੍ਹਾਂ ਨੇ 34 ਸਟੀਕ ਤੇ ਮੌਲਿਕ ਗ੍ਰੰਥਾਂ ਦੀ ਰਚਨਾ ਕੀਤੀ। ਪਰੰਤੂ ਉਨ੍ਹਾਂ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਕਿਸੇ ਨੇ ਇਨ੍ਹਾਂ ਗ੍ਰੰਥਾਂ ਦੀ ਸੰਭਾਲ ਨਹੀਂ ਕੀਤੀ ਜਿਸ ਕਾਰਨ ਇਨ੍ਹਾਂ ਵਿੱਚੋਂ ਬਹੁਤੇ ਸਮੇਂ ਦੀ ਭੇਟ ਚੜ੍ਹ ਗਏ।

ਮਹੰਤ ਗਣੇਸ਼ਾ ਸਿੰਘ ਜੀ ਦੇ ਗ੍ਰੰਥ 'ਸਾਖੀ ਪ੍ਰਮਾਣ(1908)';'ਸਟੀਕ ਪੰਜ ਗ੍ਰੰਥੀ (1948);'ਜੇਬੀ ਵੈਦ(1925)';'ਨਿਰਮਲ ਵੈਦ(1951) ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੀ ਲਾਇਬ੍ਰੇਰੀ ਵਿੱਚ ਮੌਜੂਦ ਹਨ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਦੀ ਪੁਸਤਕ 'ਸਲੋਕ ਸਹਸਕ੍ਰਿਤੀ ਸਮੇਤ ਗਾਥਾ ਸਟੀਕ(1918)'ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿੱਚ ਸਾਂਭੀ ਪਈ ਹੈ।ਆਪ ਨੂੰ ਪ੍ਰਸਿੱਧੀ ਖੋਜਭਰਪੂਰ ਪੁਸਤਕ 'ਭਾਰਤ ਮਤ ਦਰਪਣ(1926) ਲਿਖਣ ਤੇ ਪ੍ਰਾਪਤ ਹੋਈ ਜਿਸ ਵਿੱਚ ਭਾਰਤ ਦੇ ਦੋ ਸੌ(200) ਮਤਾਂ ਦੇ ਸਿਧਾਂਤ ਅਤੇ ਉਨ੍ਹਾਂ ਦੇ ਇਤਿਹਾਸ ਲਿਖੇ ਗਏ ਹਨ।ਇਹ ਪੁਸਤਕ ਵਾਰਤਕ ਦਾ ਸੁਚੱਜਾ ਨਮੂਨਾ ਹੈ। ਸੰਨ 1937 ਵਿੱਚ ਉਨ੍ਹਾਂ ਨੇ ਗ੍ਰੰਥ 'ਨਿਰਮਲ ਭੂਸ਼ਣ ਅਰਥਾਤ ਇਤਿਹਾਸ ਨਿਰਮਲ ਭੇਖ' ਦੀ ਰਚਨਾ ਕੀਤੀ ।ਇਸ 464 ਪੰਨਿਆਂ ਦੇ ਗ੍ਰੰਥ ਵਿੱਚ ਭੇਖ ਦੀਆਂ ਵੱਖ ਵੱਖ ਸੰਪ੍ਰਦਾਵਾਂ ਨੂੰ ਵੇਰਵੇ ਸਹਿਤ ਅੰਕਿਤ ਕੀਤਾ ਗਿਆ ਹੈ।ਉਨ੍ਹਾਂ ਨੇ 1929 ਵਿੱਚ ਪੁਸਤਕ 'ਇਸਤਰੀ ਚਕਿਤਸਾ' ਦੀ ਰਚਨਾ ਕੀਤੀ।ਵਾਰਤਕ ਲਿਖਾਰੀ ਹੋਣ ਦੇ ਨਾਲ ਉਹ ਉਚ ਕੋਟੀ ਦੇ ਕਵੀ ਵੀ ਸਨ।ਭਾਵੇਂ ਉਨ੍ਹਾਂ ਦਾ ਕੋਈ ਕਾਵਿ-ਸੰਗ੍ਰਿਹ ਪ੍ਰਕਾਸ਼ਿਤ ਨਹੀਂ ਹੋਇਆ ਨਹੀਂ ਮਿਲਦਾ। ਉਨ੍ਹਾਂ ਨੇ ਬ੍ਰਿਜ ਭਾਸ਼ਾ ਵਿੱਚ ਕਾਵਿ ਬੰਦਾਂ ਦੀ ਰਚਨਾ ਕੀਤੀ ਜਿਸ ਦੀਆਂ ਕੁੱਝ ਵੰਨਗੀਆਂ ਹੇਠ ਦਿੱਤੀਆਂ ਜਾਂਦੀਆਂ ਹਨ :

ਜਿਨ ਸ੍ਰੀ ਹਰਿਮੰਦਰ ਦੇਖ ਲਯੋ,
ਜਗਨਨਾਥ ਦਿਦਾਰ ਕੀਯਾ ਨ ਕੀਯਾ।
ਜਿਨ ਕੀਨ ਸਨਾਨ ਸੁਧਾਸਰ ਮੇਂ,
ਤਿਨ ਗੰਗ ਸਨਾਨ ਕੀਯਾ ਨ ਕੀਯਾ।
ਪਾਪ ਦੁੱਖ ਨਾਸਨੀ ਗਣੇਸ਼ ਸਿੰਘ ਸੰਤ ਕਹੈ,
ਮੋਖ ਪਥ ਦਾਇਨੀ ਹੈ ਗੰਗ ਹਰਿਦਵਾਰ ਤੇ।
ਸੀਤਲ ਸਮੁੰਦ ਮੰਦ ਵਾਉ ਭਾਉ ਭਾਰੀ ਚਲੈ,
ਟਲੇ ਹੈ ਗਣੇਸ਼ਾ ਸਿੰਘ ਕ੍ਰੋਧ ਲੋਭ ਮਾਰਤੇ।
ਮੇਰੁ ਲੌ ਕੈਲਾਸ ਸੁਰਲੋਕ ਮੈ ਨ ਓਕ ਏਵ,
ਦੇਵ ਬਲਿਹਾਰੈ ਕਨਖਲ ਹਰਿਦਵਾਰ ਤੇ।

ਮਹੰਤ ਗਣੇਸ਼ਾ ਸਿੰਘ ਰੋਜ਼ਾਨਾ ਡਾਇਰੀ ਲਿਖਣ ਦੇ ਵੀ ਆਦੀ ਸਨ। ਲੇਖਕ ਨੂੰ ਸਵਰਗੀ ਮਹੰਤ ਲਾਲ ਸਿੰਘ ਜੀ ਨੇ ਦੱਸਿਆ ਸੀ ਕਿ ਜਦੋਂ ਨਨਕਾਣਾ ਸਾਹਿਬ ਦਾ ਸਾਕਾ ਵਰਤਿਆ ਸੀ ਤਾਂ ਮਹੰਤ ਗਣੇਸ਼ਾ ਸਿੰਘ ਜੀ ਮੌਕੇ ਤੇ ਮੌਜੂਦ ਸਨ।ਉਨ੍ਹਾਂ ਨੇ ਇਹ ਸਾਰਾ ਦੁਖਦਾਈ ਵਿਰਤਾਂਤ ਆਪਣੀ ਡਾਇਰੀ ਵਿੱਚ ਵਿਸਤਾਰਸਹਿਤ ਲਿਖਿਆ ਸੀ।ਉਨ੍ਹਾਂ ਦੀ ਇਹ ਡਾਇਰੀ ਦੀ ਤਲਾਸ਼ ਕਰਨੀ ਚਾਹੀਦੀ ਹੈ ਤਾਂ ਜੋ ਇਤਿਹਾਸ ਹੋਰ ਉਜਾਗਰ ਹੋ ਸਕੇ।ਮਹੰਤ ਗਣੇਸ਼ਾ ਸਿੰਘ ਜੀ ਜੁਲਾਈ 1954 ਵਿੱਚ ਦਸੂਹਾ ਰੇਲਵੇ ਸਟੇਸ਼ਨ ਤੇ ਗੱਡੀ ਵਿੱਚੋਂ ਉਤਰਨ ਸਮੇਂ ਦੁਰਘਟਨਾ ਦਾ ਸ਼ਿਕਾਰ ਹੋ ਕੇ ਬ੍ਰਹਮਲੀਨ ਹੋ ਗਏ।ਇੰਜ ਸਾਹਿਤ ਤੇ ਸਿੱਖ ਇਤਿਹਾਸ ਦਾ ਸਿਰਜਕ ਅਤੇ ਸੁੱਘੜ ਵਿਦਵਾਨ ਸਦਾ ਲਈ ਇਤਿਹਾਸ ਦਾ ਪੰਨਾ ਬਣ ਗਿਆ।

*ਪਿੰਡ ਜੀਆ ਨੱਥਾ ਜ਼ਿਲ੍ਹਾ ਹੁਸ਼ਿਆਰਪੁਰ

## ਸੱਜਣ ਦੀ ਸੱਜਣਤਾਈ

ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਆਪਣੇ ਨਾਂ 'ਤੇ ਪੂਰੇ ਉੱਤਰੇ ਹਨ। ਹੋਇਆ ਇਹ ਕਿ ਇਸ ਦੇਸ਼ ਦੀ ਇੱਕ ਦੋ ਸਾਲਾ ਨੰਨ੍ਹੀ ਬੱਚੀ, ਸੋਫ਼ੀਆ ਆਪਣੇ ਮਾਂਬਾਪ ਨਾਲ ਕੈਨੇਡਾ ਡੇ ਮਨਾਉਣ ਲਈ ਓਟਾਵਾ ਜਾ ਰਹੀ ਸੀ।ਇਸ ਬੱਚੀ ਦੀ ਤੀਬਰ ਇੱਛਾ ਰੱਖਿਆ ਮੰਤਰੀ ਨੂੰ ਮਿਲਣ ਦੀ ਸੀ। ਕਿਸੇ ਕਾਰਨ, ਬਿਨਾਂ ਇਹ ਸਮਾਗਮ ਅਟੈਂਡ ਕੀਤਿਆਂ ਉਨ੍ਹਾਂ ਨੂੰ ਵਾਪਿਸ ਮੁੜਨਾ ਪੈ ਗਿਆ। ਇਸ 'ਤੇ ਬੱਚੀ ਡੁਸਕਣ ਲੱਗ



ਪਈ ਕਿ ਉਸ ਨੇ ਸ.ਹਰਜੀਤ ਸਿੰਘ ਸੱਜਣ ਨੂੰ ਜ਼ਰੂਰ ਮਿਲਣਾ ਹੈ। ਉਸ ਦੇ ਪਿਤਾ ਨੇ ਹੰਝੂ ਕੇਰਦੀ ਸੋਫ਼ੀਆ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਪਾ ਦਿੱਤੀ, ਜਿਸ ਨੂੰ ਸੱਜਣ ਸਾਹਿਬ ਨੇ ਦੇਖ ਲਿਆ ਅਤੇ ਉਨ੍ਹਾਂ ਨੇ ਟਵਿਟਰ 'ਤੇ ਸੋਫ਼ੀਆ ਨੂੰ ਮਿਲਣ ਦਾ ਵਾਇਦਾ ਕੀਤਾ। ਕੁੱਝ ਦਿਨਾਂ ਬਾਅਦ ਹੀ ਮੰਤਰੀ ਜੀ ਨੇ ਸੋਫ਼ੀਆ ਅਤੇ ਉਸ ਦੇ ਪਰਿਵਾਰ ਨੂੰ ਓਟਾਵਾ ਬੁਲਾਇਆ। ਉਨ੍ਹਾਂ ਨੇ ਬੱਚੀ ਦਾ ਹੱਥ ਫੜ ਕੇ ਪਾਰਲੀਮੈਂਟ ਦਾ ਗੇੜਾ ਲਵਾਇਆ ਅਤੇ ਉਸ ਨੂੰ ਤੋਹਫ਼ੇ ਵੀ ਦਿੱਤੇ।ਇਹ ਹੈ ਸੱਚੇ ਸੁੱਚੇ ਮਹਾਨ ਵਿਅਕਤੀਆਂ ਦੀ ਵਡੱਤਣ। ਯਾਦ ਕਰਾਇਆ ਜਾਂਦਾ ਹੈ ਕਿ ਸ.ਹਰਜੀਤ ਸਿੰਘ ਸੱਜਣ ਸੈਣੀ ਬਰਾਦਰੀ ਨਾਲ ਸਬੰਧਿਤ ਹਨ।

ਜ਼ਰਾ ਆਪਣੇ ਦੇਸ਼ ਦੇ ਮੰਤਰੀਆਂ ਦੇ ਵਰਤਾਵ 'ਤੇ ਵੀ ਨਜ਼ਰ ਮਾਰੀਏ ਜਿਨ੍ਹਾਂ ਪਾਸ ਬੱਚੇ ਨੂੰ ਤਾਂ ਕੀ ਵੱਡੇ ਆਮ ਵਿਅਕਤੀ ਨੂੰ ਵੀ ਮਿਲਣ ਦੀ ਫ਼ੁਰਸਤ ਨਹੀਂ।ਉਨ੍ਹਾਂ ਲਈ ਅਜਿਹੀ ਸੱਜਣਤਾਈ ਬੇਮਾਅਨਾ ਤੇ ਨਿਗੂਣੀ ਹੈ।ਫਿਰ ਵੀ ਮੇਰਾ ਦੇਸ਼ ਮਹਾਨ।

ਇੱਥੋਂ ਕੁਲ ਪਰਿੰਦੇ ਉਡ ਗਏ,
ਇੱਥੋਂ ਮੇਘ ਆਉਂਦੇ ਵੀ ਮੁੜ ਗਏ,
ਇੱਥੇ ਕਰਨ ਅੱਜ-ਕਲ੍ਹ ਬਿਰਖ ਵੀ,
ਕਿਤੇ ਹੋਰ ਜਾਣ ਦੇ ਮਸ਼ਵਰੇ।

-ਸੁਰਜੀਤ ਪਾਤਰ

ਤਿਮਾਹੀ (ਜੁਲਾਈ-ਸਤੰਬਰ 2016) ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ

ਬਲਬੀਰ ਸਿੰਘ ਸੈਣੀ
ਜਨਰਲ ਸਕੱਤਰ



## ਮੈਗਜ਼ੀਨ ਰਿਲੀਜ਼ ਸਮਾਰੋਹ-

ਤਿਮਾਹੀ ਮੈਗਜ਼ੀਨ'ਸੈਣੀ ਸੰਸਾਰ' ਦੇ 22ਵੇਂ ਅੰਕ ਦਾ ਰਿਲੀਜ਼ ਸਮਾਰੋਹ 2 ਜੁਲਾਈ,2016 ਨੂੰ ਸੈਣੀ ਭਵਨ ਦੇ ਹਾਲ ਵਿੱਚ ਆਯੋਜਿਤ ਕੀਤਾ ਗਿਆ।ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸ. ਹਰਭਾਗ ਸਿੰਘ ਸੈਣੀ (ਦੋਸੂਮਾਜਰਾ) ਨੇ ਮੁੱਖ ਮਹਿਮਾਨ ਵਜੋਂ ਮੈਗਜ਼ੀਨ ਨੂੰ ਰਿਲੀਜ਼ ਕਰਨ ਦੀ ਰਸਮ ਪੂਰੀ ਕੀਤੀ।ਇਸ ਸਮੇਂ ਸੈਣੀ ਭਵਨ ਦੇ ਟਰਸਟਾਂ ਦੀ ਬਣਤਰ,ਕੰਮਾਂ,ਸਿਖਲਾਈ ਸੰਸਥਾਵਾਂ ਦੀ ਜਾਣਕਾਰੀ ਅਤੇ ਸਬੰਧਿਤ ਹਰ ਪ੍ਰਕਾਰ ਦੇ ਪ੍ਰਫਾਰਮਿਆਂ ਵਾਲੇ ਨਵੇਂ ਪ੍ਰਾਸਪੈਕਟ ਨੂੰ ਵੀ ਰਿਲੀਜ਼ ਕੀਤਾ ਗਿਆ। ਮੁੱਖ ਮਹਿਮਾਨ ਨੇ ਸੈਣੀ ਭਵਨ ਦੀਆਂ ਸਮਾਜਸੇਵੀ ਸਰਗਰਮੀਆਂ ਅਤੇ ਇਸ ਦੀ ਪਾਰਦਰਸ਼ੀ ਕਾਰਜਵਿਧੀ ਦੀ ਭਰਪੂਰ ਪ੍ਰਸ਼ੰਸਾ ਕੀਤੀ।ਉਨ੍ਹਾਂ ਨੇ ਬਰਾਦਰੀ ਦੀਆਂ ਯੋਗ ਮੰਗਾਂ ਦੀ ਪੂਰਤੀ ਹਿਤ ਏਕਤਾ ਤੇ ਜ਼ੋਰ ਦਿੰਦਿਆਂ ਸਾਰਿਆਂ ਨੂੰ ਸੈਣੀ ਭਵਨ ਨਾਲ ਜੁੜਨ ਦੀ ਅਪੀਲ ਕੀਤੀ।ਇਸ ਸੰਸਥਾ ਦੇ ਲੋਕ-ਪੱਖੀ ਕਾਰਜਾਂ ਨੂੰ ਤੇਜ਼ ਕਰਨ ਦੇ ਮੰਤਵ ਨਾਲ ਮੁੱਖ ਮਹਿਮਾਨ ਜੀ ਨੇ 11000 ਰੁਪਏ ਦੀ ਵਿਤੀ ਸਹਾਇਤਾ ਕਰਦਿਆਂ ਅੱਗੋਂ ਲਈ ਹਰ ਪ੍ਰਕਾਰ ਦਾ ਸਹਿਯੋਗ ਦੇਣ ਦੀ ਇੱਛਾ ਪ੍ਰਗਟ ਕੀਤੀ।ਸੰਸਥਾ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਸਭ ਨੂੰ 'ਜੀ ਆਇਆਂ' ਕਿਹਾ ਤੇ ਸ਼੍ਰੀ ਐਲ.ਆਰ.ਮੁੰਦਰਾ ਜੀ ਨੇ ਧੰਨਵਾਦ ਕੀਤਾ।ਸਟੇਜ ਦਾ ਸੰਚਾਲਨ ਸ਼੍ਰੀ ਰਾਜਿੰਦਰ ਸੈਣੀ ਨੇ ਬਾਖੂਬੀ ਕੀਤਾ।ਇਸ ਸਮੇਂ ਸ.ਜ਼ੋਰਾਵਰ ਸਿੰਘ ਬਿੱਟੂ,ਸ਼੍ਰੀ ਰਾਜੇਸ਼ਵਰ ਲਾਲੀ,ਸ਼੍ਰੀ ਸਵਤੰਤਰ ਸੈਣੀ,ਸ.ਹਰਜੀਤ ਸਿੰਘ ਲੌਂਗੀਆ, ਐਡਵੋਕੇਟ ਹਰਸਿਮਰ ਸਿੰਘ ਸਿੱਟਾ ,ਸ਼੍ਰੀ ਬੀ.ਐਸ.ਸੈਣੀ ਅਤੇ ਸੈਣੀ ਭਵਨ ਦੇ ਪ੍ਰਬੰਧਕ ਹਾਜ਼ਰ ਸਨ।

## ਖੂਨਦਾਨ ਕੈਂਪ-

ਸੰਸਥਾ ਦਾ 6ਵਾਂ ਖੂਨਦਾਨ ਕੈਂਪ 2 ਜੁਲਾਈ,2016 ਨੂੰ ਸੈਣੀ ਭਵਨ ਵਿਖੇ ਲਗਾਇਆ ਗਿਆ।ਇਸ ਵਿੱਚ ਲਾਇਫ ਲਾਈਨ ਬਲੱਡ ਡੋਨਰ ਸੁਸਾਇਟੀ ਰੂਪਨਗਰ ਅਤੇ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਨੇ ਪੂਰਨ ਸਹਿਯੋਗ ਦਿੱਤਾ।ਚੰਡੀਗੜ੍ਹ ਤੋਂ'ਰੋਟਰੀ ਐਂਡ ਬਲੱਡ ਬੈਂਕ ਸੁਸਾਇਟੀ ਰਿਸੋਰਸ ਸੈਂਟਰ'ਦੀ ਮੈਡੀਕਲ ਟੀਮ ਨੇ ਖੂਨ ਲੈਣ ਦਾ ਪਵਿਤਰ ਕਾਰਜ ਪੂਰੀ ਸੁਯੋਗਤਾ ਨਾਲ ਨੇਪਰੇ ਚਾੜ੍ਹਿਆ।ਇਸ ਕੈਂਪ ਦਾ ਉਦਘਾਟਨ ਰੂਪਨਗਰ ਜ਼ਿਲ੍ਹੇ ਦੇ ਐਸ.ਪੀ.(ਹੈੱਡ ਕੁਆਰਟਰ) ਸ.ਵਜ਼ੀਰ ਸਿੰਘ ਖਹਿਰਾ ਅਤੇ ਸੰਤ ਅਵਤਾਰ ਸਿੰਘ(ਗੁਰੂਦੁਆਰਾ ਹੈੱਡ ਦਰਬਾਰ) ਨੇ ਆਪਣੇ ਕਰ ਕਮਲਾਂ ਨਾਲ ਕੀਤਾ।ਇਸ ਸਮੇਂ 60 ਵਿਅਕਤੀਆਂ ਨੇ ਖੂਨਦਾਨ ਕੀਤਾ ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਸ਼੍ਰੀ ਤਰਸੇਮ ਸੈਣੀ ਨੰਗਲ,ਸ.ਸਰਬਜੀਤ ਸਿੰਘ ਏ.ਐਸ.ਆਈ., ਸ.ਦਲਜੀਤ ਸਿੰਘ, ਸ.ਜਗਮੋਹਣ ਸਿੰਘ ਗੁੱਡਾ, ਸ.ਜਸਵੰਤ ਸਿੰਘ ਹਵੇਲੀ, ਸ.ਭੁਪਿੰਦਰ ਸਿੰਘ, ਸ਼੍ਰੀ ਹਰਦੀਪ ਸੈਣੀ,ਸ਼੍ਰੀ ਰਵੀ ਕੁਮਾਰ, ਸ਼੍ਰੀ ਅਮਿਤ ਸੈਣੀ ਤੇ ਸ.ਕੰਵਲਜੀਤ ਸਿੰਘ ਬਾਬਾ ਸ਼ਾਮਿਲ ਸਨ ਜਿਨ੍ਹਾਂ ਨੂੰ ਬਹੁਤੀ ਵਾਰ ਖੂਨ ਦੇਣ ਕਾਰਨ ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੈਣੀ ਭਵਨ ਦੇ ਟਰੱਸਟੀਆਂ ਤੇ ਪ੍ਰਬੰਧਿਕ ਕਮੇਟੀ ਮੈਂਬਰਾਂ ਤੋਂ ਇਲਾਵਾ ਸ਼੍ਰੀਮਤੀ ਪਲਵਿੰਦਰ ਕੌਰ ਰਾਣੀ ਵੀ ਹਾਜ਼ਿਰ ਸਨ ਜਿਨ੍ਹਾਂ ਨੇ ਸੈਣੀ ਭਵਨ ਨੂੰ 2100 ਰੁਪਏ ਦਾਨ ਵਜੋਂ ਦਿੱਤੇ।ਰੂਪਨਗਰ ਦੇ ਸਾਬਕਾ ਐਸ.ਡੀ.ਐਮ.(ਹੁਣ ਬਾਬਾ ਬਕਾਲਾ) ਸ.ਤੇਜਦੀਪ ਸਿੰਘ ਸੈਣੀ ਦੇ ਪਿਤਾ ਸ.ਸੁਖਵਿੰਦਰ ਸਿੰਘ ਨੇ ਸੰਸਥਾ ਦੀਆਂ ਸਮਾਜਸੇਵੀ ਕਾਰਵਾਈਆਂ ਦੀ ਸਹਾਇਤਾ ਲਈ 50000 ਰੁਪਏ ਦੀ ਵਿਤੀ ਸਹਾਇਤਾ ਕੀਤੀ।(ਇੱਕ ਮਹੀਨਾ ਪਹਿਲਾਂ ਐਸ.ਡੀ.ਐਮ.ਸਾਹਿਬ ਨੇ ਵੀ ਰੂਪਨਗਰ ਤੋਂ ਵਿਦਾਇਗੀ ਸਮੇਂ ਇਸ ਸੰਸਥਾ ਨੂੰ 50000 ਰੁਪਏ ਦਿੱਤੇ ਸਨ)।

## ਤੀਆਂ ਦਾ ਤਿਉਹਾਰ ਸਮਾਗਮ-

ਸੈਣੀ ਭਵਨ ਦੇ ਸਿਖਲਾਈ ਸੈਂਟਰਾਂ ਵਿੱਚ ਪੜ੍ਹਦੀਆਂ ਸਿਖਿਆਰਥਣਾ ਨੇ 27 ਜੁਲਾਈ 2016 ਨੂੰ ਇਸ ਸੰਸਥਾ ਵਿਖੇ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ।ਇੰਨਰਵ੍ਹੀਲ ਕਲੱਬ ਰੂਪਨਗਰ ਦੇ ਅਹੁਦੇਦਾਰਾਂ ਨੇ ਇਸ ਵਿੱਚ ਸਰਗਰਮ ਭੂਮਿਕਾ ਨਿਭਾਈ।ਖੁਸ਼ੀਆਂ ਭਰੇ ਇਸ ਸਮਾਗਮ ਦਾ ਆਰੰਭ ਸ਼੍ਰੀਮਤੀ ਚੰਦਰ ਕਾਂਤਾ ਪੀ.ਈ.ਐਸ. (ਰਿਟਾ.) ਪਤਨੀ ਸਵ.ਰਾਜਿੰਦਰ ਸਿੰਘ ਸੈਣੀ (ਬੇਲਾ) ਨੇ ਆਪਣੇ ਕਰ ਕਮਲਾਂ ਨਾਲ ਕੀਤਾ।ਉਨ੍ਹਾਂ ਦਾ ਸਹਿਯੋਗ ਇੰਨਰਵ੍ਹੀਲ ਕਲੱਬ ਦੀਆਂ ਸਾਥਣਾ-ਪ੍ਰਧਾਨ, ਸ਼੍ਰੀਮਤੀ ਤ੍ਰਿਪਤਾ ਚਾਨਣਾ, ਸ਼੍ਰੀਮਤੀ ਕਿਰਨ ਤ੍ਰਿਪਾਠੀ, ਸ਼੍ਰੀਮਤੀ ਅਮਿਤਾ ਬਵੇਜਾ, ਸ਼੍ਰੀਮਤੀ ਜਸਪਾਲ ਕੌਰ, ਸ਼੍ਰੀਮਤੀ ਹਰਜੀਤ ਕੌਰ ਤੇ ਸ਼੍ਰੀਮਤੀ ਜਤਿੰਦਰ ਕੌਰ ਨੇ ਦਿੱਤਾ। ਲੜਕੀਆਂ ਨੇ ਬਹੁਤ ਹੀ ਮਨੋਰੰਜਕ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ।ਸੰਸਥਾ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਸਭ ਦਾ ਸਵਾਗਤ ਕਰਦਿਆਂ ਨੌਜਵਾਨ ਲੜਕੀਆਂ ਨੂੰ ਹਰ ਹਾਲਤ ਵਿੱਚ ਮੁਸਕਾਂਦਿਆਂ ਆਪਣੇ ਪਰਿਵਾਰਿਕ ਮੈਂਬਰਾਂ ਦਾ ਦਿਲ ਜਿੱਤਣ ਲਈ ਕਿਹਾ। ਮੁੱਖ ਮਹਿਮਾਨ ਜੀ ਨੇ ਪੀਘਾਂ ਝੂਟਣ ਦੇ ਆਪਣੇ ਸਮੇਂ ਨੂੰ ਯਾਦ ਕਰਦਿਆਂ ਸਮਾਜ ਵਿੱਚ ਖੁਸ਼ੀਆਂ ਭਰਿਆ ਮਾਹੌਲ ਸਿਰਜਣ ਦੀ ਸਭ ਨੂੰ ਨਸੀਹਤ ਕੀਤੀ। ਸੰਸਥਾ ਦੇ ਟਰਸਟੀ ਡਾ.ਜਸਵੰਤ ਕੌਰ ਨੇ ਤੀਆਂ ਦੇ ਤਿਉਹਾਰ ਦੇ ਪਿਛੋਕੜ ਅਤੇ ਮਹੱਤਤਾ ਤੋਂ ਜਾਣੂ ਕਰਵਾਇਆ। ਸਟੇਜ ਸੰਚਾਲਨ ਸ਼੍ਰੀ ਰਾਜਿੰਦਰ ਸੈਣੀ ਨੇ ਬਹੁਤ ਵਧੀਆ ਢੰਗ ਨਾਲ ਕੀਤਾ।ਸੈਣੀ ਭਵਨ ਦੇ ਸਮਾਜਸੇਵੀ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਸ਼੍ਰੀਮਤੀ ਚੰਦਰ ਕਾਂਤਾ ਨੇ ਇਸ ਸੰਸਥਾ ਨੂੰ 5100 ਰੁਪਏ ਦਾਨ

ਦਿੱਤੇ।ਲੜਕੀਆਂ ਦੇ ਪ੍ਰੋਗਰਾਮ ਤੋਂ ਖੁਸ਼ ਹੋ ਕੇ ਸ਼੍ਰੀਮਤੀ ਤ੍ਰਿਪਤਾ ਚਾਨਣਾ ਨੇ ਇੰਨਰਵ੍ਹੀਲ ਕਲੱਬ ਵਲੋਂ 2100 ਰੁਪਏ ਅਤੇ ਸ਼੍ਰੀ ਐਲ.ਆਰ.ਮੁੰਦਰਾ ਨੇ 1000 ਰੁਪਏ ਦਿੱਤੇ।ਪ੍ਰੋਗਰਾਮ ਦੇ ਅੰਤ ਵਿੱਚ ਸਭ ਨੇ ਮਿਲ ਕੇ ਖਾਣ-ਪੀਣ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।ਇਸ ਸਮੇਂ ਸੈਣੀ ਭਵਨ ਦੇ ਕਈ ਮੈਂਬਰ ਵੀ ਹਾਜ਼ਿਰ ਸਨ।

### ਮਹਾਂਦਾਨੀ ਦਾ ਜਨਮ ਦਿਨ-

ਸੈਣੀ ਭਵਨ ਦੇ ਚੇਅਰਮੈਨ ਸ਼੍ਰੀ ਐਲ.ਆਰ.ਮੁੰਦਰਾ, ਪ੍ਰਧਾਨ ਸ.ਅਜਮੇਰ ਸਿੰਘ, ਟਰੱਸਟੀ ਸ.ਰਾਮ ਸਿੰਘ ਅਤੇ ਸ਼੍ਰੀ ਰਾਜਿੰਦਰ ਸੈਣੀ ਨੇ ਇਸ ਸੰਸਥਾ ਦੇ ਮਹਾਂਦਾਨੀ ਲੈਫ.ਕਰਨਲ (ਰਿਟਾ.) ਜੀ.ਆਰ.ਸੈਣੀ ਨੂੰ,ਉਨ੍ਹਾਂ ਦੇ 99ਵੇਂ ਜਨਮ ਦਿਨ 'ਤੇ 9 ਅਗਸਤ,2016 ਨੂੰ ਉਨ੍ਹਾਂ ਦੀ ਰਿਹਾਇਸ਼,ਹੁਸ਼ਿਆਰਪੁਰ ਵਿਖੇ ਜਾ ਕੇ ਵਧਾਈ ਦਿੱਤੀ।ਪ੍ਰਬੰਧਕਾਂ ਨੇ ਕਰਨਲ ਸਾਹਿਬ ਨੂੰ ਬੁੱਕੇ(ਫੁੱਲ) ਤੇ ਮਿਠਾਈ ਭੇਂਟ ਕੀਤੀ ਜੋ ਉਨ੍ਹਾਂ ਨੇ ਖੁਸ਼ੀ ਖੁਸ਼ੀ ਸਵੀਕਾਰ ਕੀਤੀ।ਸੈਣੀ ਭਵਨ ਦੇ ਪ੍ਰਬੰਧਕਾਂ ਨੂੰ ਦੇਖਦਿਆਂ ਹੀ ਉਹ ਬਹੁਤ ਪ੍ਰਸੰਨ ਹੋਏ।ਏਨੀ ਉਮਰ ਵਿੱਚ ਵੀ ਖਿੜ ਖਿੜਾ ਕੇ ਹੱਸਦਿਆਂ ਪੂਰੀ ਹੋਸ਼ ਹਵਾਸ ਨਾਲ ਗੱਲਾਂ ਕਰਦਿਆਂ ਕਿਹਾ ਕਿ ਉਹ ਸੈਣੀ ਭਵਨ ਦੇ ਬੰਦਿਆਂ ਦਾ ਇੰਤਜ਼ਾਰ ਹੀ ਕਰ ਰਹੇ ਸਨ।ਉਨ੍ਹਾਂ ਨੇ ਦੇਸ਼ ਦੀ ਰਾਜਨੀਤੀ ਅਤੇ ਸੈਣੀ ਭਵਨ ਦੇ ਕੰਮਾਂ ਬਾਰੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ।ਉਨ੍ਹਾਂ ਦੇ ਦੋਹਤਰੇ ਸ਼੍ਰੀ ਰਾਜੇਸ਼ ਚੌਧਰੀ ਨੇ ਦੱਸਿਆ ਕਿ ਕਰਨਲ ਸਾਹਿਬ ਤੜਕੇ ਢਾਈ ਵਜੇ ਉੱਠ ਕੇ ਅੰਤਰਧਿਆਨ ਹੋ ਜਾਂਦੇ ਹਨ ਅਤੇ ਦਿਨ ਵੇਲੇ ਉਸ ਪਾਸੋਂ ਦੇਸ਼ ਵਿਦੇਸ਼ ਦੀਆਂ ਖਬਰਾਂ ਸੁਣਦੇ ਹਨ।ਅਸੀਂ ਸਾਰੇ ਉਨ੍ਹਾਂ ਦੀ ਤੰਦਰੁਸਤੀ ਤੇ ਲੰਬੀ ਉਮਰ ਲਈ ਅਰਦਾਸ ਕਰਦੇ ਹਾਂ।

### ਸਿਖਲਾਈ ਮੁਕਾਬਲੇ-

ਸੈਣੀ ਭਵਨ ਦੇ ਸਿਖਲਾਈ ਕੇਂਦਰਾਂ ਵਿੱਚ ਪੜ੍ਹਾਈ ਦੇ ਪੱਧਰ ਨੂੰ ਪਰਖਣ ਲਈ 14 ਸਤੰਬਰ 2016 ਨੂੰ ਸਿਖਿਆਰਥਣਾਂ ਦੇ ਸੱਤ ਮੁਕਾਬਲੇ ਕਰਵਾਏ ਗਏ।ਇਸ ਵਿੱਚ ਸਿਲਾਈ-ਕਢਾਈ ਤੇ ਫੈਸ਼ਨ ਡਿਜ਼ਾਈਨਿੰਗ ਦੀਆਂ 59 ਲੜਕੀਆਂ ਨੇ ਭਾਗ ਲਿਆ।ਇਸ ਦੇ ਕਰਾਫਟਿੰਗ ਮੁਕਾਬਲੇ ਵਿੱਚ ਚਾਰ,ਬੈਗ ਸਿਲਾਈ ਮੁਕਾਬਲੇ ਵਿੱਚ ਦੋ,ਕਢਾਈ ਡਿਜ਼ਾਈਨਿੰਗ ਵਿੱਚ ਤਿੰਨ,ਗਲੇ ਦਾ ਡਿਜ਼ਾਈਨ ਮੁਕਾਬਲੇ ਵਿੱਚ ਤਿੰਨ,ਸਲਵਾਰ ਦਾ ਪਹੁੰਚਾ ਬਣਾਉਣ ਵਿੱਚ ਦੋ,ਪੇਂਟਿੰਗ-ਮੁਕਾਬਲੇ ਵਿੱਚ ਤਿੰਨ ਅਤੇ ਡਰੈੱਸ ਡਿਜ਼ਾਈਨਿੰਗ ਮੁਕਾਬਲੇ ਵਿੱਚ ਤਿੰਨ ਲੜਕੀਆਂ ਨੇ ਪਹਿਲੇ,ਦੂਜੇ ਤੇ ਤੀਜੇ ਸਥਾਨ ਹਾਸਲ ਕੀਤੇ।ਜੱਜਮੈਂਟ ਦਾ ਕਠਿਨ ਕਾਰਜ ਸ਼੍ਰੀਮਤੀ ਸੁਮਿਤਾ ਸੈਣੀ,ਸ਼੍ਰੀਮਤੀ ਭਗਵੰਤ ਕੌਰ ਤੇ ਸ਼੍ਰੀਮਤੀ ਸੰਤੋਸ਼ ਸੈਣੀ ਨੇ ਡਾ.ਜਸਵੰਤ ਕੌਰ ਸੈਣੀ ਟਰੱਸਟੀ ਦੇ ਦੇਖ-ਰੇਖ ਹੇਠ ਪੂਰੀ ਸਫਲਤਾ ਨਾਲ ਨਿਭਾਇਆ।ਜੇਤੂ ਸਿਖਿਆਰਥਣਾ ਨੂੰ ਸਾਲਾਨਾ ਸਿਖਿਆ ਸਮਾਗਮ ਸਮੇਂ ਇਨਾਮ ਦਿੱਤੇ ਗਏ।

### ਸਨਮਾਨ-

ਸੈਣੀ ਭਵਨ ਦੇ ਪ੍ਰਬੰਧਕ ਆਪਣੀ ਬਰਾਦਰੀ ਦੇ ਸਫਲ ਵਿਅਕਤੀਆਂ ਦਾ ਸਨਮਾਨ ਕਰਨ ਤੋਂ ਕਦੇ ਨਹੀਂ ਖੁੰਝਦੇ।ਇਸ ਲੜੀ ਅਧੀਨ ਸੈਣੀ ਭਵਨ ਦੇ ਟਰੱਸਟੀ ਤੇ ਆਲ ਇੰਡੀਆ ਸ਼ੈਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਸ਼੍ਰੀ ਤਰਸੇਮ ਸੈਣੀ ਦਾ,ਬਰਾਦਰੀ ਨੂੰ ਪਛੜੀ ਸ਼੍ਰੇਣੀ ਦਾ ਲਾਭ ਦਿਵਾਉਣ ਲਈ ਸਨਮਾਨ ਕੀਤਾ ਗਿਆ।ਇਸ ਤੋਂ ਇਲਾਵਾ ਰੂਪਨਗਰ ਦੇ ਸ.ਰਾਜਿੰਦਰ ਸਿੰਘ ਨਨ੍ਹਆਂ ਦੀ ਸਪੁੱਤਰੀ ਅਮਰਪ੍ਰੀਤ ਕੌਰ ਦਾ ਭਾਰਤੀ ਥਲ ਸੈਨਾ ਵਿੱਚ ਕਮਿਸ਼ਨ ਪ੍ਰਾਪਤ ਕਰਨ ਅਤੇ ਰੂਪਨਗਰ ਦੇ ਹੀ ਜੀ.ਐਸ.ਅਸੋਟਟ ਮੈਰਿਜ ਪੈਲੇਸ ਦੇ ਮਾਲਕ ਸ.ਗੁਰਮੁਖ ਸਿੰਘ ਦੀ ਨੂੰਹ ਸ਼੍ਰੀਮਤੀ ਜਵਤਿੰਦਰ ਕੌਰ, ਲੈਕਚਰਾਰ ਬਾਇਓਲੋਜੀ (ਸ.ਗ.ਸੀ.ਸੈ.ਸਕੂਲ ਰੂਪਨਗਰ) ਦਾ,ਸਟੇਟ ਐਵਾਰਡ ਮਿਲਣ ਲਈ ਸਨਮਾਨ ਕੀਤਾ ਗਿਆ।

### ਲੋੜਵੰਦ ਦੀ ਸਹਾਇਤਾ-

ਸੈਣੀ ਭਵਨ ਦੇ ਪ੍ਰਬੰਧਕ ਆਪਣੇ ਮਾਨਵਤਾ ਪੱਖੀ ਕਾਰਜਾਂ ਲਈ ਪ੍ਰਸਿੱਧ ਹਨ।ਇਸ ਨੇਕ ਕਾਰਜ ਵਿੱਚ ਵਾਧਾ ਕਰਦਿਆਂ ਸੈਣੀ ਭਵਨ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਗੜ੍ਹਸ਼ੰਕਰ ਦੀ ਵਿਧਵਾ ਤੇ ਬੇਸਹਾਰਾ ਔਰਤ ਦੇ ਲੜਕੇ ਦੀ ਐਮ.ਡੀ.ਕਲਾਸ ਦੀ ਸਾਲਾਨਾ ਫੀਸ ਦੇਣ ਲਈ 5 ਲੱਖ ਰੁਪਏ ਦੀ ਵਿਤੀ ਸਹਾਇਤਾ ਕੀਤੀ।

### ਭਾਸ਼ਣ ਪ੍ਰਤਿਯੋਗਤਾ-

ਸਮਾਜ ਦੇ ਭਖਦੇ ਮਸਲਿਆਂ ਪ੍ਰਤਿ ਲੋਕਾਂ ਨੂੰ ਸੁਚੇਤ ਕਰਨ ਦੇ ਮੰਤਵ ਨਾਲ ਵਿਦਿਆਰਥੀਆਂ ਦੀ ਸਾਲਾਨਾ ਭਾਸ਼ਣ ਪ੍ਰਤਿਯੋਗਤਾ 24 ਸਤੰਬਰ 2016 ਨੂੰ ਸੈਣੀ ਭਵਨ ਰੂਪਨਗਰ ਵਿਖੇ ਕਰਵਾਈ ਗਈ।ਇਸ ਦੀਆਂ ਦੋ ਕੈਟਾਗਰੀਆਂ ਸਨ।ਪੰਜਾਬੀ ਭਾਸ਼ਾ ਦਾ ਵਿਸ਼ਾ ਸੀ,"ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਸਮੱਸਿਆ-ਕਾਰਨ ਅਤੇ ਸਮਾਧਾਨ। "ਜਿਸ ਵਿੱਚ..ਸਕੂਲਾਂ ਦੇ ਨੌਵੀਂ ਤੋਂ ਬਾਹਰਵੀਂ ਜਮਾਤਾਂ ਵਿੱਚ ਪੜ੍ਹਦੇ..ਵਿਦਿਆਰਥੀਆਂ ਨੇ ਭਾਗ ਲਿਆ।ਅੰਗਰੇਜ਼ੀ ਭਾਸ਼ਾ ਦਾ ਵਿਸ਼ਾ ਸੀ,"Why India ranking second in world population stands at the bottom in Olympics games?"। ਇਸ ਵਿੱਚ. .ਸਕੂਲਾਂ ਤੇ ਕਾਲਜਾਂ ਵਿੱਚ ਗਿਆਰ੍ਹਵੀਂ ਤੇ ਉੱਚ ਸ਼੍ਰੇਣੀਆਂ ਵਿੱਚ ਪੜ੍ਹਦੇ.. ਵਿਦਿਆਰਥੀਆਂ ਨੇ ਭਾਗ ਲਿਆ।ਪੰਜਾਬੀ ਦੇ ਮੁਕਾਬਲੇ ਦੀ ਜੱਜਮੈਂਟ ਸ.ਜਸਪਾਲ ਸਿੰਘ ਸਹਾਇਕ ਜਿਆਲੋਜਿਸਟ ਖੇਤੀਬਾੜੀ ਵਿਭਾਗ ਰੂਪਨਗਰ,ਸ.ਗੁਰਿੰਦਰ ਸਿੰਘ ਪ੍ਰੀਤ ਅਤੇ ਡਾ.ਸੁਰਿੰਦਰ ਕੌਰ ਗਿੱਲ ਐਮ.ਐਸ.ਸੀ.ਬਾਟਿਨੀ ਰਿਟਾ.ਸਿੱਖਿਆ ਅਧਿਕਾਰੀ ਨੇ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਕੀਤੀ।ਅੰਗਰੇਜ਼ੀ ਵਿੱਚ ਹੋਏ ਮੁਕਾਬਲੇ ਦੀ ਜੱਜਮੈਂਟ ਸ.ਸੁਖਦੇਵ ਸਿੰਘ ਨੈਸ਼ਨਲ ਫੁੱਟਬਾਲ ਖਿਡਾਰੀ ਤੇ ਸਪੋਰਟਸ ਅਫਸਰ ਰੂਪਨਗਰ,ਡਾ ਰੇਮਨ ਸ਼ਰਮਾ ਲੈਕਚਰਾਰ ਅੰਗਰੇਜ਼ੀ ਡਾਇਟ ਰੂਪਨਗਰ ਅਤੇ

ਬਾਕੀ ਸਫਾ 16 ਤੇ.....



## Scholarships For the Academic Year 2016-17

Amarjit Singh
Secy.

### A. CASUAL SCHOLARSHIPS :

1. **Chacha Hakam Singh Mem. Schp.**
   Donor : Sqn. Ldr. Manjit Singh Pabla
   # 2729, Sector 37-C, Chandiarh
   Amount Donated : 3600/-
2. **Gurpreet Singh M Schp. For Handicap.**
   Donor : Sh. Sarvjeet Singh, # 35, Astha Enclave, Sector-4, Mundi Kharar
   Amount donated : 6000/-
3. **S. Amrik Singh Scholarship**
   Donor : S. Amrik Singh (Retd. Asst. Xen.)
   # 21, Ranjit Avenue, Ropar
   Amount Donated : 6000/-
4. **S. Jagir Singh Scholarship**
   Donor : S. Jagir Singh (Retd. Subedar)
   # 561, G.Z.S. Nagar,
   Amount Donated : 2400/-
5. **Capt. C.D. Saini Mem. Scholarship**
   Donor : Smt. Kirpal Kaur
   # 187, Suncity, Rupnagar
   Amount Donated : 5000/-
6. **Lambardar Sri Ram Mem. scholarship**
   Donor : Sh. Amit Saini
   S/o Sh. Rajinder Saini
   # 87, G.Z.S. Nagar, Rupnagar
   Amount donated : 5000/-
7. **S. Karam Singh Tambar & Mata Ram Rakhi Mem. Scholarship**
   Donor : Er. Rajwinder Singh
   S/o Dr. Ajmer Singh,
   #5057, Guru Nagar, Rupnagar
   Amount donated : 10000/-
8. **Mata Chanan Kaur Mem. Scholarship**
   Donor : S. Satnam Singh Satti, Rupnagar
   Amount Donated : 5000/-
9. **Mata Harbans Kaur Mem. Scholarship**
   Donor : S. Gursharan Singh
   # 242, Gobind Valley, Ropar
   Amount Donated : 6000/-
10. **S. Tekpal Singh Scholarship**
    Donor : S. Tekpal Singh Saini
    # 204, Prabhu Apartment, Faridabad
    Amount donated : 11000/-
11. **S. Hazara Singh Longia Mem. Schp.**
    Donor : S. Avtar Singh Longia
    # 452, G.Z.S. Nagar, Ropar
    Amount donated : 2500/-
12. **S. Santokh Singh Nanua Mem. Schp.**
    Donor : S. Rajinder Singh Nanua
    # 21, Ranjit Avenue, Rupnagar
    Amount donated : 6000/-
13. **Mrs. Navjot Nanua Memorial Schp.**
    Donor : S. Hardeep Singh (Manager)
    # 29, St. 1, Hargobind Nagar, Ropar
    Amount donated : 5000/-
14. **Mata Joginder Kaur Mem. Schp.**
    Donor : S. Gurmukh Singh Longia
    Preet Nagar, Rupnagar
    Amount Donated : 6000/-
15. **Mata Kartar Kaur / Dr. Sant Singh Mem. Scholarship**
    Donor : Adv. Aminderpreet Singh Bawa
    Rupnagar
    Amount Donated : 5000/-
16. **Smt. Surjit Parkash Scholarship**
    Donor : S. Gursharan Singh Saini
    # 573, G.Z.S. Nagar, Rupnagar
    Amount Donated : 5000/-
17. **S. Gurdas Singh Saini Scholarship**
    Donor : S. Gurdas Singh Saini, Rupnagar
    Amount donated : 5000/-
18. **Sh. L.R. Mundra Scholarship**
    Donor : Sh. L.R. Mundra,
    Haveli Kalan, Rupangar
    Amount donated : 12000/-

### REGULAR SCHOLARSHIPS

1. **Sh. L.R. Mundra**
   Haveli Kalan, Rupnagar
   Amount Donated : 71,54,200/-
2. **Lt. Col. G.R. Saini**
   # 192, D.C. Road, Hoshiarpur

Amount Donated : 20,45000

3. **Adv. Baldev Singh (Haveli Kalan)**
Asha Nagar, Kandivali, E. Mubai
Amount Donated : 11,86,111

4. **S. Hardev Singh (Ghanauli)**
# 11 Sherwood Court, Flemington (USA)
Amount Donated : 11,000,00

5. **Sh. Lajpat Rai Saini**
East of Kailash, New Delhi
Amount Donated : 3,49,000

6. **S. Tekpal Singh**
S/o Late Pritam Singh
Sector 21-D, Faridabad (Haryana)
Amount Donated : 2,61,000

7. **Smt. Baldev Chaudhary**
w/o Late Sh. P.C.Saini
# 444, G.Z.S. Nagar, Rupngar
Amount Donated : 2,07000

8 **Mrs. Rajinder Kaur**
w/o Dr. Rajwant Singh
#40, Sec. 71, Mohali
Amount Donated : 2,00,000

9. **Late B.R.Tamber**
Naraina Vihar, New Delhi
Amount Donated : 1,46,200

10. **S. Gurmukh Singh Saini (M.C.)**
#28, S.B.S. Nagar, Rupnagar
Amount Donated : 1,30,000

11. **Sh. Charan Singh (Property Dealer)**
Sunny Enclave, Kharar
Amount Donated : 1,03,000

12. **Sh. Ujjal Dosanjh**
Vancouver (Canada)
Amount Donated : 1,000,00

13. **Dr. Jaswant Kaur**
W/o Dr. Ajmer Singh
# B-12/5057, Guru Nagar, Rupnagar
Amount Donated : 1,000,00

14. **Mrs. Harbans Kaur**
W/o Late S. Tarlochan Singh of Grewal)
Hotel Amer Palace, Bhopal (M.P.)
Amount Donated : 93,500

15. **S. Bhag Singh Saini**
Tughalpur, Greater Noida (U.P.)
Amount Donated : 57,300

16. **Smt. Ranjit Kaur (USA)**
D/o Late Mohinder Singh Girn
#79, Mohalla, Sheikhan, Rupnagar
Amount Donated : 56,000

17. **Sh. B.S. Saini**
Arera Colony, Bhopal (M.P.)
Amount Donated : 51,000

18. **S. Jasbir Singh**
Vancouver (Canada)
Amount Donated : 50,000

19 **S. Gurinder Singh (Toni)**
Guru Nanak Tent House, Rupnagar
Amount Donated : 50,000

20 **Smt. Damyanti Saini**
W/o Late Sh. Dilbag Rai Saini
Arera Colony, Bhopal
Amount Donated : 50,000

21. **Gurjinder Kaur**
W/o Sh. Rajesh
# 192,D.C. Road, Hoshiarpur
Amount Donated : 25,000

22. **S. Ajit Singh Saini (U.S.A.)**
Amount Donated : 30,100

23. **S. Sher Singh**
G.Z.S. Nagar Ropar
Amount Donated : 25,000

It is a matter of great pleasure that during the year 2016, an amount of Rupees Four Lakhs, Ten Thousand and Four Hundred (4,10400) has been distributed as scholarships to Ninety nine (99) students.


- Become the life member of Saini Bhawan - Membership Fee - Rs. 2500/-
- Subscribe for Magazine Saini Sansar
  Rs. 500/- for five years
  Rs. 100/- for one year .
- Advertise your firm / business through Saini Sansar

# ਸੈਣੀ ਭਵਨ ਰੂਪਨਗਰ ਦੀ ਕਾਮਯਾਬੀ

ਗੁਰਮੁਖ ਸਿੰਘ ਲੌਂਗੀਆ
ਉੱਪ ਪ੍ਰਧਾਨ



### ਸੈਣੀ ਬਰਾਦਰੀ ਨੂੰ ਪਛੜੀਆਂ ਸ਼੍ਰੇਣੀਆਂ ਦਾ ਲਾਭ ਮਿਲਿਆ

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਆਪਣੀ ਬਰਾਦਰੀ ਦੀ ਭਲਾਈ ਹਿਤ ਹਮੇਸ਼ਾਂ ਜਾਗਰੂਕ ਰਹਿੰਦੇ ਹਨ। ਸਾਲ 2013 ਦੇ ਆਰੰਭ ਵਿੱਚ ਜਿਉਂ ਹੀ ਸੈਣੀ ਬਰਾਦਰੀ ਦੇ ਗਰੀਬ ਲੋਕਾਂ ਨੂੰ ਪਛੜੀਆਂ ਸ਼੍ਰੇਣੀਆਂ ਦੇ ਲਾਭ ਦਿਵਾਉਣ ਦੀ ਗੱਲ ਚੱਲੀ ਤਾਂ ਤੁਰੰਤ ਪਹਿਲਾਂ ਸਥਾਨਿਕ ਤੇ ਫਿਰ ਰਾਜ ਪੱਧਰੀ ਪ੍ਰਮੁੱਖ ਸੈਣੀ ਸਖਸ਼ੀਅਤਾਂ ਦੀ ਸੈਣੀ ਭਵਨ ਵਿੱਚ ਮੀਟਿੰਗ ਕਰਕੇ ਸਲਾਹ ਮਸ਼ਵਰਾ ਕੀਤਾ ਗਿਆ। ਮੀਟਿੰਗਾਂ ਵਿੱਚ ਹੋਏ ਫੈਸਲਿਆਂ ਅਨੁਸਾਰ ਪੰਜਾਬ ਦੀਆਂ ਸਾਰੀਆਂ ਸੈਣੀ ਸਭਾਵਾਂ ਤੇ ਜਥੇਬੰਦੀਆਂ ਨਾਲ ਲਿਖਤ-ਪੜ੍ਹਤ ਕਰਕੇ ਉਨ੍ਹਾਂ ਨੂੰ ਬਰਾਦਰੀ ਦੀ ਜਾਇਜ਼ ਮੰਗ ਬਾਰੇ ਡਿਪਟੀ ਕਮਿਸ਼ਨਰਾਂ ਅਤੇ ਮੁੱਖ ਮੰਤਰੀ ਨੂੰ ਮੰਗ-ਪੱਤਰ ਭੇਜਣ ਲਈ ਬੇਨਤੀ ਕੀਤੀ ਗਈ। ਇਸ ਦੇ ਨਤੀਜੇ ਵਜੋਂ ਮੁੱਖ ਮੰਤਰੀ ਜੀ ਨੇ ਸ.ਪ੍ਰੇਮ ਸਿੰਘ ਚੰਦੂਮਾਜਰਾ ਤੇ ਸੈਣੀ ਭਵਨ ਦੇ ਟਰੱਸਟੀ ਸ਼੍ਰੀ ਤਰਸੇਮ ਸੈਣੀ ਪਟਿਆਲਾ ਦੀ ਮਾਰਫਤ ਸੈਣੀ ਬਰਾਦਰੀ ਦੇ ਚੋਣਵੇਂ ਵਿਅਕਤੀਆਂ ਨੂੰ ਬੁਲਾਇਆ ਜਿਸ ਵਿੱਚ ਸੈਣੀ ਭਵਨ ਦੇ ਪੰਜ ਮੈਂਬਰ ਸ਼ਾਮਿਲ ਹੋਏ। ਮੁੱਖ ਮੰਤਰੀ ਨੇ ਬਰਾਦਰੀ ਦੀ ਮੰਗ ਨੂੰ ਜਾਇਜ਼ ਮੰਨਦਿਆਂ ਇਸ ਸਬੰਧੀ ਇਨਸਾਫ ਦੇਣ ਦਾ ਭਰੋਸਾ ਦਿਵਾਇਆ। ਲੋਕ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਸਰਕਾਰ ਨੇ ਜੱਟਾਂ ਨੂੰ ਪਛੜੀ ਸ਼੍ਰੇਣੀ ਦਾ ਲਾਭ ਦੇਣ ਦਾ ਫੈਸਲਾ ਲਿਆ ਤਾਂ ਮੁੜ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਆਪਣੀ ਮੰਗ ਸਬੰਧੀ ਸ਼੍ਰੀ ਤਰਸੇਮ ਸੈਣੀ ਦੀ ਅਗਵਾਈ ਵਿੱਚ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ। ਉਨ੍ਹਾਂ ਚੋਣਾਂ ਤੋਂ ਬਾਅਦ ਸੈਣੀ ਬਰਾਦਰੀ ਨੂੰ ਇਹ ਲਾਭ ਦੇਣ ਦਾ ਵਾਇਦਾ ਕੀਤਾ। ਚੋਣਾਂ ਖਤਮ ਹੁੰਦਿਆਂ ਸਾਰ ਹੀ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਫਿਰ ਮੁੱਖ ਮੰਤਰੀ ਜੀ ਨੂੰ ਵਾਇਦਾ ਯਾਦ ਕਰਾਇਆ। ਉਨ੍ਹਾਂ ਦਾ ਠੋਸ ਉੱਤਰ ਨਾ ਮਿਲਣ ਤੇ ਬਰਾਦਰੀ ਨੇ ਨਵਾਂਸ਼ਹਿਰ ਵਿਖੇ ਵਿਸ਼ਾਲ ਮੁਜ਼ਾਹਰਾ ਕੀਤਾ ਜਿਸ ਦੀ ਤਿਆਰੀ ਲਈ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਭਰਪੂਰ ਯੋਗਦਾਨ ਪਾਇਆ ਅਤੇ 50 ਦੇ ਕਰੀਬ ਨੁਮਾਇੰਦਿਆਂ ਨੇ ਵਿਖਾਵੇ ਵਿੱਚ ਹਿੱਸਾ ਲਿਆ। ਇਸ ਇਕੱਠ ਦੇ ਪ੍ਰਭਾਵ ਅਤੇ ਸ਼੍ਰੀ ਤਰਸੇਮ ਸੈਣੀ ਦੇ ਯਤਨਾਂ ਸਦਕਾ ਵਜੋਂ ਮੁੱਖ ਮੰਤਰੀ ਨੇ ਫਿਰ ਸੈਣੀ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਜਿਸ ਵਿੱਚ ਜਲਦੀ ਹੀ ਸੈਣੀ ਬਰਾਦਰੀ ਨੂੰ ਪਛੜੀ ਸ਼੍ਰੇਣੀਆਂ ਦਾ ਲਾਭ ਦੇਣ ਦਾ ਵਿਸ਼ਵਾਸ ਦਿਵਾਇਆ। ਆਖਿਰ ਸੈਣੀ ਬਰਾਦਰੀ ਦੇ ਸ਼ੁਭਚਿੰਤਕਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ਤੇ ਸਰਕਾਰ ਨੇ ਇਹ ਲਾਭ ਦੇਣ ਦਾ ਫੈਸਲਾ ਲੈ ਲਿਆ। ਇਸ ਫੈਸਲੇ ਨਾਲ ਸੈਣੀ ਬਰਾਦਰੀ ਦੇ ਬਹੁਗਿਣਤੀ ਲੋਕਾਂ ਨੂੰ ਲਾਭ ਹੋਵੇਗਾ। ਸੈਣੀ ਭਵਨ ਰੂਪਨਗਰ ਨੂੰ ਆਪਣੀ ਇਸ ਕਾਮਯਾਬੀ ਦੀ ਖੁਸ਼ੀ ਹੈ।

## ਬੀ.ਸੀ.ਰਿਜ਼ਰਵੇਸ਼ਨ ਦੇ ਲਾਭ-

ਪੰਜਾਬ ਵਿੱਚ ਓ.ਬੀ.ਸੀ.ਕੈਟਾਗਰੀ ਨਹੀਂ ਹੈ। ਇਸ ਕਾਰਨ ਬੀ.ਸੀ.ਕੈਟਾਗਰੀ ਨੂੰ ਹੀ,ਕੇਂਦਰ ਵਲੋਂ ਓ.ਬੀ.ਸੀ.ਨੂੰ ਦਿੱਤੀਆਂ ਜਾਂਦੀਆਂ ਸਾਰੀਆਂ ਸਹੂਲਤਾਂ ਤੇ ਲਾਭ ਦਿੱਤੇ ਜਾਂਦੇ ਹਨ।



ਨੌਕਰੀਆਂ ਅਤੇ ਦਾਖਲੇ ਲੈਣ ਸਮੇਂ ਰਿਜ਼ਰਵ ਕੈਟਾਗਰੀ ਦੇ ਉਮੀਦਵਾਰਾਂ ਨੂੰ ਦੋਹਰਾ ਲਾਭ ਹੁੰਦਾ ਹੈ। ਉਹ ਜਨਰਲ ਕੈਟਾਗਰੀ ਦੀਆਂ ਸੀਟਾਂ ਵਿੱਚ ਵੀ ਅਤੇ ਆਪਣੀ ਕੈਟਾਗਰੀ ਲਈ ਰਿਜ਼ਰਵ ਸੀਟਾਂ ਵਿੱਚ ਵੀ ਵਿਚਾਰੇ ਜਾਂਦੇ ਹਨ। ਰਿਜ਼ਰਵ ਕੈਟਾਗਰੀ ਦੇ ਉੱਚ ਮੈਰਿਟ ਵਾਲੇ ਉਮੀਦਵਾਰ ਜਨਰਲ ਕੈਟਾਗਰੀ ਦੀਆਂ ਸੀਟਾਂ ਲੈ ਜਾਂਦੇ ਹਨ ਅਤੇ ਘੱਟ ਮੈਰਿਟ ਵਾਲੇ ਉਮੀਦਵਾਰ ਆਪਣੀ ਕੈਟਾਗਰੀ ਲਈ ਰਿਜ਼ਰਵ ਸੀਟਾਂ ਲੈ ਲੈਂਦੇ ਹਨ।

ਰਿਜ਼ਰਵ ਕੈਟਾਗਰੀ ਦੇ ਹੁਸ਼ਿਆਰ ਉਮੀਦਵਾਰਾਂ ਨੇ ਜਿੰਨੀਆਂ ਸੀਟਾਂ ਜਨਰਲ ਕੈਟਾਗਰੀ ਦੀਆਂ ਮੱਲ ਲਈਆਂ ਉੱਨੀਆਂ ਜਨਰਲ ਸੀਟਾਂ ਘੱਟ ਰਹਿ ਜਾਂਦੀਆਂ ਹਨ ਜਦੋਂ ਕਿ ਰਿਜ਼ਰਵ ਕੈਟਾਗਰੀ ਦੇ ਉਮੀਦਵਾਰ ਆਪਣੀ ਕੈਟਾਗਰੀ ਲਈ ਰਿਜ਼ਰਵ ਸੀਟਾਂ ਤੋਂ ਕਿਤੇ ਵੱਧ ਸੀਟਾਂ ਲੈ ਜਾਂਦੇ ਹਨ।

ਇੱਕ ਰਿਪੋਰਟ ਅਨੁਸਾਰ ਓ.ਬੀ.ਸੀ.ਕੈਟਾਗਰੀ ਦੀਆਂ ਸੀਟਾਂ,ਯੋਗ ਉਮੀਦਵਾਰ ਨਾ ਮਿਲਣ ਕਾਰਨ ਖਾਲੀ ਰਹਿ ਜਾਂਦੀਆਂ ਹਨ ਜਦੋਂ ਕਿ ਜਨਰਲ ਕੈਟਾਗਰੀ ਦੇ ਵੱਧ ਨੰਬਰਾਂ ਵਾਲੇ ਉਮੀਦਵਾਰਾਂ ਨੂੰ ਵੀ ਨੌਕਰੀ ਨਹੀਂ ਮਿਲਦੀ।

ਓ.ਬੀ.ਸੀ.ਰਿਜ਼ਰਵ ਕੈਟਾਗਰੀ ਵਿੱਚ ਭਾਵੇਂ ਜਿੰਨੀਆਂ ਮਰਜੀ ਜਾਤਾਂ ਸ਼ਾਮਿਲ ਕਰ ਦਿੱਤੀਆਂ ਜਾਣ ਸੈਣੀ ਬਰਾਦਰੀ ਦੇ ਨੌਜਵਾਨਾਂ ਨੂੰ ਲਾਭ ਹੀ ਹੋਵੇਗਾ ਕਿਉਂਕਿ ਸਾਡੇ ਬੱਚੇ ਦੂਜੀਆਂ ਓ.ਬੀ.ਸੀ.ਜਾਤਾਂ ਤੋਂ ਵੱਧ ਹੁਸ਼ਿਆਰ ਹਨ। ਇਹ ਵੀ ਹੋ ਸਕਦਾ ਕਿ ਸਾਡੇ ਬੱਚੇ ਓ.ਬੀ.ਸੀ ਦੀਆਂ ਸਾਰੀਆਂ ਹੀ ਸੀਟਾਂ ਲੈ ਜਾਣ।

ਓ.ਬੀ.ਸੀ.ਕੈਟਾਗਰੀ ਦਾ ਲਾਭ ਲੈਣ ਲਈ ਆਮਦਨ ਦੀ ਹੱਦ ਵੀ ਸਾਲਾਨਾ 8 ਲੱਖ ਰੁਪਏ ਹੋ ਗਈ ਹੈ ਜਿਸ ਕਾਰਨ ਸੈਣੀ ਬਰਾਦਰੀ ਦੇ ਬਹੁਤੇ ਲੋਕ ਇਹ ਲਾਭ ਲੈਣ ਦੇ ਯੋਗ ਹਨ।

ਸੈਣੀ ਬਰਾਦਰੀ ਦੇ ਬਹੁਗਿਣਤੀ ਲੋਕ ਆਮਦਨ ਪੱਖੋਂ ਨਿਚਲੇ ਵਰਗ ਵਿੱਚ ਆਉਂਦੇ ਹਨ ਜਿਸ ਕਾਰਨ ਪੰਜਾਬ

ਸਰਕਾਰ ਨੇ ਇਹ ਲਾਭ ਸੰਨ 2009 ਵਿੱਚ ਦੇ ਦਿੱਤਾ ਸੀ ਪਰੰਤੂ ਕੁੱਝ ਲੋਕਾਂ ਦੇ ਵਿਰੋਧ ਦੇ ਸਿੱਟੇ ਵਜੋਂ ਇਸ ਫੈਸਲੇ ਤੇ ਰੋਕ ਲਗਾ ਦਿੱਤੀ ਗਈ ਸੀ।ਹੁਣ ਸਰਕਾਰ ਨੇ ਸੈਣੀ ਬਰਾਦਰੀ ਨੂੰ ਇਹ ਲਾਭ ਦੇ ਕੇ ਬੇਇਨਸਾਫੀ ਨੂੰ ਦੂਰ ਕੀਤਾ ਹੈ।

ਕੇਂਦਰ ਸਰਕਾਰ ਅਤੇ ਪੰਜਾਬ ਦੇ ਗੁਆਂਢੀ ਸੂਬਿਆਂ ਨੇ ਸੈਣੀ ਬਰਾਦਰੀ ਨੂੰ ਪਹਿਲਾਂ ਹੀ ਓ.ਬੀ.ਸੀ.ਕੈਟਾਗਰੀ ਵਿੱਚ ਸ਼ਾਮਿਲ ਕੀਤਾ ਹੋਇਆ ਹੈ।


ਨੌਕਰੀਆਂ ਅਤੇ ਦਾਖਲਿਆਂ ਤੋਂ ਇਲਾਵਾ ਓ.ਬੀ.ਸੀ.ਕੈਟਾਗਰੀ ਦੇ ਲੋਕਾਂ ਨੂੰ ਹੋਰ ਵੀ ਕਈ ਸਹੂਲਤਾਂ ਮਿਲਦੀਆਂ ਹਨ।

ਓ.ਬੀ.ਸੀ.ਦਾ ਲਾਭ ਲੈਣ ਨਾਲ ਸੈਣੀ ਬਰਾਦਰੀ ਦੇ ਮਾਣ ਸਤਿਕਾਰ ਵਿੱਚ ਕੋਈ ਫਰਕ ਨਹੀਂ ਪੈਣਾ।ਸਗੋਂ ਨੌਜਵਾਨਾਂ ਨੂੰ ਉੱਚ ਸਿੱਖਿਆ ਸੰਸਥਾਵਾਂ ਵਿੱਚ ਦਾਖਲੇ ਮਿਲਣ ਅਤੇ ਵੱਧ ਨੌਕਰੀਆਂ ਮਿਲਣ ਨਾਲ ਲੋਕਾਂ ਦਾ ਜੀਵਨ ਪੱਧਰ ਉੱਚਾ ਹੋਵੇਗਾ ਜਿਸ ਨਾਲ ਸਮਾਜਿਕ ਰੁਤਬਾ ਉੱਚਾ ਹੋਵੇਗਾ।

ਇਸ ਨਾਲ ਮਿਲਦੇ ਲਾਭਾਂ ਕਾਰਨ ਹੀ ਪੰਜਾਬ ਦੇ ਜੱਟ ਅਤੇ ਹਰਿਆਣਾ ਦੇ ਜਾਟ.ਬੀ.ਸੀ.ਕੈਟਾਗਰੀ ਵਿੱਚ ਸ਼ਾਮਿਲ ਹੋਣ ਲਈ ਸੰਘਰਸ਼ ਕਰ ਰਹੇ ਹਨ।ਹੁਣ ਤਾਂ ਪੰਜਾਬ ਦੀ ਸਰਵੋਚ ਬ੍ਰਾਹਮਣ ਸ਼੍ਰੇਣੀ ਨੇ ਵੀ ਇਸ ਲਾਭ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਹੈ।

ਇਸ ਲਈ ਸੈਣੀ ਬਰਾਦਰੀ ਨੂੰ ਪਛੜੀ ਸ਼੍ਰੇਣੀ ਘੋਸ਼ਿਤ ਹੋਣ ਦਾ ਇਸ ਬਰਾਦਰੀ ਦੇ ਲੋਕਾਂ ਨੂੰ ਬਹੁਤ ਲਾਭ ਹੋਵੇਗਾ।ਇਸ ਫੈਸਲੇ ਪ੍ਰਤਿ ਸ਼ੰਕਾ ਕਰਨ ਦੀ ਕੋਈ ਲੋੜ ਨਹੀਂ।

## ਸੈਣੀ ਭਵਨ ਦੀ ਵਿਤੀ ਸਹਾਇਤ ਕਰਨ ਵਾਲੇ ਦਾਨੀ ਸੱਜਣ



•ਸ. ਬਲਦੇਵ ਸਿੰਘ ਮੁੰਦਰਾ (ਹਵੇਲੀ ਕਲਾਂ) : ਹੁਣ ਵਾਸੀ ਮੁੰਬਈ- 1,25,000 ਰੁਪਏ। ਇਨ੍ਹਾਂ ਵਿੱਚੋਂ 75000 ਰੁਪਏ ਰੈਗੂਲਰ ਵਜ਼ੀਫਿਆਂ ਲਈ ਅਤੇ 50,000 ਰੁਪਏ ਸੈਣੀ ਭਵਨ ਦੇ ਵਿਕਾਸ ਕਾਰਜਾਂ ਲਈ।



•ਸ. ਗੁਰਮੀਤ ਸਿੰਘ ਜਟਾਣਾ # 517, ਸੈਕਟਰ 33 ਬੀ, ਚੰਡੀਗੜ੍ਹ ਆਪਣੇ ਸਵਰਗਵਾਸੀ ਪਿਤਾ ਸ. ਬਖਤਾਵਰ ਸਿੰਘ ਦੀ ਯਾਦ ਵਿੱਚ ਰੈਗੂਲਰ ਵਜ਼ੀਫੇ ਲਈ-1,00,000 ਰੁਪਏ।



## ਭ੍ਰਿਸ਼ਟਾਚਾਰ ਨੂੰ ਚੈਨ ਨਹੀਂ ਲੈਣ ਦੇਣਾ

ਇੰਜ. ਜਸਵੰਤ ਸਿੰਘ

ਭ੍ਰਿਸ਼ਟਾਚਾਰ ਨੇ ਸਾਨੂੰ ਬਰਬਾਦ ਕੀਤਾ,
ਐਸਾ ਨਸ਼ਾ ਸੱਭ ਨੂੰ ਚੜ੍ਹੀ ਜਾਂਦਾ।
ਵੱਡੀ- ਰਿਸ਼ਵਤ ਦੇ ਨਾਲ ਕੰਮ ਚਲਦੇ,
ਸੱਜੇ ਖੱਬਿਉ ਹਰ ਕੋਈ ਫੜੀ ਜਾਂਦਾ।
ਪੈਸਾ ਦੇਣ ਤੋਂ ਜੇ ਇਨਕਾਰ ਕਰੀਏ,
ਢੇਰ ਫਾਈਲਾਂ ਦਾ ਫਾਈਲਾਂ ਤੇ ਚੜ੍ਹੀ ਜਾਂਦਾ।
ਦੂਜੇ ਦਿਨ ਤਾਂ ਫਾਈਲ ਵੀ ਲਭਦੀ ਨਾਂ,
ਬਾਬੂ ਫਾਈਲ ਤੋਂ ਨਾਹ ਹੀ ਕਰੀ ਜਾਂਦਾ।
ਮੰਦਾ ਲੱਗਿਆ ਚੋਰ ਬਾਜ਼ਾਰੀ ਅੰਦਰ,
ਹੁਣ ਤਾਂ ਚੋਰ ਹੀ ਚੋਰ ਨੂੰ ਫੜੀ ਜਾਂਦਾ।
ਕਿਹੜੇ ਚੋਰ ਨੂੰ ਫੜ ਕੇ ਸਜ਼ਾ ਦਈਏ,
ਸਜ਼ਾ ਦੇਣ ਵਾਲਾ ਚੋਰੀ ਕਰੀ ਜਾਂਦਾ।
ਵੱਡੀ ਰਿਸ਼ਵਤ ਦੇ ਨਾਲ ਕਾਨੂੰਨ ਚਲਦਾ,
ਸੱਚਾ ਝੂਠੇ ਦੀ ਹਾਮੀ ਅੱਜ ਭਰੀ ਜਾਂਦਾ।
ਪਹਿਲਾਂ ਲੁੱਟਿਆ ਸਾਨੂੰ ਬਦੇਸ਼ੀਆਂ ਨੇ,
ਹੁਣ ਤਾਂ ਦੇਸ਼ ਹੀ ਲੁੱਟ ਮਚਾਈ ਜਾਂਦਾ।
ਸਾਰੇ ਮਿਲਕੇ ਆਓ ਪ੍ਰਣ ਕਰੀਏ,
ਭ੍ਰਿਸ਼ਟਾਚਾਰ ਨਹੀਂ ਦੇਸ਼ ਵਿਚ ਰਹਿਣ ਦੇਣਾ।
ਪੈਸਾ ਲੈ ਦੇਕੇ ਜਿਹੜਾ ਲਏ ਕੁਰਸੀ,
ਉਸਨੂੰ ਕੁਰਸੀ ਤੇ ਨਹੀਂ ਬਹਿਣ ਦੇਣਾ।
ਭ੍ਰਿਸ਼ਟਾਚਾਰ ਨੇ ਲੁੱਟਿਆ ਚੈਨ ਸਾਡਾ,
ਭ੍ਰਿਸ਼ਟਾਚਾਰ ਨੂੰ ਚੈਨ ਨਹੀਂ ਲੈਣ ਦੇਣਾ।

-ਜਲੰਧਰ



•ਸ਼੍ਰੀ ਤਰਸੇਮ ਸੈਣੀ : ਪ੍ਰਧਾਨ ਆਲ ਇੰਡੀਆ ਸ਼ੈਲਰਜ਼ ਐਸੋਸੀਏਸ਼ਨ, ਵਾਸੀ ਪਟਿਆਲਾ ਅਤੇ ਟਰੱਸਟੀ ਸੈਣੀ ਭਵਨ ਰੂਪਨਗਰ- 1,00,000 ਰੁਪਏ ਉਸਾਰੀ ਕਾਰਜਾਂ ਲਈ।

ਇਨ੍ਹਾਂ ਦਾਨੀ ਪੁਰਸ਼ਾਂ ਦੀ ਸੈਣੀ ਭਵਨ ਦੇ ਪ੍ਰਬੰਧਕਾਂ ਵੱਲੋਂ ਬਹੁਤ ਬਹੁਤ ਧੰਨਵਾਦ।

# ਦਸਤਾਰ ਜਾਂ ਪਗੜੀ

ਡਾ. ਜਸਵੰਤ ਕੌਰ



ਪੱਗੜੀ,ਪੱਗ, ਦਸਤਾਰ, ਚੀਰਾ ਇੱਕ ਸ਼ਬਦ ਦੇ ਸਮਾਨਾਰਥਕ ਹਨ।

ਪੁਰਾਤਨ ਸਮੇਂ ਤੋਂ ਹੀ ਪਗੜੀ ਜਾਂ ਦਸਤਾਰ ਮਰਦਾਂ ਦੇ ਸਿਰ ਉੱਤੇ ਸੋਂਹਦੀ ਰਹੀ ਹੈ। ਭਾਰਤ ਵਿਚ ਜੋ ਬਾਹਰੋਂ ਆਏ ਉਹ ਵੀ, ਜੋ ਜੱਦੀ ਹਿੰਦੁਸਤਾਨੀ ਸਨ ਉਹ ਵੀ ਸਾਰੇ ਹੀ ਸਿਰ ਉੱਤੇ ਪੱਗਾਂ ਜਾਂ ਦਸਤਾਰਾਂ ਸਜਾਉਂਦੇ ਰਹੇ ਹਨ। ਉਨ੍ਹਾਂ ਦਾ ਰੂਪ ਜਾਂ ਢੰਗ ਭਾਵੇਂ ਕੋਈ ਹੋਵੇ। ਪਗੜੀ ਪ੍ਰਾਚੀਨ ਤੋਂ ਪ੍ਰਾਚੀਨਤਮ ਸਮਿਆਂ ਵਿਚ ਵੀ ਮਰਦਾਂ ਦੇ ਲਿਬਾਸ ਦਾ ਹਿੱਸਾ ਰਹੀ ਹੈ। ਜਾਤ, ਕੌਮ, ਮਜ਼੍ਹਬ ਭਾਵੇਂ ਕੋਈ ਵੀ ਹੋਵੇ ਪਗੜੀ ਮਨੁੱਖ ਦੀ ਆਨ ਸ਼ਾਨ ਰਹੀ ਹੈ। ਸਮੇਂ ਦੀਆਂ ਸਰਕਾਰਾਂ ਨੇ ਅਤਿਆਚਾਰ ਕਰਕੇ ਸਜ਼ਾ ਦੇ ਤੌਰ ਤੇ ਲੋਕਾਂ ਦੀ ਪਗੜੀਆਂ ਉਤਾਰੀਆਂ ਵੀ, ਵਾਲ ਵੀ ਕੱਟੇ, ਅਣ ਮਨੁੱਖੀ ਸਜਾਵਾਂ ਵੀ ਦਿੱਤੀਆਂ। ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਦੀ ਵੱਖਰੀ ਪਛਾਣ ਲਈ ਸਿੱਖ ਤੋਂ ਸਿੰਘ ਬਣਾ ਕੇ ਪੱਗੜੀ ਪੱਕੇ ਤੌਰ ਤੇ ਲਾਜ਼ਮੀ ਕਰਕੇ ਮਨੁੱਖਤਾ ਨੂੰ ਉਚਿਆਇਆ ਹੈ। ਪਹਿਲਾਂ ਸਾਰੇ ਹਿੰਦੁਸਤਾਨੀ ਪੱਗਾਂ ਬੰਨ੍ਹਦੇ ਸਨ। ਪਰ ਹੁਣ ਜ਼ਿਆਦਾ ਸਿੱਖ ਹੀ ਪੱਗਾਂ ਬੰਨ੍ਹਦੇ ਹਨ।

ਬੰਦਾ ਪੱਗ ਜਾਂ ਦਸਤਾਰ, ਗੁਫ਼ਤਾਰ ਅਤੇ ਰਫ਼ਤਾਰ ਤੋਂ ਬੰਦਾ ਪਛਾਣਿਆਂ ਜਾਂਦਾ ਹੈ। ਪਗੜੀ ਜਾਂ ਦਸਤਾਰ ਦਾ ਵਿਅਕਤੀ ਦੀ ਮਨੋਸਥਿਤੀ ਨਾਲ ਗਹਿਰਾ ਸਬੰਧ ਹੈ। ਬੇਤਰਤੀਬੀ ਖਿਲਰੀ ਖਿਲਰੀ ਉੱਘੜ-ਦੁੱਘੜੀ ਪਗੜੀ ਅਸ਼ਾਤ ਮਨ ਦਾ ਪ੍ਰਗਟਾਵਾ ਹੈ। ਅਣਵਾਹੇ ਕੇਸ, ਮੈਲੀ ਪਗੜੀ, ਪਗੜੀ ਵਿੱਚੋਂ ਲਮਕਦੀਆਂ ਲਟੂਰੀਆਂ,ਲਾਪ੍ਰਵਾਹੀ ਅਤੇ ਅਸਭਿਯ ਮਨੁੱਖ ਦਾ ਬਿੰਬ ਸਿਰਜਦੇ ਹਨ। ਢਿੱਲੀ ਪਗੜੀ, ਠਿੱਬੀ ਪਗੜੀ,ਫ਼ੂਨੀ ਪਗੜੀ, ਰੱਸਾ-ਪਗੜੀ, ਬੂਟੀਆਂ ਵਾਲੀ ਪਗੜੀ, ਟੋਪੀ ਵਰਗੀ ਪਗੜੀ, ਮਾਇਆ ਨਾਲ ਆਕੜੀ ਪਗੜੀ, ਤੁਰਲੈ ਦਾਰ ਅਬਰਕ ਵਾਲੀ ਪਗੜੀ, ਅਫ਼ਰੀਕੀ ਪੱਗੜੀ, ਛੱਜਨੁਮਾ ਪੱਗੜੀ, ਲਾੜੇ ਦੀ ਕਲਗੀ ਵਾਲੀ ਪਗੜੀ ਆਦਿ ਗੱਲ ਕੀ ਵੱਖ-ਵੱਖ ਤਰ੍ਹਾਂ ਦੀਆਂ ਪਗੜੀਆਂ, ਹਰ ਬੰਦੇ ਦੇ ਅੰਦਰਲੇ ਚੰਗੇ ਮੰਦੇ ਪੱਖਾਂ ਨੂੰ ਉਘਾੜਦੀਆਂ ਹਨ।ਸਾਫ਼ ਸੁੱਥਰੇ, ਚਿਹਰੇ ਉੱਤੇ, ਸ਼ੀਸ਼ੇ ਸਾਹਮਣੇ ਬੈਠ ਕੇ ਠਰ੍ਹਮੇ ਨਾਲ ਸਲੀਕੇ ਨਾਲ ਸਜਾਈ ਦਸਤਾਰ ਚਿਹਰੇ ਦੀ ਤਣਾਓ-ਰਹਿਤ ਦਿਖ, ਮਨ ਦੇ ਟਿਕਾਓ, ਸਹਿਜ ਅਤੇ ਠਰ੍ਹਮੇ ਵਾਲੇ ਮਨੁੱਖ ਦਾ ਪ੍ਰਗਟਾਵਾ ਕਰਦੀ ਹੈ।

ਜਿਵੇਂ ਇੱਕ ਮਨੁੱਖ ਦੇ ਹੱਥ ਦੀਆਂ ਰੇਖਾਵਾਂ ਦੂਜੇ ਨਾਲ ਨਹੀਂ ਮਿਲਦੀਆਂ ਨਾ ਹੀ ਚਿਹਰਾ ਮਿਲਦਾ ਹੈ ਨਾ ਹੀ ਅੱਖਾਂ ਦੀ ਤੱਕਣੀ ਮਿਲਦੀ ਹੈ ਇਵੇਂ ਹੀ ਹਰ ਮਨੁੱਖ ਦਾ ਪਗੜੀ ਬੰਨ੍ਹਣ ਦਾ ਤਰੀਕਾ ਵੀ ਵੱਖ ਵੱਖ ਹੁੰਦਾ ਹੈ। ਦਸਤਾਰ ਦੇ ਸਦਾਚਾਰਕ ਅਰਥ ਵੀ ਹਨ ਸਭਿਆਚਾਰਕ ਵੀ, ਇਲਾਕਾਈ ਅਰਥ ਵੀ ਤੇ ਧਾਰਮਿਕ ਅਰਥ ਵੀ ਹਨ। ਸਾਬਤ ਸਬੂਤੀ ਦਾੜ੍ਹੀ ਕੇਸਾਂ ਨਾਲ ਦਸਤਾਰ ਸੋਭਾ ਦਿੰਦੀ ਹੈ। ਪਰ ਕਈ ਪਗੜੀ ਤੋਂ ਬਗੈਰ ਵੀ ਦਾੜ੍ਹੀ ਕੇਸਾਂ ਵਾਲੇ ਮਹਾਨ ਪੁਰਸ਼ ਹੋਏ ਹਨ ਉਹ ਦੁਨੀਆਂ ਦੇ ਇਤਿਹਾਸ ਵਿਚ ਮਹਾਨ ਛਾਪ ਛੱਡਕੇ ਗਏ ਹਨ ਜਿਵੇਂ ਕਾਰਲ-ਮਾਰਕਸ, ਟੈਗੋਰ, ਸੋਭਾ ਸਿੰਘ, ਦਵਿੰਦਰ ਸਤਿਆਰਥੀ ਆਦਿ। ਸਵਾਮੀ ਦਇਆ ਨੰਦ, ਸਵਾਮੀ ਵਿਵੇਕਾ ਨੰਦ, ਡਾ.ਰਾਧਾ-ਕ੍ਰਿਸ਼ਨਨ ਆਪਣੀ ਪਗੜੀ ਕਰਕੇ ਵੱਖਰੀ ਤੇ ਨਵੇਕਲੀ ਪਛਾਣ ਰੱਖਦੇ ਸਨ। ਇਨ੍ਹਾਂ ਤੋਂ ਬਿਨਾਂ ਵੀ ਦਾਹੜੀ ਕੇਸਾਂ ਵਾਲੇ ਦੁਨੀਆਂ ਉੱਤੇ ਹੋਰ ਬਹੁਤ ਸਾਰੇ ਮਹਾਨ ਪੁਰਖ ਵੀ ਹੋਏ ਹਨ।

ਪੱਗੜੀ ਦੇਸ਼ ਕੌਮ ਦਾ ਚਿੰਨ੍ਹ ਵੀ ਹੈ, ਸਿੱਖਾਂ ਦੀ ਪਛਾਣ ਵੀ ਸਾਬਤ ਸਾਉ ਦਾੜ੍ਹੀ ਨਾਲ ਸੋਹਣੀ ਸਜਾਈ ਦਸਤਾਰ ਕਰਕੇ ਹੈ। ਆਸਟ੍ਰੇਲੀਆ ਵਿਚ ਅਜਿਹੇ ਸਿੱਖ ਉੱਤੇ ਪੂਰਨ ਭਰੋਸਾ ਕੀਤਾ ਜਾਂਦਾ ਹੈ। ਭਾਰਤ ਵਿੱਚ ਪੱਗੜੀ ਵਾਲੇ ਵੀ ਰਾਜਸੀ ਨੇਤਾ ਅਤੇ ਕਈ ਧਾਰਮਿਕ ਆਗੂ ਇਸ ਭਰੋਸੇ ਦੇ ਲਾਇਕ ਨਹੀਂ ਹਨ।ਕੌਮਾਂਤਰੀ ਮੰਚ ਉੱਤੇ ਵੀ ਭਾਰਤ ਦੀ ਪਛਾਣ ਪੱਗੜੀ ਹੈ। ਕੌਮਾਂਤਰੀ ਖੇਡਾਂ ਵਿਚ ਭਾਗ ਲੈਣ ਵੇਲੇ ਪੱਗਾਂ ਨਾਲ ਪਰੇਡ ਕਰਦੇ ਹਨ। ਪੂਰੀ ਦੁਨੀਆਂ ਵਿੱਚ ਪੱਗੜੀ ਵਾਲੇ ਵਿਅਕਤੀ ਨੂੰ ਆਪਣੀ ਪਛਾਣ ਦੇਣ ਦੀ ਲੋੜ ਨਹੀਂ ਪੈਂਦੀ। ਪੱਗ ਵਟਾਉਣ ਨਾਲ ਦੋਸਤੀ ਪੱਕੀ-ਪੀਡੀ ਮੰਨੀ ਜਾਂਦੀ ਹੈ। ਪਰੰਤੂ ਪੱਗੜੀ ਲਾਹ ਕੇ ਕਿਸੇ ਦੇ ਪੈਰਾਂ ਉੱਤੇ ਰੱਖਣ ਜਿੰਨੀ ਮਾੜੀ ਗੱਲ ਵੀ ਕੋਈ ਨਹੀਂ।ਪੱਗੜੀ ਬੰਨ੍ਹਣ ਵੇਲੇ ਉਸਨੂੰ ਧਰਤੀ ਉੱਤੇ ਖਿਲਾਰਨਾ ਨਹੀਂ ਚਾਹੀਦਾ। ਕਿਸੇ ਦੀ ਅੰਤਮ ਅਰਦਾਸ ਵੇਲੇ ਘਰ ਦੇ ਵੱਡੇ ਪੁੱਤਰ ਨੂੰ ਜ਼ਿੰਮੇਵਾਰੀ ਦੀ ਪੱਗ ਬੰਨ੍ਹਾਈ ਜਾਂਦੀ ਹੈ।



ਅੱਜ ਕੱਲ੍ਹ ਧਾਰਮਿਕ ਅਹੁਦਿਆਂ ਦੀਆਂ ਲੜਾਈਆਂ ਵੇਲੇ ਪੱਗਾਂ ਉਛਾਲੀਆਂ ਜਾਂਦੀਆਂ ਹਨ।ਤਸਕਰੀ ਲਈ ਪੱਗਾਂ ਵਿੱਚ ਗਲਤ ਅਤੇ ਗੈਰ ਕਾਨੂੰਨੀ ਚੀਜ਼ਾਂ ਛੁਪਾਉਣੀਆਂ ਪੱਗੜੀ ਦੀ ਪਵਿੱਤਰਾ ਉਤੇ ਕਲੰਕ ਲਾਉਣਾ ਹੈ। ਉਂਜ ਅਸੀਂ ਇਮੀਗ੍ਰੇਸਨ ਦੀ ਚੈਕਿੰਗ ਲਈ ਪੱਗ ਨੂੰ ਹੱਥ ਲਾਉਣ ਉੱਤੇ ਵੀ ਬੇਇਜ਼ਤੀ ਸਮਝਦੇ ਹਾਂ। ਬਾਹਰਲੇ ਮੁਲਕਾਂ ਵਿਚ ਉੱਚੇ ਰੁਤਬਿਆਂ ਅਤੇ ਉੱਚ-ਵਪਾਰੀ-ਥਾਵਾਂ ਉੱਤੇ ਬੈਠੇ ਪੱਗੜੀ ਧਾਰੀ ਸਰਦਾਰ ਦੇਸ਼ ਦੀ ਸੋਭਾ ਨੂੰ ਚਾਰ ਚੰਨ ਲਾਉਂਦੇ ਹਨ। ਪੱਗਾਂ ਦੇ ਬਹੁਤ ਸਾਰੇ ਸੋਹਣੇ ਸੋਹਣੇ ਰੰਗ ਮਿਲਦੇ ਹਨ ਅਜੋਕੇ ਨੌਜਵਾਨ ਤਾਂ ਅੱਜਕਲ੍ਹ ਬਹੁਤ ਹੀ ਸੋਹਣੀਆਂ ਪੱਗਾਂ ਬੰਨਦੇ ਹਨ। ਵੱਖ-ਵੱਖਸਰਕਾਰੀ ਵਿਭਾਗਾਂ (ਫ਼ੌਜ) ਆਦਿ ਦੀਆਂ

ਬਾਕੀ ਸਫਾ 39 'ਤੇ .......

## ਵਧਾਈਆਂ

• ਸੈਣੀ ਬਰਾਦਰੀ ਦੇ ਪ੍ਰੋ.ਹਰਗੁਰਦੀਪ ਸਿੰਘ ਨੇ 1 ਸਤੰਬਰ 2016 ਨੂੰ ਅਸਟ੍ਰੇਲੀਆ ਦੀ ਵਿਸ਼ਵ ਪ੍ਰਸਿੱਧ ਕੈਨਬਰਾ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਦਾ ਅਹੁਦਾ ਸੰਭਾਲ ਲਿਆ ਹੈ।ਡਾ.ਸੈਣੀ ਪਹਿਲਾਂ ਕੈਨੇਡਾ ਦੀ ਟੋਰਾਂਟੋ ਯੂਨੀਵਰਸਿਟੀ ਦੇ ਵੀ.ਸੀ.ਸਨ। ਨਵਾਂਸ਼ਹਿਰ ਦੇ ਪਿੰਡ ਪਠਲਾਵਾ ਦਾ ਜੰਮਪਲ ਇਹ ਵਿਗਿਆਨੀ ਪੀ.ਏ.ਯੂ. ਲੁਧਿਆਣਾ ਤੋਂ ਗ੍ਰੈਜੂਏਸ਼ਨ ਅਤੇ ਅਸਟ੍ਰੇਲੀਆ ਦੀ ਐਡੀਲੈਂਡ ਯੂਨੀਵਰਸਿਟੀ ਤੋਂ ਪਲਾਂਟ ਫਿਜ਼ਿਓਲੋਜੀ ਵਿੱਚ ਪੀ.ਐਚ.ਡੀ. ਕਰਨ ਉਪਰੰਤ ਕੈਨੇਡਾ ਦੀਆਂ ਕਈ ਸੰਸਥਾਵਾਂ ਵਿੱਚ ਮਹੱਤਵਪੂਰਨ ਅਹੁਦਿਆਂ ਤੇ ਰਹਿ ਚੁੱਕਾ ਹੈ।ਸਾਰੀ ਸੈਣੀ ਬਰਾਦਰੀ ਨੂੰ ਬਹੁਤ ਬਹੁਤ ਵਧਾਈਆਂ।

• ਰੂਪਨਗਰ ਸ਼ਹਿਰ ਦੇ ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀ ਲੈਕਚਰਾਰ-ਬਾਇਓਲੋਜੀ,ਸ੍ਰੀਮਤੀ ਜਵਤਿੰਦਰ ਕੌਰ ਨੇ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦਾ ਸਟੇਟ ਐਵਾਰਡ ਹਾਸਿਲ ਕਰਕੇ ਸੈਣੀ ਬਰਾਦਰੀ ਅਤੇ ਆਪਣੇ ਸ਼ਹਿਰ ਦਾ ਨਾਮ ਉੱਚਾ ਕੀਤਾ ਹੈ।ਉਨ੍ਹਾਂ ਦੇ ਪਤੀ ਇੰਜ.ਲਖਮਿੰਦਰ ਸਿੰਘ ਸ਼ਹਿਰ ਦੇ ਪ੍ਰਸਿੱਧ ਮੈਰੇਜ ਪੈਲਿਸ,ਜੀ.ਐਸ.ਐਸਟੇਟ ਦੇ ਮਾਲਿਕ ਹਨ।ਦਾਨੀ ਪੁਰਸ਼ ਸ.ਗੁਰਮੁਖ ਸਿੰਘ ਤੇ ਰਿਟਾ.ਸਿੱਖਿਆ ਅਧਿਕਾਰੀ ਸ੍ਰੀਮਤੀ ਅਜੀਤ ਕੌਰ ਦੀ ਪਿਆਰੀ ਨੂੰਹ ਸ੍ਰੀਮਤੀ ਜਵਤਿੰਦਰ ਕੌਰ ਨੇ ਬਾਟਨੀ ਵਿਸ਼ੇ ਵਿੱਚ ਐੱਮ.ਐਸ.ਸੀ.ਅਤੇ ਐੱਮ.ਫਿਲ.ਡਿਗਰੀਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀਆਂ ਹਨ।ਇਹ ਮਾਣਮੱਤਾ ਸਨਮਾਨ ਪ੍ਰਾਪਤ ਕਰਨ ਵਾਲੀ ਉਹ ਰੂਪਨਗਰ ਜਿਲ੍ਹੇ ਦੀ ਇੱਕੋ ਇੱਕ ਅਧਿਆਪਕ ਹੈ।ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਇਸ ਯੋਗ ਅਧਿਆਪਕਾ ਨੂੰ ਬਹੁਤ ਬਹੁਤ ਮੁਬਾਰਕਾਂ।



• ਭਾਰਤ ਦੀ ਪੁਲਾੜ ਸੰਸਥਾ,ਇਸਰੋ ਨੇ ਆਪਣੇ ਅਤਿ ਆਧੁਨਿਕ ਮੌਸਮ ਉਪ-ਗ੍ਰਹਿ ਇਨਸੈਟ-3ਡੀ.ਆਰ.ਨੂੰ ਜੀ.ਐੱਸ.ਐਲ.ਵੀ.-ਐੱਫ 05ਰਾਹੀਂ ਸਫਲਤਾਪੂਰਬਕ ਦਾਗ ਕੇ ਪੁਲਾੜ ਖੇਤਰ ਵਿੱਚ ਨਵੀਂ ਪੁਲਾਂਘ ਪੁੱਟੀ ਹੈ।ਭਾਰਤ ਦੇ ਪੁਲਾੜ ਵਿਗਿਆਨੀਆਂ ਨੂੰ ਇਸ ਕਾਮਯਾਬੀ ਦੀਆਂ ਲੱਖ ਲੱਖ ਵਧਾਈਆਂ।

ਅਸੀਂ ਜਿੰਨਾਂ ਉੱਚਾ ਉੜਾਂਗੇ,
ਉਨ੍ਹਾਂ ਹੀ ਨਾਉੜਨ ਵਾਲਿਆਂ ਨੂੰ ਨਿੱਕੇ-ਨਿੱਕੇ ਦਿਸਾਂਗੇ।

## ਸੈਣੀ ਭਵਨ ਦੀ ਵਿਤੀ ਸਹਾਇਤਾ ਕਰਨ ਵਾਲੇ ਦਾਨੀ ਸੱਜਣਾਂ ਦਾ ਧੰਨਵਾਦ

ਲੰਘੀ ਤਿਮਾਹੀ (ਜੁਲਾਈ-ਸਤੰਬਰ 2016) ਦੌਰਾਨ ਹੇਠ ਲਿਖੇ ਸੱਜਣਾਂ ਨੇ ਸੈਣੀ ਭਵਨ ਦੇ ਭਿੰਨ ਭਿੰਨ ਸਮਾਜ ਸੇਵੀ ਕਾਰਜਾਂ ਲਈ ਮਾਇਕ ਸਹਾਇਤਾ ਕੀਤੀ ਹੈ।

1. ਸ੍ਰੀਮਤੀ ਗੁਰਜਿੰਦਰ ਕੌਰ ਪਤਨੀ ਸ੍ਰੀ ਰਾਜੇਸ਼ ਚੌਧਰੀ, #192 ਡੀ.ਸੀ.ਰੋਡ ਹੁਸ਼ਿਆਰਪੁਰ -25000 ਰੁ.ਵਜ਼ੀਫੇ ਲਈ।
2. ਸ੍ਰੀ ਐੱਲ.ਆਰ ਮੁੰਦਰਾ, ਚੇਅਰਮੈਨ ਸੈਣੀ ਭਵਨ। -20000 ਰੁ:।
3. ਸ.ਹਰਭਾਗ ਸਿੰਘ ਦੇਸੂਮਾਜਰਾ,ਜਨਰਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ -11000 ਰੁਪਏ।
4. ਸ.ਅਜੀਤ ਸਿੰਘ ਕਲਾਥ ਮਰਚੈਂਟ ਰੂਪਨਗਰ,ਟਰੱਸਟੀ ਸੈਣੀ ਭਵਨ ਰੂਪਨਗਰ -10000 ਰੁਪਏ।
5. ਸ.ਗੁਰਚਰਨ ਸਿੰਘ ਰਿਟਾ.ਸੁਪਰਡੈਂਟ,ਪ੍ਰਬੰਧਕੀ ਕਮੇਟੀ ਮੈਂਬਰ ਸੈਣੀ ਭਵਨ ਰੂਪਨਗਰ -10000 ਰੁਪਏ।
6. ਇੰਜ.ਰਾਜੀਵ ਸੈਣੀ ਪੁੱਤਰ ਸਵ.ਪੀ.ਸੀ.ਸੈਣੀ,ਟਰੱਸਟੀ ਸੈਣੀ ਭਵਨ ਰੂਪਨਗਰ -10000 ਰੁਪਏ।
7. ਡਾ. ਅਜਮੇਰ ਸਿੰਘ (ਰਿਟਾ. ਡਿਪਟੀ ਡਾਇਰੈਕਟਰ), ਪ੍ਰਧਾਨ ਸੈਣੀ ਭਵਨ ਰੂਪਨਗਰ - 10000 ਰੁਪਏ।
8. ਸ੍ਰੀ ਰਾਜਿੰਦਰ ਸੈਣੀ ਰਿਟਾ.ਏ.ਪੀ.ਆਰ.ਓ.ਟਰੱਸਟੀ ਸੈਣੀ ਭਵਨ ਰੂਪਨਗਰ -5000 ਰੁਪਏ।
9. ਸ.ਅਮਰਜੀਤ ਸਿੰਘ #7,ਗੁਰੂ ਤੇਗ ਬਹਾਦਰ ਨਗਰ,ਟਰੱਸਟੀ ਸੈਣੀ ਭਵਨ ਰੂਪਨਗਰ -5000 ਰੁਪਏ।
10. ਸ .ਰਾਮ ਸਿੰਘ, #344 ਗਿ. ਜ਼ੈਲ ਸਿੰਘ ਨਗਰ ਰੂਪਨਗਰ,ਟਰੱਸਟੀ ਸੈਣੀ ਭਵਨ -5100 ਰੁਪਏ।
11. ਸ੍ਰੀਮਤੀ ਚੰਦਰ ਕਾਂਤਾ ਪੀ.ਈ.ਐੱਸ. (ਰਿਟਾ.) ਪਤਨੀ ਸਵ. ਸ੍ਰੀ ਰਾਜਿੰਦਰ ਸਿੰਘ, ਰੂਪਨਗਰ -5100 ਰੁਪਏ।
12. ਸ੍ਰੀਮਤੀ ਤ੍ਰਿਪਤਾ ਚਾਨਣਾ, ਪ੍ਰਧਾਨ ਇੰਨਰਵ੍ਹੀਲ ਕਲੱਬ ਰੂਪਨਗਰ -2100 ਰੁਪਏ।
14. ਸ੍ਰੀਮਤੀ ਜਵਤਿੰਦਰ ਕੌਰ ਪਤਨੀ ਇੰਜ. ਲਖਵਿੰਦਰ ਸਿੰਘ, ਜੀ.ਆਰ.ਅਸਟੇਟ, ਰੂਪਨਗਰ - 1100 ਰੁਪਏ
15. ਸ੍ਰੀਮਤੀ ਕੁਸ਼ੱਲਿਆ ਦੇਵੀ ਰੂਪਨਗਰ -1000 ਰੁਪਏ।
16. ਸ. ਬਲਜੀਤ ਸਿੰਘ ਗਿਰਨ ਪੁੱਤਰ ਸਵ.ਜਗਜੀਤ ਸਿੰਘ ਰੂਪਨਗਰ, ਆਪਣੇ ਪਿਤਾ ਦੀ ਯਾਦ ਵਿੱਚ -1000 ਰੁਪਏ।

ਬਾਬਾ ਨਿਧਾਨ ਸਿੰਘ ਜੀ

# ਸੇਵਾ ਤੇ ਸਿਮਰਨ ਦੀ ਅਦੁੱਤੀ ਮਿਸਾਲ

ਡਾ. ਡੀ.ਪੀ. ਸਿੰਘ



ਬਾਬਾ ਨਿਧਾਨ ਸਿੰਘ ਜੀ, ਇਕ ਅਜਿਹੇ ਗੁਰਸਿੱਖ ਸਨ, ਜਿਨ੍ਹਾਂ ਆਪਣਾ ਸਾਰਾ ਜੀਵਨ ਸਿਮਰਨ ਤੇ ਸੇਵਾ ਨੂੰ ਸਮਰਪਿਤ ਕਰ ਦਿੱਤਾ। ਪ੍ਰਭੂ ਪ੍ਰੇਮ ਵਿਚ ਰਤੇ ਹੋਏ ਤੇ ਮਾਨਵਤਾ ਦੀ ਨਿਸ਼ਕਾਮ ਸੇਵਾ ਵਿਚ ਲੀਨ ਬਾਬਾ ਜੀ ਨੇ ਬਹੁਤ ਹੀ ਸਾਦਾ ਤੇ ਪਵਿੱਤਰ ਜੀਵਨ ਗੁਜ਼ਾਰਿਆ। ਉਨ੍ਹਾਂ ਦਾ ਜੀਵਨ ਸਾਡੇ ਸਭ ਲਈ ਸੇਵਾ ਤੇ ਸਿਮਰਨ ਦੀ ਅਦੁੱਤੀ ਮਿਸਾਲ ਹੈ।

(ਬਾਬਾ) ਨਿਧਾਨ ਸਿੰਘ ਦਾ ਜਨਮ 25 ਮਾਰਚ, 1882 ਨੂੰ ਪੰਜਾਬ ਰਾਜ ਦੇ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ, ਪਿੰਡ ਨਡਾਲੋਂ ਵਿਖੇ ਹੋਇਆ। ਆਪ ਦੇ ਪਿਤਾ ਸਰਦਾਰ ਉੱਤਮ ਸਿੰਘ ਇੱਕ ਮਿਹਨਤੀ ਕਿਸਾਨ ਸਨ। ਆਪ ਦੀ ਮਾਤਾ, ਬੀਬੀ ਗੁਲਾਬ ਕੌਰ, ਧਾਰਮਿਕ ਖਿਆਲਾਂ ਵਾਲੀ ਇੱਕ ਸਾਧਾਰਨ ਔਰਤ ਸੀ। ਉਨ੍ਹਾਂ ਨੇ ਮੁੱਢਲੀ ਵਿਦਿਆ ਪਠਲਾਵਾ ਪਿੰਡ ਵਿੱਚ ਮੌਜੂਦ ਨਿਰਮਲਾ ਡੇਰੇ ਤੋਂ ਪ੍ਰਾਪਤ ਕੀਤੀ। ਉਹ ਬਚਪਨ ਤੋਂ ਧਾਰਮਿਕ ਰੁਚੀਆਂ ਦੇ ਮਾਲਕ ਸਨ। ਉਨ੍ਹਾਂ ਨੂੰ ਗੁਰਬਾਣੀ ਪੜ੍ਹਨ ਤੇ ਸੁਣਨ ਦਾ ਖਾਸ ਸ਼ੌਕ ਸੀ। ਗੁਰਬਾਣੀ ਪ੍ਰੇਮ ਤੋਂ ਇਲਾਵਾ ਨੌਜੁਆਨ ਨਿਧਾਨ ਨੂੰ ਕੁਸ਼ਤੀ ਕਰਨ ਦਾ ਵੀ ਬਹੁਤ ਸ਼ੌਕ ਸੀ। ਆਪ ਚਾਰ ਭਰਾਵਾਂ ਵਿਚੋਂ ਸੱਭ ਤੋਂ ਛੋਟੇ ਸਨ। ਪਰਿਵਾਰ ਦੀਆਂ ਵਿੱਤੀ ਮੁਸ਼ਕਿਲਾਂ ਦੀ ਪੂਰਤੀ ਲਈ ਨੌਜਵਾਨ ਨਿਧਾਨ, ਸੰਨ 1900 ਵਿੱਚ ਫੌਜ਼ ਵਿੱਚ ਭਰਤੀ ਹੋ ਗਿਆ। ਪ੍ਰੰਤੂ ਪ੍ਰਭੂ ਭਗਤੀ ਵਿੱਚ ਲਿਪਤ ਉਸ ਦੇ ਮਨ ਨੂੰ ਫੌਜੀ ਨੌਕਰੀ ਰਾਸ ਨਾ ਆਈ। ਉਸ ਦਾ ਮਨ ਤਾਂ ਪ੍ਰਭੂ ਪਿਆਰ ਤੇ ਮਾਨਵਤਾ ਦੀ ਸੇਵਾ ਲਈ ਤੜਪ ਰਿਹਾ ਸੀ। ਝਾਂਸੀ ਵਿਖੇ, ਹਜ਼ੂਰ ਸਾਹਿਬ ਵੱਲ ਜਾਣ ਵਾਲੇ ਜੱਥਿਆਂ ਨੂੰ ਦੇਖ ਕੇ ਉਸ ਦੇ ਮਨ ਵਿਚ ਅਜੀਬ ਧੂਹ ਪੈਂਦੀ ਸੀ। ਅਜਿਹੀ ਮਨੋਵਿਰਤੀ ਵਸ, ਸੰਨ 1901 ਵਿੱਚ ਉਸ ਨੇ ਫੌਜ਼ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

ਜਲਦੀ ਹੀ ਨੌਜੁਆਨ ਨਿਧਾਨ, ਹਜ਼ੂਰ ਸਾਹਿਬ ਜਾਣ ਵਾਲੇ ਜੱਥੇ ਨਾਲ ਰਲ ਗਿਆ ਅਤੇ ਨਾਂਦੇੜ ਦੀ ਯਾਤਰਾ ਤੇ ਚਲ ਪਿਆ। ਨਾਂਦੇੜ ਵਿਖੇ ਪਹੁੰਚ ਕੇ ਉਹ ਉਥੋਂ ਦੇ ਧਾਰਮਿਕ ਮਾਹੌਲ ਤੋਂ ਬਹੁਤ ਪ੍ਰਭਾਵਿਤ ਹੋ ਕੇ ਉਥੇ ਹੀ ਰਹਿਣ ਲੱਗ ਪਏ। ਸੇਵਾ ਤੇ ਸਿਮਰਨ ਵਾਲੀ ਬਿਰਤੀ ਕਾਰਣ ਉਹ ਇਨ੍ਹਾਂ ਕਾਰਜਾਂ ਵਿਚ ਪੂਰੀ ਤਰ੍ਹਾਂ ਜੁੱਟ ਗਏ। ਹਜ਼ੂਰ ਸਾਹਿਬ ਦੀ ਯਾਤਰਾ ਉੱਤੇ ਆਏ ਸ਼ਰਧਾਲੂਆਂ ਲਈ ਪੀਣ ਦੇ ਪਾਣੀ ਦੀ ਦਿੱਕਤ ਨੂੰ ਦੇਖਦੇ ਹੋਏ ਉਨ੍ਹਾਂ ਨੇ ਬੁੰਗਾ ਸਾਧੂ ਸਿੰਘ ਦੇ ਸਥਾਨ ਵਿਖੇ ਛਬੀਲ ਦੀ ਸੇਵਾ ਸ਼ੁਰੂ ਕਰ ਦਿੱਤੀ। ਮੁਫ਼ਤ ਜਲ ਸੇਵਾ ਲਈ ਕਈ ਸਾਲ ਤਕ ਉਹ ਹਰ ਰੋਜ਼ ਗੋਦਾਵਰੀ ਦਰਿਆ ਤੋਂ ਲਗਭਗ 50 ਤੋਂ 100 ਗਾਗਰਾਂ ਪਾਣੀ ਦੀਆਂ ਢੋਂਦੇ ਰਹੇ। ਉਨ੍ਹਾਂ ਨੇ ਨਾਲ ਨਾਲ ਭੁੱਜੇ ਛੋਲਿਆਂ ਅਤੇ ਬਕਲੀਆਂ (ਉਬਲੇ ਛੋਲੇ) ਦਾ ਪ੍ਰਸ਼ਾਦ ਵੀ ਵੰਡਣਾ ਸ਼ੁਰੂ ਕਰ ਦਿੱਤਾ। ਗਰਮੀਆਂ ਦੇ ਮੌਸਮ ਵਿਚ ਆਈਆਂ ਸੰਗਤਾਂ ਨੂੰ ਪੱਖਾ ਝੱਲਣ ਦੀ ਸੇਵਾ ਵੀ ਕਰਦੇ।

ਉਨ੍ਹਾਂ ਨੇ ਇਹ ਨਿਰਸਵਾਰਥ ਸੇਵਾ 12 ਸਾਲ ਤੱਕ ਪੂਰੀ ਤਨਦੇਹੀ ਅਤੇ ਨਿਸ਼ਠਾ ਨਾਲ ਨਿਭਾਈ। ਬਾਬਾ ਜੀ ਹੁਣ ਹਜ਼ੂਰ ਸਾਹਿਬ ਵਿਖੇ ਇਕ ਹਰਮਨ ਪਿਆਰੀ ਸਖ਼ਸ਼ੀਅਤ ਬਣ ਗਏ ਪਰ ਉਨ੍ਹਾਂ ਦੀ ਇਹ ਹਰਮਨ ਪਿਆਰਤਾ ਕੁਝ ਈਰਖਾਲੂ ਲੋਕਾਂ ਨੂੰ ਬਿਲਕੁਲ ਹੀ ਚੰਗੀ ਨਾ ਲੱਗੀ। ਉਨ੍ਹਾਂ ਨੇ ਬਾਬਾ ਜੀ ਦੇ ਕਾਰਜਾਂ ਵਿਚ ਦਖਲ-ਅੰਦਾਜ਼ੀ ਕਰਨੀ ਤੇ ਕਈ ਕਿਸਮ ਦੇ ਅੜਿੱਕੇ ਖੜੇ ਕਰਨੇ ਸ਼ੁਰੂ ਕਰ ਦਿੱਤੇ ਤੇ ਸ਼ਾਬਾ ਜੀ ਨਾਲ ਤਲਫ਼-ਕਲਾਮੀ ਤੋਂ ਵੱਧ, ਮਾਰ-ਕੁੱਟ ਤਕ ਪਹੁੰਚ ਗਿਆ। ਤੰਗ ਆ ਕੇ ਬਾਬਾ ਜੀ ਨੇ ਵਾਪਸ ਪੰਜਾਬ ਜਾਣ ਦਾ ਨਿਸ਼ਚਾ ਕਰ ਲਿਆ।

ਜਦੋਂ ਬਾਬਾ ਨਿਧਾਨ ਸਿੰਘ ਨੰਦੇੜ ਰੇਲਵੇ ਸਟੇਸ਼ਨ ਤੇ ਰੇਲ ਗੱਡੀ ਦੀ ਉਡੀਕ ਕਰ ਰਹੇ ਸਨ ਤਾਂ ਉਹ ਗਹਿਰੇ ਚਿੰਤਨ ਵਿੱਚ ਮਗਨ ਹੋ ਗਏ। ਅਚਾਨਕ ਉਨ੍ਹਾਂ ਨੂੰ ਇਕ ਅਨੋਖਾ ਰਹੱਸਮਈ ਅਨੁਭਵ ਹੋਇਆ। ਉਨ੍ਹਾਂ ਨੂੰ ਆਸਮਾਨ ਵਿਚੋਂ ਤੇਜ਼ ਰੌਸ਼ਨੀ ਆਪਣੇ ਵੱਲ ਆਉਂਦੀ ਨਜ਼ਰ ਆਈ। ਇਸ ਰੌਸ਼ਨੀ ਦੇ ਦਾਇਰੇ ਅੰਦਰ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਸਮੇਤ ਘੋੜੇ ਤੇ ਬਾਜ਼ ਸਮੇਤ ਦਰਸ਼ਨ ਹੋਏ। ਗੁਰੂ ਜੀ ਨੇ ਬਾਬਾ ਜੀ ਨੂੰ ਪੁੱਛਿਆ, "ਕਿੱਥੇ ਜਾ ਰਹੇ ਹੋ ਸਿੰਘ ਜੀ?" ਬਾਬਾ ਜੀ ਨੇ ਹੱਥ ਜੋੜ ਕੇ ਉੱਤਰ ਦਿੱਤਾ, "ਹੇ ਮਾਲਕ ਜੀਓ! ਕੁਝ ਈਰਖਾਲੂ ਲੋਕਾਂ ਕਾਰਣ ਇਥੇ ਸੇਵਾ ਕਰਨੀ ਔਖੀ ਹੋ ਗਈ ਹੈ। ਇਸ ਲਈ ਵਾਪਸ ਪੰਜਾਬ ਜਾ ਰਿਹਾ ਹਾਂ।" ਗੁਰੂ ਜੀ ਨੇ ਬਚਨ ਕੀਤੇ, "ਸਿੰਘ ਜੀ, ਇਥੇ ਹੀ ਰਹੋ। ਲੰਗਰ ਦੀ ਸੇਵਾ ਤੁਸਾਂ ਹੀ ਕਰਨੀ ਹੈ।" ਤਦ ਗੁਰੂ ਜੀ, ਬਾਬਾ ਜੀ ਨੂੰ ਅਸੀਸ ਦਿੰਦੇ ਹੋਏ ਵਰਦਾਨ ਦਿੱਤਾ,"ਹੱਥ ਤੇਰਾ,ਖੀਸਾ ਮੇਰਾ "। ਇਸ ਅਦੁੱਤੀ ਅਨੁਭਵ ਪਿਛੋਂ ਬਾਬਾ ਨਿਧਾਨ ਸਿੰਘ ਨੇ ਪੰਜਾਬ ਜਾਣ ਦਾ ਇਰਾਦਾ ਛੱਡ ਦਿੱਤਾ। ਹੁਣ ਉਨ੍ਹਾਂ ਨੇ ਨੰਦੇੜ ਵਿਖੇ, ਪੱਕੇ ਤੌਰ ਉੱਤੇ ਰਹਿ ਕੇ, ਗੁਰੂ ਸਾਹਿਬ ਵਲੋਂ ਬਖਸ਼ੀ ਸੇਵਾ ਨਿਭਾਉਣ ਦਾ ਮਨ ਬਣਾ ਲਿਆ।

ਸੰਨ 1912 ਵਿੱਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੱਡੋਂ ਦੇ ਸਰਦਾਰ ਕੁੰਦਨ ਸਿੰਘ ਅਤੇ ਪਿੰਡ ਪਾਲਦੀ ਦੇ ਸਰਦਾਰ ਨਗੀਨਾ ਸਿੰਘ ਹਜ਼ੂਰ ਸਾਹਿਬ ਦੀ ਯਾਤਰਾ 'ਤੇ ਆਏ। ਬਾਬਾ ਜੀ ਦੀ ਸੇਵਾ-ਭਗਤੀ ਬਾਰੇ ਜਾਣ ਕੇ ਉਹ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਨੇ ਬਾਬਾ ਜੀ ਦੁਆਰਾ ਮਾਨਵਤਾ ਦੇ ਭਲੇ ਲਈ ਕੀਤੇ ਜਾਂਦੇ ਕਾਰਜਾਂ ਅਤੇ ਵਿਕਾਸ ਲਈ ਸੱਠ ਹਜ਼ਾਰ ਰੁਪਏ ਭੇਂਟ ਕੀਤੇ। ਇਸ ਰਕਮ ਨਾਲ ਬਾਬਾ ਜੀ ਨੇ, ਗੋਦਾਵਰੀ ਦਰਿਆ ਦੇ ਕਿਨਾਰੇ, ਨਗੀਨਾ ਘਾਟ ਦੇ ਸਥਾਨ ਵਿਖੇ, ਗੁਰਦੁਆਰਾ ਲੰਗਰ ਸਾਹਿਬ ਦੀ ਨਿਮਾਰਤ ਦਾ ਨਿਰਮਾਣ

ਕਰਵਾਇਆ। ਹੁਣ ਹਰ ਸਾਲ ਲੱਖਾਂ ਲੋਕ ਹਜ਼ੂਰ ਸਾਹਬ ਦੀ ਯਾਤਰਾ ਲਈ ਜਾਂਦੇ ਹਨ ਅਤੇ ਉਹ ਲੰਗਰ ਸਾਹਿਬ ਵਿਖੇ "ਗੁਰੂ ਦਾ ਲੰਗਰ" ਦਾ ਆਨੰਦ ਉਠਾਉਂਦੇ ਹਨ। ਸੰਗਤਾਂ ਨੂੰ 24 ਘੰਟੇ ਲੰਗਰ ਦੀ ਸੇਵਾ ਉਪਲਬਧ ਰਹਿੰਦੀ ਹੈ।

ਗੁਰਦੁਆਰਾ ਲੰਗਰ ਸਾਹਿਬ ਵਿਖੇ, ਸੰਗਤਾਂ ਲਈ ਰਿਹਾਇਸ਼, ਡਿਸਪੈਂਸਰੀ ਤੇ ਲਾਇਬ੍ਰੇਰੀ ਸੁਵਿਧਾਵਾਂ ਵੀ ਉਪਲਬਧ ਹਨ। ਸ਼ਰਧਾਲੂਆਂ ਦੀ ਰਿਹਾਇਸ਼ ਲਈ ਸੱਤ ਸਰਾਵਾਂ ਦਾ ਨਿਰਮਾਣ ਕੀਤਾ ਗਿਆ ਹੈ ਜਿਨ੍ਹਾਂ ਵਿਚ ਕੁਲ 1100 ਕਮਰੇ ਹਨ। ਜਿਨ੍ਹਾਂ ਵਿਚ ਇਕੋਂ ਸਮੇਂ ਲਗਭਗ ਦਸ ਹਜ਼ਾਰ ਸ਼ਰਧਾਲੂ ਠਹਿਰਾਏ ਜਾ ਸਕਣ ਦੀ ਸੁਵਿਧਾ ਮੌਜੂਦ ਹੈ। ਅੱਜਕਲ ਗੁਰਦੁਆਰਾ ਪ੍ਰਬੰਧਕੀ ਕਮੇਟੀ ਬਾਬਾ ਨਰਿੰਦਰ ਸਿੰਘ ਜੀ ਦੀ ਦੇਖ ਰੇਖ ਵਿਖ ਚਲ ਰਹੀ ਹੈ। ਉਨ੍ਹਾਂ ਨੇ ਨੰਦੇੜ ਸਾਹਿਬ ਅਤੇ ਆਲੇ ਦੁਆਲੇ ਦੇ ਇਲਾਕੇ ਵਿਚ ਗੁਰਦੁਆਰਿਆਂ ਦਾ ਨਿਰਮਾਣ ਕਰਵਾਇਆ। ਲੰਗਰ ਅਤੇ ਗੁਰਦੁਆਰਾ ਨਿਰਮਾਣ ਕਾਰਜਾਂ ਦੇ ਖਰਚਿਆਂ ਦੀ ਪੂਰਤੀ ਲਈ ਉਨ੍ਹਾਂ ਧਰਮ ਪ੍ਰਚਾਰ ਦੌਰੇ ਸ਼ੁਰੂ ਕਰ ਕੀਤੇ। ਜਿਸ ਲਈ ਉਨ੍ਹਾਂ ਨੇ ਫੌਜੀ ਯੂਨਿਟਾਂ ਵਿਚ ਜਾਣ ਨੂੰ ਤਰਜ਼ੀਹ ਦਿੱਤੀ।

ਆਪਣੇ ਅਣਥੱਕ ਯਤਨਾਂ ਨਾਲ ਉਨ੍ਹਾਂ ਨੇ ਸੰਨ 1931 ਵਿਚ, ਮਨਮਾੜ ਵਿਖੇ, ਗੁਰਦੁਆਰਾ ਗੁਪਤਸਰ ਸਾਹਿਬ ਸੰਨ 1932 ਵਿਚ ਗੁਰਦੁਆਰਾ ਪੰਜਾ ਸਾਹਿਬ ਅਤੇ ਸੰਨ 1933 ਵਿਚ ਉਨ੍ਹਾਂ ਕਰਾਚੀ ਵਿਖੇ ਗੁਰਦੁਆਰਾ ਖ਼ਾਲਸਾ ਦੀਵਾਨ ਅਤੇ ਰਾਵਲਪਿੰਡੀ ਜ਼ਿਲ੍ਹੇ ਦੇ ਨਗਰ ਕਾਹੁਟਾ ਵਿਖੇ ਗੁਰਦੁਆਰਾ ਤਤ ਖਾਲਸਾ ਦਾ ਨਿਰਮਾਣ ਕਰਵਾਇਆ। ਉਨ੍ਹਾਂ ਨੇ ਨੰਦੇੜ ਸਾਹਿਬ ਵਿਚ ਗੁਰਦੁਆਰਾ ਰਤਨਗੜ੍ਹ ਸਾਹਿਬ ਅਤੇ ਗੁਰਦੁਆਰਾ ਨਾਨਕਪੁਰੀ ਸਾਹਿਬ, ਭੁਸਵਲ ਵਿਖੇ ਗੁਰਦੁਆਰਾ ਸਾਹਿਬ ਦੇ ਨਿਰਮਾਣ ਅਤੇ ਪਿੰਡ ਨਡਾਲੋਂ ਵਿਖੇ ਗੁਰਦੁਆਰਾ ਸੰਤ ਬਾਬਾ ਦੀਵਾਨ ਜੀ ਦੇ ਵਿਕਾਸ ਕਾਰਜਾਂ ਵਿਚ ਵਿਲੱਖਣ ਭੂਮਿਕਾਂ ਨਿਭਾਈ। ਬਾਬਾ ਜੀ ਨੇ ਇਨ੍ਹਾਂ ਸਾਰੇ ਸਥਾਨਾਂ ਵਿਖੇ "ਸ਼ਬਦ" (ਗੁਰਬਾਣੀ) ਦਾ ਲੰਗਰ ਵੀ ਚਾਲੂ ਕੀਤਾ ਜੋ ਇਨ੍ਹਾਂ ਸਥਾਨਾਂ ਵਿਖੇ ਅੱਜ ਵੀ ਸੰਗਤਾਂ ਦੀ ਆਤਮਿਕ ਤ੍ਰਿਪਤੀ ਦਾ ਮਹਤਵਪੂਰਣ ਸੋਮਾ ਹੈ।

ਬਾਬਾ ਨਿਧਾਲ ਸਿੰਘ ਵਿੱਦਿਆ ਪ੍ਰਦਾਨ ਕਾਰਜਾਂ ਦੀ ਮਹਤੱਤਾਂ ਤੋਂ ਬਾਖੂਬੀ ਜਾਣੂ ਸਨ। ਵਿਦਿਆਰਥੀਆਂ ਦੇ ਸਿਖਲਾਈ ਕਾਰਜਾਂ ਦੀ ਲੋੜ ਪੂਰਤੀ ਲਈ ਉਨ੍ਹਾਂ ਪਿੰਡ ਬੱਡੋਂ ਵਿਖੇ ਖਾਲਸਾ ਹਾਈ ਸਕੂਲ ਦੀ ਸਥਾਪਨਾ ਵਿਚ ਅਹਿਮ ਯੋਗਦਾਨ ਪਾਇਆ।

4 ਅਗਸਤ 1947 ਨੂੰ 65 ਸਾਲਾਂ ਦੀ ਉਮਰ ਵਿਚ ਬਾਬਾ ਜੀ ਗੁਰਪੁਰੀ ਸਿਧਾਰ ਗਏ। ਇਕ ਸਾਧਾਰਨ ਪਰਿਵਾਰ ਵਿਚ ਪੈਦਾ ਹੋਏ ਬਾਬਾ ਨਿਧਾਨ ਸਿੰਘ ਜੀ ਨੇ ਪੂਰੀ ਸੁਹਿਰਦਤਾ ਤੇ ਸੁਦ੍ਰਿੜਤਾ ਨਾਲ ਪ੍ਰਭੂ ਭਗਤੀ (ਸਿਮਰਨ) ਕਰਦੇ ਹੋਏ ਸਮੂਹ ਮਾਨਵਤਾ ਲਈ ਨਿਸ਼ਕਾਮ ਸੇਵਾ ਦੀ ਇਕ ਬੇਮਿਸਾਲ ਉਦਾਹਰਣ ਪੈਦਾ ਕੀਤੀ। – ਮਿਸੀਸਿਗਾ ਓਂਟਾਰੀਓ (ਕੈਨੇਡਾ)

.....ਪੰਨਾ 8 ਦੀ ਬਾਕੀ

ਸ੍ਰੀ ਯੋਗੇਸ਼ ਮੋਹਨ ਪੰਕਜ ਨੈਸ਼ਨਲ ਯੂਥ ਐਵਾਰਡੀ ਨੇ ਨਿਰਪੱਖ ਢੰਗ ਨਾਲ ਕੀਤੀ। ਪੰਜਾਬੀ ਦੇ ਮੁਕਾਬਲੇ ਵਿੱਚ ਸੇਂਟ ਕਾਰਮਲ ਸਕੂਲ ਕਟਲੀ ਦੇ ਹਰਸ਼ ਤਿਵਾੜੀ ਨੇ ਪਹਿਲਾ,ਬੀਬੀ ਸ਼ਰਨਜੀਤ ਕੌਰ ਖਾਲਸਾ ਕਾਲਜ ਚਮਕੌਰ ਸਾਹਿਬ ਦੇ ਚਰਨਪ੍ਰੀਤ ਨੇ ਦੂਜਾ, ਸਾ.ਅ.ਸਿੰ.ਅਕੈਡਮੀ ਰੂਪਨਗਰ ਦੀ ਸ਼ੁੱਭਰੀਤ ਕੌਰ ਨੇ ਤੀਜਾ, ਸ.ਗ.ਸੀ.ਸੈ.ਸਕੂਲ ਰੂਪਨਗਰ ਦੀ ਅਮਨਜੋਤ ਕੌਰ ਨੇ ਚੌਥਾ ਅਤੇ ਡੀ.ਏ.ਵੀ.ਪਬਲਿਕ ਸਕੂਲ ਰੂਪਨਗਰ ਦੀ ਜਾਪ ਕੌਰ ਨੇ ਪੰਜਵਾਂ ਸਥਾਨ ਹਾਸਿਲ ਕੀਤਾ। ਅੰਗਰੇਜ਼ੀ ਦੇ ਭਾਸ਼ਣ ਮੁਕਾਬਲੇ ਵਿੱਚ, ਸ੍ਰੀ ਦਸਮੇਸ਼ ਅਕੈਡਮੀ ਆਨੰਦਪੁਰ ਸਾਹਿਬ ਦੀ ਨਵਕਿਰਨ, ਸਾ. ਅ. ਸਿੰ. ਅਕੈ. ਰੂਪਨਗਰ ਦੀ ਗਰਿਮਾ ਭਾਰਗਵ, ਸੇਂਟ ਕਾਰਮਲ ਸਕੂਲ ਕਟਲੀ ਦੀ ਸਾਲਿਨੀ, ਡੀ.ਏ.ਵੀ.ਪਬਲਿਕ ਸਕੂਲ ਰੂਪਨਗਰ ਦੇ ਪਿਊਸ਼ ਸ਼ਰਮਾ ਤੇ ਸੇਂਟ ਕਾਰਮਲ ਸਕੂਲ ਕਟਲੀ ਦੇ ਮੋਹਤ ਵਰਮਾ ਨੂੰ ਕ੍ਰਮਵਾਰ ਪਹਿਲਾ,ਦੂਜਾ,ਤੀਜਾ,ਚੌਥਾ ਤੇ ਪੰਜਵਾਂ .ਸਥਾਨ ਮਿਲਿਆ। ਇਨ੍ਹਾਂ ਜੇਤੂ ਵਿਦਿਆਰਥੀਆਂ ਨੂੰ 8 ਅਕਤੂਬਰ 2016 ਨੂੰ ਸਾਲਾਨਾ ਸਿੱਖਿਆ ਸਮਾਗਮ ਸਮੇਂ ਇਨਾਮ ਦਿੱਤੇ ਜਾਣਗੇ। ਸੈਣੀ ਭਵਨ ਦੇ ਪ੍ਰਧਾਨ ਡਾ.ਅਜਮੇਰ ਸਿੰਘ ਨੇ ਇਸ ਪ੍ਰਤਿਯੋਗਤਾ ਵਿੱਚ ਭਾਗ ਲੈਣ ਆਏ ਵਿਦਿਆਰਥੀਆਂ, ਉਨ੍ਹਾਂ ਦੇ ਨਾਲ ਆਏ ਅਧਿਆਪਕਾਂ,ਜੱਜਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਿਆ ਅਤੇ ਭਾਸ਼ਣ ਮੁਕਾਬਲੇ ਦੇ ਨਿਯਮਾਂ ਤੋਂ ਜਾਣੂ ਕਰਵਾਇਆ। ਡਾ.ਜਸਵੰਤ ਕੌਰ ਨੇ ਪੰਜਾਬੀ ਦੇ ਮੁਕਾਬਲੇ ਦਾ ਅਤੇ ਸ.ਗੁਰਮੁਖ ਸਿੰਘ ਲੌਂਗੀਆ ਨੇ ਅੰਗਰੇਜ਼ੀ ਦੇ ਮੁਕਾਬਲੇ ਦਾ ਸੰਚਾਲਨ ਕੀਤਾ। ਸਟੇਜ ਦੀ ਸਾਰੀ ਕਾਰਵਾਈ ਸ੍ਰੀ ਰਾਜਿੰਦਰ ਸੈਣੀ ਨੇ ਅਤੇ ਟਾਇਮਕੀਪਰ ਦੀ ਜ਼ਿੰਮੇਵਾਰੀ ਸ.ਰਾਜਿੰਦਰ ਸਿੰਘ ਨੇ ਪੂਰੀ ਸਫਲਤਾਪੂਰਬਕ ਨਾਲ ਨਿਭਾਈ। ਸੈਣੀ ਭਵਨ ਦੇ ਜਨਰਲ ਸਕੱਤਰ ਸ. ਬਲਬੀਰ ਸਿੰਘ ਸੈਣੀ ਨੇ ਸਭ ਦਾ ਧੰਨਵਾਦ ਕੀਤਾ। ਇਸ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਮਹਿਲਾ ਕਮਿਸ਼ਨ ਦੇ ਮੈਂਬਰ ਸ਼੍ਰੀਮਤੀ ਪਲਵਿੰਦਰ ਕੌਰ ਰਾਣੀ ਸਨ ਜਿਨ੍ਹਾਂ ਨੇ ਸਾਰੇ ਹਾਜ਼ਰੀਨ ਨੂੰ ਲੱਡੂ ਖੁਆਏ ਅਤੇ ਭਾਗ ਲੈਣ ਵਾਲਿਆਂ ਨੂੰ ਸਰਟੀਫੀਕੇਟ ਪ੍ਰਦਾਨ ਕੀਤੇ। ਇਸ ਸਮਾਗਮ ਨੂੰ ਕਾਮਯਾਬੀ ਨਾਲ ਨੇਪਰੇ ਚਾੜ੍ਹਨ ਵਿੱਚ ਸ.ਅਮਰਜੀਤ ਸਿੰਘ,ਸ.ਸੁਰਿੰਦਰ ਸਿੰਘ, ਸ.ਹਰਜੀਤ ਸਿੰਘ ਗਿਰਨ, ਸ.ਪ੍ਰਿਤਪਾਲ ਸਿੰਘ, ਸ.ਅਜਮੇਰ ਸਿੰਘ, ਸ.ਗੁਰਚਰਨ ਸਿੰਘ, ਸ.ਹਰਦੀਪ ਸਿੰਘ,ਸ.ਦਲਜੀਤ ਸਿੰਘ, ਦਰਸ਼ਨ ਸਿੰਘ ਕੇਅਰਟੇਕਰ ਨੇ ਪੂਰਾ ਸਹਿਯੋਗ ਦਿੱਤਾ। ਇਸ ਸਮੇਂ ਸ.ਰਾਮ ਸਿੰਘ.ਸ.ਗੁਰਮੁਖ ਸਿੰਘ,ਸ੍ਰੀ ਸਤੀਸ਼ ਸੈਣੀ,ਤੇ ਸ.ਮਲਕੀਅਤ ਸਿੰਘ ਵੀ ਹਾਜ਼ਿਰ ਸਨ।

ਸਭ ਤੋਂ ਖਤਰਨਾਕ ਹੁੰਦਾ ਹੈ, ਮੁਰਦਾ ਸ਼ਾਂਤੀ ਨਾਲ ਭਰ ਜਾਣਾ।
ਨਾ ਹੋਣਾ ਤੜਪ ਦਾ, ਸਭ ਸਹਿਨ ਕਰ ਜਾਣਾ।
ਸਭ ਤੋਂ ਖਤਰਨਾਕ ਹੁੰਦਾ ਹੈ, ਸਾਡੇ ਸੁਪਨਿਆਂ ਦਾ ਮਰ ਜਾਣਾ।

ਸਮਾਜਿਕ ਬੁਰਾਈ

# ਸਮਾਜ ਲਈ ਸੰਕਟ ਬਣ ਰਹੀ ਮਹਿਮਾਨਨਿਵਾਜ਼ੀ

ਹਮੀਰ ਸਿੰਘ

ਅਜੋਕੇ ਖ਼ਪਤਵਾਦੀ ਸਮਾਜਿਕ ਵਰਤਾਰੇ ਦੌਰਾਨ ਰਿਸ਼ਤਿਆਂ ਦਾ ਨਿੱਘ ਗੁਆਚ ਰਿਹਾ ਹੈ। ਇੱਕ ਪਾਸੇ ਜਿੱਥੇ ਭੀੜ ਵਿੱਚ ਇਕਲਾਪਾ ਝੱਲ ਰਹਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ,ਉੱਥੇ ਦੂਜੇ ਪਾਸੇ ਵਿਆਹਾਂ , ਮਰਨਿਆਂ ਅਤੇ ਹੋਰ ਸਮਾਜਿਕ ਸਮਾਗਮਾਂ ਦੇ ਇੱਕਠਾਂ ਰਾਹੀਂ ਸਮਾਜਿਕ ਰਿਸ਼ਤਿਆਂ ਦਾ ਦਾਇਰਾ ਵਧਣ-ਫੁੱਲਣ ਦਾ ਝਲਕਾਰਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਬਾਜ਼ਾਰੀਤੰਤਰ ਵਿੱਚ ਹਰ ਚੀਜ਼ ਦੀ ਨੁਮਾਇਸ਼ ਲਾ ਕੇ ਉਸ ਨੂੰ ਵਧੀਆ ਅਤੇ ਮਜ਼ਬੂਤ ਸਾਬਤ ਕਰਨ ਦੇ ਰੁਝਾਨ ਦਾ ਅਸਰ ਸਮਾਜਿਕ ਸਮਾਗਮਾਂ ਉੱਤੇ ਵੀ ਦਿਖਾਈ ਦੇਣ ਲੱਗਿਆ ਹੈ। ਇਹੀ ਕਾਰਨ ਹੈ ਕਿ ਅੱਜ ਕੱਲ੍ਹ ਮਹਿਮਾਨਨਿਵਾਜ਼ੀ ਹੋਛੇਪਣ ਵਿੱਚ ਤਬਦੀਲ ਹੋਈ ਨਜ਼ਰ ਆ ਰਹੀ ਹੈ। ਸਾਡੇ ਸਭਿਆਚਾਰ ਵਿੱਚ ਕਿਹਾ ਜਾਂਦਾ ਹੈ ਕਿ ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਦੁੱਖ ਵਿੱਚ ਸ਼ਰੀਕ ਹੋਣ ਨਾਲ ਦੁੱਖ ਅੱਧਾ ਰਹਿ ਜਾਂਦਾ ਹੈ ਅਤੇ ਸੁੱਖ ਵਿੱਚ ਸ਼ਾਮਲ ਹੋਣ ਨਾਲ ਖ਼ੁਸ਼ੀ ਦੁੱਗਣੀ ਹੋ ਜਾਂਦੀ ਹੈ।

ਅਜੋਕੇ ਦੌਰ ਵਿੱਚ ਦੁੱਖ ਅਤੇ ਸੁੱਖ ਨਾਲ ਸਬੰਧਤ ਸਮਾਗਮ ਸ਼ਕਤੀਪ੍ਰਦਰਸ਼ਨ ਅਤੇ ਸਬੰਧਤ ਪਰਿਵਾਰ ਤੇ ਵਿਅਕਤੀ ਦੇ ਸਮਾਜਿਕ ਰੁਤਬੇ ਦਾ ਆਧਾਰ ਜ਼ਿਆਦਾ ਬਣ ਰਹੇ ਹਨ ਕਿਉਂਕਿ ਸਿਆਸੀ ਅਤੇ ਆਰਥਿਕ ਹਰ ਖੇਤਰ ਵਿਚ ਵੱਡੇ ਇਕੱਠ ਨੂੰ ਵੱਡੇ ਰੁਤਬੇ ਨਾਲ ਜੋੜ ਦਿੱਤਾ ਗਿਆ ਹੈ।ਸਮਾਜਿਕ ਮਾਨਤਾਵਾਂ ਵਿੱਚ ਤਬਦੀਲੀ ਹੀ ਹੈ ਕਿ ਲੋਕਾਂ ਦੇ ਜ਼ਿਹਨ ਵਿੱਚ ਹੁਣ ਵੱਡੀ ਗੱਡੀ, ਵੱਡੀ ਕੋਠੀ, ਬਲੈਕ ਕੈਟ ਕਮਾਂਡੋ ਅਤੇ ਲਾਮ-ਲਸ਼ਕਰ ਵਾਲਾ ਵੱਡਾ ਬੰਦਾ ਬਣ ਗਿਆ ਹੈ। ਇਸ ਨੇ ਸਾਦਗੀ, ਸੰਜਮ, ਅਕਲਮੰਦੀ ਅਤੇ ਸਮਾਜ ਲਈ ਕੁਰਬਾਨੀ ਵਾਲੇ ਫ਼ਕੀਰੀ ਰੁਝਾਨ ਵਾਲਿਆਂ ਨਾਲੋਂ ਧਨ ਅਤੇ ਬਲਵਾਲਿਆਂ ਦੇ ਦਬਦਬੇ ਨੂੰ ਵਧਾ ਦਿੱਤਾ ਹੈ। ਸਮਾਜਿਕ ਇਕੱਠ ਇਸੇ ਦੀ ਝਲਕ ਪੇਸ਼ ਕਰ ਰਹੇ ਹਨ।

ਦੇਸ਼ ਵਿੱਚ ਸਮਾਜਿਕ ਸਮਾਰੋਹਾਂ ਵਿੱਚ ਭੋਜਨ ਦੀ ਹੋ ਰਹੀ ਦੁਰਗਤੀ ਦਾ ਅਨੁਮਾਨ ਲਗਾਉਣ ਲਈ ਇੰਡੀਅਨ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ ਨੇ ਸੈਂਟਰ ਫਾਰ ਕਨਜ਼ਿਊਮਰ ਸਟੱਡੀ ਤੋਂ ਇੱਕ ਅਧਿਐਨ ਕਰਵਾਇਆ ਹੈ। ਸਾਲ 2012 ਵਿੱਚ ਸਾਹਮਣੇ ਆਈ ਇਸ ਰਿਪੋਰਟ ਅਨੁਸਾਰ ਦੇਸ਼ ਦੇ 46 ਫ਼ੀਸਦੀ ਬੱਚੇ ਕਮਜ਼ੋਰ ਪੈਦਾ ਹੋ ਰਹੇ ਹਨ ਅਤੇ ਵੱਡੀ ਆਬਾਦੀ ਦੋ ਡੰਗ ਦੀ ਰੋਟੀ ਨੂੰ ਤਰਸ ਰਹੀ ਹੈ। ਇਸ ਦੇ ਬਾਵਜੂਦ ਵੱਡੇ ਸਮਾਜਿਕ ਸਮਾਰੋਹਾਂ ਉੱਤੇ 25 ਫ਼ੀਸਦੀ ਤਕ ਭੋਜਨ ਬਰਬਾਦ ਹੁੰਦਾ ਹੈ। ਰਿਪੋਰਟ ਅਨੁਸਾਰ ਸ਼ਾਹੀ ਤੌਰ -ਤਰੀਕੇ ਦੇ ਵਿਆਹਾਂ ਵਿੱਚ ਦਸ ਹਜ਼ਾਰ ਤਕ ਦਾ ਇਕੱਠ ਹੁੰਦਾ ਹੈ ਅਤੇ 300 ਤੋਂ 350 ਵੰਨਗੀਆਂ ਦਾ ਖਾਣਾ ਪਰੋਸਿਆ ਜਾਂਦਾ ਹੈ। ਇਸ ਨੂੰ ਸਮਾਜਿਕ ਅਪਰਾਧ ਮੰਨਦਿਆਂ ਕਦਮ ਉਠਾਉਣ ਦੀ ਸਿਫ਼ਾਰਿਸ਼ ਕੀਤੀ ਗਈ ਹੈ।ਇਨ੍ਹਾਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਨੇ ਇਸ ਸਬੰਧੀ ਇੱਕ ਕਮੇਟੀ ਵੀ ਬਣਾਈ ਸੀ। ਕਿਉਂਕਿ ਇਹ ਬਾਜ਼ਾਰੀ ਤਾਕਤਾਂ ਦੇ ਸਾਹਮਣੇ ਸਮਾਜਿਕ ਸਰੋਕਾਰਾਂ ਨੂੰ ਤਰਜੀਹ ਦੇਣ ਵਾਲੀ ਸਿਆਸਤ ਦਾ ਦੌਰ ਨਹੀਂ ਰਿਹਾ, ਇਸ ਲਈ ਸਰਕਾਰ ਵੱਲੋਂ ਅੱਗੇ ਕੋਈ ਕਾਰਵਾਈ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ।ਦੇਸ਼ ਵਿੱਚ ਭੁੱਖਮਰੀ ਦੇ ਚੱਲਦਿਆਂ 1950 ਵਿੱਚ ਕੇਂਦਰ ਸਰਕਾਰ ਨੇ ਜ਼ਰੂਰੀ ਸੇਵਾਵਾਂ ਕਾਨੂੰਨ ਤਹਿਤ ਮਹਿਮਾਨ ਕੰਟਰੋਲ ਆਰਡਰ ਲਾਗੂ ਕੀਤਾ ਸੀ। ਚੀਨ ਨਾਲ ਜੰਗ ਅਤੇ ਦੇਸ਼ ਦੇ ਕੁਝ ਰਾਜਾਂ ਵਿੱਚ ਅਕਾਲ ਮੌਕੇ ਇਹ ਆਰਡਰ ਲਾਗੂ ਕੀਤਾ ਗਿਆ ਸੀ।ਅਸਾਮ ਸਮੇਤ ਬਹੁਤ ਸਾਰੇ ਸੂਬਿਆਂ ਨੇ 1966 ਤੋਂ ਬਾਅਦ ਮਹਿਮਾਨ ਕੰਟਰੋਲ ਆਰਡਰ ਲਾਗੂ ਕੀਤਾ।ਹੁਣ ਵੀ ਦਸ ਸੂਬਿਆਂ ਅੰਦਰ ਸੋਕੇ ਨੇ ਬਹੁਤ ਸਾਰੇ ਖੇਤਰਾਂ ਵਿੱਚ ਅਕਾਲ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਅਜਿਹੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ।ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮੀਰੀ ਦਾ ਮੁਜ਼ਾਹਰਾ ਕਰਨ ਦੀ ਸ਼ਹਿਰਾਂ ਤੋਂ ਸ਼ੁਰੂ ਹੋਈ ਰਵਾਇਤ ਦਾ ਅਸਰ ਹੁਣ ਪਿੰਡਾਂ ਤਕ ਵੀ ਪਹੁੰਚ ਗਿਆ ਹੈ। ਅਮੀਰੀ ਤੱਕ ਦੀ ਪੌੜੀ ਚੜ੍ਹਨ ਦਾ ਚਾਹਵਾਨ ਮੱਧਵਰਗ ਸਾਹੋ ਸਾਹ ਹੋਇਆ ਵੀ ਇਸ ਰਾਹ ਉੱਤੇ ਸਰਪੱਟ ਦੌੜ ਰਿਹਾ ਹੈ। ਇਹ ਰੁਝਾਨ ਹੁਣ ਨਾ ਚਾਹੁੰਦਿਆਂ ਵੀ ਸਮਾਜ ਦੇ ਇੱਕ ਵੱਡੇ ਵਰਗ ਉੱਤੇ ਸਮਾਜਿਕ ਕੁੰਡੇ ਵਜੋਂ ਸਥਾਪਤ ਹੋ ਗਿਆ ਹੈ ਅਤੇ ਇਸ ਨੂੰ ਸਮਾਜਿਕ ਦਬਾਅ ਦੇ ਚਲਦਿਆਂ ਵਿਆਹਾਂ ਤੇ ਮਰਨਿਆਂ ਉੱਤੇ ਸਮਰੱਥਾ ਤੋਂ ਵੱਧ ਖ਼ਰਚ ਕਰਨਾ ਪੈ ਰਿਹਾ ਹੈ।

ਇਸ ਵਰਤਾਰੇ ਨੇ ਪੰਜਾਬੀਆਂ ਨੂੰ ਵੀ ਝੰਜੋੜ ਕੇ ਰੱਖ ਦਿੱਤਾ ਹੈ। ਭੋਜਨ ਦੀ ਬਰਬਾਦੀ ਅਤੇ ਪਿੰਡਾਂ ਦੇ ਵੱਡੇ ਵਰਗ ਦੇ ਕਰਜ਼ੇ ਨਾਲ ਵੀ ਇਸ ਦਾ ਨੇੜਲਾ ਸਬੰਧ ਹੈ। ਖੇਤੀ ਦੇ ਘਾਟੇਵੰਦਾ ਸੌਦਾ ਬਣ ਜਾਣ ਨਾਲ ਕਿਸਾਨ ਨੂੰ ਆਪਣਾ ਸਮਾਜਿਕ ਰੁਤਬਾ ਬਰਕਰਾਰ ਰੱਖਣ ਦਾ ਸੰਕਟ ਉਸ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ। ਨਤੀਜਾ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੇ ਰੂਪ ਵਿੱਚ ਸਾਹਮਣੇ ਹੈ। ਖੇਤੀ ਦੇ ਸੰਕਟ ਦਾ ਹੱਲ ਸਰਕਾਰੀ ਨੀਤੀਆਂ ਅਤੇ ਖੇਤੀ ਨੂੰ ਲਾਹੇਵੰਦ ਬਣਾਉਣ ਨਾਲ ਹੀ ਸੰਭਵ ਹੈ ਅਤੇ ਹਾਲੇ ਤਕ ਦੇਸ਼ ਤੇ ਪੰਜਾਬ ਦੀਆਂ ਸੱਤਾਧਾਰੀ ਸਿਆਸੀ ਪਾਰਟੀਆਂ ਵੱਲੋਂ ਅਜਿਹਾ ਕੋਈ ਠੋਸ ਕਦਮ ਉਠਾਉਣ ਦਾ ਸੰਕੇਤ ਨਹੀਂ ਮਿਲ ਰਿਹਾ। ਇਸ ਲਈ ਸਿਆਸੀ ਖੇਤਰ ਵਿੱਚ ਏਜੰਡੇ ਦੇ ਰੂਪ ਵਿੱਚ ਪੇਸ਼ਕਾਰੀ ਅਹਿਮ ਹੈ ਅਤੇ ਨਾਲ ਹੀ ਟੁੱਟ ਰਹੀਆਂ ਭਾਈਚਾਰਕ ਤੰਦਾਂ ਨੂੰ ਮਜ਼ਬੂਤ ਕਰਦਿਆਂ ਸੰਕਟ ਦੇ ਮੌਕੇ ਕੁਝ ਐਮਰਜੈਂਸੀ ਕਦਮ ਉਠਾਉਣ ਦੀ ਲੋੜ ਹੈ। ਇਕੱਲੇ ਇਕੱਲੇ ਤੌਰ ਉੱਤੇ ਘੁੱਟ ਕੇ

ਮਰ ਜਾਣ ਨਾਲੋਂ ਸਮਾਜ ਸੁਧਾਰ ਦੀ ਮੁਹਿੰਮ ਰਾਹੀ ਹਰ ਤਰ੍ਹਾਂ ਦੇ ਸਮਾਰੋਹਾਂ ਨੂੰ ਸਬਰ ਸੰਤੋਖ ਤੇ ਸੰਜਮ ਵਾਲੇ ਪਾਸੇ ਮੋੜਾ ਦੇਣਾ ਅਣਸਰਦੀ ਲੋੜ ਹੈ। ਪਾਕਿਸਤਾਨ ਸਰਕਾਰ ਤੋਂ ਬਾਅਦ ਪਾਕਿਸਤਾਨੀ ਪੰਜਾਬ ਦੀ ਸਰਕਾਰ ਨੇ 19 ਜਨਵਰੀ 2016 ਦਾ ਪੰਜਾਬ ਮੈਰਿਜ ਫੰਕਸ਼ਨਜ਼ ਆਰਡੀਨੈਂਸ ਜਾਰੀ ਕਰਕੇ ਇੱਕ ਡਿਸ਼ ਪ੍ਰਣਾਲੀ ਲਾਗੂ ਕੀਤੀ ਹੈ। ਇਸ ਨਾਲ ਹੁਣ ਕੋਈ ਵੀ ਸਮਾਗਮਾਂ ਦੌਰਾਨ ਦਰਜਨਾਂ ਪਕਵਾਨ ਨਹੀਂ ਬਣਵਾ ਸਕੇਗਾ ਅਤੇ ਮੈਰਿਜ ਪੈਲੇਸਾਂ ਤੇ ਹੋਟਲਾਂ ਵਾਲਿਆਂ ਦੀ ਵੀ ਇਹ ਜ਼ਿੰਮੇਵਾਰੀ ਹੋਵੇਗੀ। ਮਹਿਮਾਨਾਂ ਦੀ ਗਿਣਤੀ ਦੀ ਹੱਦ ਵੀ ਤੈਅ ਕਰ ਦਿੱਤੀ ਹੈ। ਇਸ ਦਾ ਉਲੰਘਣ ਕਰਨ ਵਾਲਿਆਂ ਨੂੰ ਇੱਕ ਮਹੀਨੇ ਤਕ ਦੀ ਕੈਦ ਅਤੇ ਪਜਾਹ ਹਜ਼ਾਰ ਤੋਂ ਵੀਹ ਲੱਖ ਰੁਪਏ ਤਕ ਦਾ ਜੁਰਮਾਨਾ ਹੋ ਸਕਦਾ ਹੈ।

ਪੰਜਾਬੀਆਂ ਵਿੱਚ ਹਥਿਆਰਾਂ, ਸ਼ਰਾਬ ਪੀ ਕੇ ਲਲਕਾਰੇ ਮਾਰਨ ਅਤੇ ਅਜਿਹੇ ਰੁਝਾਨ ਨੂੰ ਉਤਸ਼ਾਹਿਤ ਕਰਦੇ ਗਾਣਿਆਂ ਨੂੰ ਮਿਲ ਰਹੇ ਹੁੰਗਾਰੇ ਤੋਂ ਸਮਾਜਿਕ ਗਿਰਾਵਟ ਸਪਸ਼ਟ ਤੌਰ 'ਤੇ ਦੇਖੀ ਜਾ ਸਕਦੀ ਹੈ। ਇਸ ਮੌਕੇ ਸਿਆਸੀ, ਧਾਰਮਿਕ ਅਤੇ ਸਮਾਜਿਕ ਖੇਤਰ 'ਚੋ ਰੋਲ ਮਾਡਲਾਂ ਦੀ ਕਮੀ ਦਾ ਖਲਾਅ ਬੌਧਿਕ ਕੰਗਾਲੀ ਦਾ ਪ੍ਰਤੀਕ ਹੈ। ਚੌਰਾਹੇ ਖੜ੍ਹੇ ਪੰਜਾਬ ਨੂੰ ਇਸ ਮੌਕੇ ਖੜ੍ਹ ਕੇ ਸੋਚਣ ਅਤੇ ਚਿੰਤਨ ਮਨਨ ਕਰਕੇ ਕਦਰਾਂ- ਕੀਮਤਾਂ ਆਧਾਰਿਤ ਸਮਾਜਿਕ ਲਹਿਰ ਖੜ੍ਹੀ ਕਰਨ ਦੀ ਲੋੜ ਹੈ। ਬਹੁਤ ਸਾਰੇ ਲੋਕ ਇਹ ਦਲੀਲ ਦਿੰਦੇ ਹਨ ਕਿ ਹਰ ਪਰਿਵਾਰ ਨੂੰ ਚਾਦਰ ਦੇਖ ਕੇ ਪੈਰ ਪਸਾਰਨੇ ਚਾਹੀਦੇ ਹਨ। ਸੁਣਨ ਨੂੰ ਇਹ ਦਲੀਲ ਠੀਕ ਵੀ ਲੱਗਦੀ ਹੈ ਪਰ ਕੀ ਵੱਡੀ ਚਾਦਰ ਰੱਖਣ ਵਾਲਿਆਂ ਦੀ ਕੋਈ ਸਮਾਜਿਕ ਜ਼ਿੰਮੇਵਾਰੀ ਨਹੀਂ? ਮਨੁੱਖੀ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਆਂਢੀ ਦੇ ਸੱਥਰ ਵਿਛਿਆ ਹੋਵੇ ਤਾਂ ਲੋਕ ਆਪਣੀਆਂ ਬਰਾਤਾਂ ਦਾ ਢੋਲ ਢਮੱਕਾ ਵੀ ਬੰਦ ਕਰ ਲੈਂਦੇ ਰਹੇ ਹਨ।ਪੰਜਾਬ ਵਿੱਚ ਵਧ ਰਹੀਆਂ ਖ਼ੁਦਕੁਸ਼ੀਆਂ ਲਗਾਤਾਰ ਸੱਥਰ ਵਿਛਾ ਰਹੀਆਂ ਹਨ ਅਤੇ ਇਹ ਪੂਰੇ ਪੰਜਾਬੀ ਭਾਈਚਾਰੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਬੇਲੋੜੇ ਖ਼ਰਚੇ ਘਟਾਏ ਜਾਣ। ਸਭ ਤੋਂ ਪਹਿਲਾਂ ਅਮੀਰਾਂ ਨੂੰ ਬੇਲਗਾਮ ਖ਼ਰਚਿਆਂ ਵਾਲੇ ਸਮਾਗਮਾਂ ਉੱਤੇ ਰੋਕ ਲਾਉਣ ਦੀ ਲੋੜ ਹੈ। ਇਸ ਨਾਲ ਦੂਜਿਆਂ ਨੂੰ ਵੀ ਹੌਸਲਾ ਮਿਲੇਗਾ। ਬਿਹਾਰ ਵਿੱਚ ਸ਼ਰਾਬਬੰਦੀ ਉੱਤੇ ਚਰਚਾ ਦੇ ਦੌਰਾਨ ਸਾਰੇ ਵਿਧਾਇਕਾਂ ਤੋਂ ਹੱਥ ਖੜ੍ਹੇ ਕਰਵਾ ਕੇ ਘੱਟੋ-ਘੱਟ ਆਪਣੇ ਸਮਾਗਮਾਂ ਉੱਤੇ ਸ਼ਰਾਬ ਦੀ ਵਰਤੋਂ ਨਾ ਕਰਨ ਦਾ ਪ੍ਰਣ ਲਿਆ ਗਿਆ ਹੈ। ਪੰਜਾਬ ਦੀ ਵਿਧਾਨ ਸਭਾ ਨੇ ਵੀ ਪਿਛਲੇ ਬਜਟ ਸੈਸ਼ਨ ਦੌਰਾਨ ਵਿਧਾਇਕ ਹਰਪ੍ਰੀਤ ਸਿੰਘ ਦੇ ਮਤੇ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਹੈ ਜਿਸ ਵਿੱਚ ਸਮਾਜਿਕ ਸਮਾਗਮਾਂ ਉੱਤੇ ਖ਼ਰਚ ਘੱਟ ਕਰਨ ਦੀ ਗੱਲ ਕੀਤੀ ਗਈ ਹੈ। ਕੀ ਸਾਡੇ ਕਾਨੂੰਨਦਾਨ ਇਸ ਪਾਸੇ ਅਮਲੀ ਕਦਮ ਉਠਾਉਣ ਵਿੱਚ ਵੀ ਪਹਿਲ ਕਰਨਗੇ?

ਪੰਜਾਬ ਅੰਦਰ ਵਧੇ ਜਲ ਸੰਕਟ ਦੇ ਬਾਵਜੂਦ ਸਾਲਾਂ ਤਕ ਕਿਸਾਨ ਇੱਕ ਦੂਜੇ ਦੀ ਦੇਖਾ -ਦੇਖੀ ਅਤੇ ਕਈ ਤਰ੍ਹਾਂ ਦੀਆਂ ਹੋਰ ਮੁਸ਼ਕਿਲਾਂ ਦੇ ਕਾਰਨ ਮਈ ਵਿੱਚ ਹੀ ਝੋਨਾ ਲਗਾਉਂਦੇ ਰਹੇ। ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਜਦੋਂ ਕਾਨੂੰਨ ਬਣਾ ਦਿੱਤਾ ਤਾਂ ਪਹਿਲਾਂ ਹੀ ਤਿਆਰ ਬੈਠੇ ਕਿਸਾਨਾਂ ਨੇ ਰਾਹਤ ਦਾ ਸਾਹ ਲਿਆ। ਇਹੀ ਹਾਲਤ ਵਿਆਹਾਂ ਸ਼ਾਦੀਆਂ ਅਤੇ ਮਰਨਿਆਂ ਉੱਤੇ ਹੋ ਰਹੇ ਖ਼ਰਚ ਦੀ ਹੈ। ਜੇ ਪੰਜਾਬ ਸਰਕਾਰ ਵੀ ਮਹਿਮਾਨ ਕੰਟਰੋਲ ਆਰਡਰ ਲਾਗੂ ਕਰ ਦੇਵੇ ਤਾਂ ਇਸ ਦਾ ਵੀ ਵੱਡੇ ਪੱਧਰ ਉੱਤੇ ਸਵਾਗਤ ਹੋਣ ਦੇ ਆਸਾਰ ਹਨ। ਬਹੁਤ ਸਾਰੇ ਲੋਕ ਨਿੱਜੀ ਆਜ਼ਾਦੀ ਦੀ ਦਲੀਲ ਦੇ ਕੇ ਅਜਿਹੇ ਸਮੂਹਿਕ ਫ਼ੈਸਲਿਆਂ ਉੱਤੇ ਕਿੰਤੂ ਵੀ ਕਰਦੇ ਹਨ ਪਰ ਵਿਅਕਤੀ ਸਮਾਜ ਤੋਂ ਵੱਡਾ ਨਹੀਂ ਹੁੰਦਾ। ਉਨ੍ਹਾਂ ਸਭ ਨੂੰ ਵੀ ਸਮਾਜਿਕ ਸੰਕਟ ਦੇ ਨਿਵਾਰਨ ਵੱਲ ਆਪਣਾ ਹੱਥ ਵਧਾਉਣਾ ਚਾਹੀਦਾ ਹੈ। ਇਸ ਆਰਡਰ ਦੇ ਨਾਲ ਸਮਾਜਿਕ, ਧਾਰਮਿਕ ਅਤੇ ਸਿਆਸੀ ਜਥੇਬੰਦੀਆਂ ਨੂੰ ਇੱਕ ਵਿਆਪਕ ਮੁਹਿੰਮ ਚਲਾਉਣ ਦੀ ਵੀ ਲੋੜ ਹੈ ਕਿਉਂਕਿ ਇਕੱਲਾ ਕਾਨੂੰਨ ਹੀ ਕਾਫ਼ੀ ਨਹੀਂ ਹੁੰਦਾ, ਇਸ ਵਾਸਤੇ ਲੋਕ ਜਾਗਰੂਕਤਾ ਵੱਡੀ ਭੂਮਿਕਾ ਨਿਭਾ ਸਕਦੀ ਹੈ।

(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)

## ਫੌਲਾਦੀ ਔਰਤ ਇਰੋਮ ਸ਼ਰਮੀਲਾ

ਭਾਰਤ ਦੇ ਉੱਤਰ-ਪੂਰਬੀ ਰਾਜ, ਮਨੀਪੁਰ ਦੀ, ਇਰੋਮ ਚਾਨੂ ਸ਼ਰਮੀਲਾ ਨੇ ਆਪਣੇ ਰਾਜ ਵਿੱਚੋਂ 'ਅਫ਼ਸਪਾ' ਹਟਾਉਣ ਦੀ ਮੰਗ ਨੂੰ ਲੈ ਕੇ 16 ਸਾਲ ਤੋਂ ਕੁੱਝ ਮਹੀਨੇ ਘੱਟ ਤੱਕ ਭੁੱਖ ਹੜਤਾਲ ਕਰ ਕੇ ਇਤਿਹਾਸ ਸਿਰਜਿਆ ਹੈ।ਇਸ ਕਾਨੂੰਨ ਤਹਿਤ ਸੁਰੱਖਿਆ ਦਲਾਂ ਨੂੰ ਮਿਲੇ ਵਿਸ਼ੇਸ਼ ਅਖਤਿਆਰਾਂ ਨਾਲ ਕਿਸੇ ਵੀ ਨਾਗਰਿਕ ਨੂੰ ਬਿਨਾਂ ਵਾਰੰਟ ਤੋਂ ਗ੍ਰਿਫਤਾਰ ਕਰਕੇ ਉਸ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ।ਜਦੋਂ ਨਵੰਬਰ 2000 ਵਿੱਚ ਇਰੋਮ ਸ਼ਰਮੀਲਾ ਦੇ ਆਪਣੇ ਪਿੰਡ,ਮੈਲੋਮਾ ਦੇ ਬੱਸ ਅੱਡੇ ਵਿੱਚ ਇੰਤਜ਼ਾਰ ਕਰ ਰਹੇ 10 ਨਿਰਦੋਸ਼ ਵਿਅਕਤੀਆਂ ਨੂੰ ਆਸਾਮ ਰਾਈਫਲਜ਼ ਦੇ ਜਵਾਨਾਂ ਨੇ ਭੁੰਨ ਸੁੱਟਿਆ ਤਾਂ ਇਸ ਸਵੈਮਾਨੀ ਤੇ ਕੋਮਲ ਹਿਰਦਾ 28 ਸਾਲਾ ਮੁਟਿਆਰ ਨੇ ਭੁੱਖ ਹੜਤਾਲ 'ਤੇ ਬੈਠ ਕੇ ਐਲਾਨ ਕੀਤਾ ਕਿ ਉਹ ਇਸ ਜ਼ਾਲਮਾਨਾ ਕਾਨੂੰਨ ਦੇ ਖਤਮ ਹੋਣ ਤੱਕ ਨਾ ਕੁੱਝ ਖਾਏਗੀ, ਨਾ ਪੀਏਗੀ ਤੇ ਨਾ ਆਪਣੇ ਵਾਲਾਂ ਨੂੰ ਕੰਘੀ ਕਰੇਗੀ।ਭਾਵੇਂ ਇੰਨੇ ਲੰਬੇ ਸੰਘਰਸ਼ ਦੇ ਬਾਵਜੂਦ ਉਸ ਦੀ ਮੰਗ ਮੰਨੀ ਨਹੀਂ ਗਈ ਪਰੰਤੂ ਉਹ ਪੂਰੀ ਦੁਨੀਆਂ ਦਾ ਧਿਆਨ ਇਸ ਮਨੁੱਖੀ ਅਧਿਕਾਰਾਂ ਦੇ ਉਲੰਘਣ ਵੱਲ ਖਿੱਚਣ ਵਿੱਚ ਸਫਲ ਹੋਈ ਹੈ।ਇੱਕ ਪਿਛੜੇ ਇਲਾਕੇ ਦੇ ਗਰੀਬ ਘਰ ਵਿੱਚ ਮਾਤਾ ਸਾਖੀ ਦੇ ਘਰ ਵਿੱਚ ਜਨਮੀ ਘੱਟ ਪੜ੍ਹੀ ਲਿਖੀ ਪਰੰਤੂ ਸਿਰੜੀ,ਆਜ਼ਾਦ ਤੇ ਜ਼ਿੱਦੀ ਸੁਭਾ ਦੀ ਇਸ ਮੁਟਿਆਰ ਨੂੰ ਦੁਨੀਆਂ ਭਰ ਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਸਨਮਾਨਿਤ ਕੀਤਾ ਹੈ।

## ਬੇਸਹਾਰਿਆਂ ਦੇ ਸਹਾਰੇ, ਸੈਣੀ ਭਵਨ ਰੂਪਨਗਰ, ਦੀ ਨਵੀਂ ਪਿਰਤ

ਰਾਮ ਸਿੰਘ
ਟਰੱਸਟੀ



ਸੈਣੀ ਭਵਨ ਰੂਪਨਗਰ,ਕਮਜ਼ੋਰ ਵਰਗ ਦੀਆਂ ਲੜਕੀਆਂ ਨੂੰ ਸਿਲਾਈ-ਕਢਾਈ,ਕੰਪਿਊਟਰ,ਫੈਸ਼ਨ-ਡਿਜ਼ਾਇਨਿੰਗ ਤੇ ਬਿਊਟੀਸ਼ੀਅਨ ਆਰਟ ਆਦਿ ਆਧੁਨਿਕ ਕਿੱਤਿਆਂ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੇ ਯੋਗ ਬਣਾਉਣ ਅਤੇ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਵਜ਼ੀਫੇ ਦੇ ਕੇ ਆਪਣੀ ਪੜ੍ਹਾਈ ਜਾਰੀ ਰੱਖਣ ਦੇ ਸਮਰੱਥ ਕਰਨ ਦੇ ਪਵਿੱਤਰ ਕਾਰਜਾਂ ਲਈ ਤਾਂ ਪੂਰੇ ਪੰਜਾਬ ਵਿੱਚ ਮੋਹਰੀ ਸੰਸਥਾ ਹੈ ਹੀ,ਪਰ ਹੁਣ ਇੱਕ ਲਾਚਾਰ ਤੇ ਬੇਸਹਾਰਾ ਔਰਤ ਦੀ ਮਦਦ ਕਰਕੇ ਇਸ ਨੇ ਨਵੀਂ ਪਿਰਤ ਪਾਈ ਹੈ।ਇਸ ਦਾ ਜ਼ਿਕਰ ਕਰਨਾ ਅਤਿ ਜ਼ਰੂਰੀ ਹੈ।

ਇੱਕ ਦਿਨ ਦੁਪਹਿਰ ਦੇ ਸਾਢੇ ਕੁ ਗਿਆਰਾਂ ਵਜੇ ਇੱਕ ਅਜਨਬੀ ਔਰਤ ਸੈਣੀ ਭਵਨ ਦੇ ਦਫਤਰ ਵਿੱਚ ਦਾਖ਼ਲ ਹੋਈ। ਡਰੀ-ਡਰੀ, ਬੁਝੀਆਂ-ਬੁਝੀਆਂ ਅੱਖਾਂ,ਉਲਝੇ ਵਾਲ ਤੇ ਉੱਤਰਿਆ ਚਿਹਰਾ ਜਿਵੇਂ ਕਿਤੇ ਭੁੱਲੀ ਫਿਰਦੀ ਹੋਵੇ।ਕਹਿਣ 'ਤੇ ਕੁਰਸੀ 'ਤੇ ਤਾਂ ਬੈਠ ਗਈ ਪਰ ਉਹ ਕੁੱਝ ਕਹਿਣ ਨੂੰ ਉਤਾਵਲੀ ਸੀ।ਜਦੋਂ ਕਿਸੇ ਨੇ ਉਹ ਦੇ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦਿੱਤਾ ਤਾਂ ਉਹ ਡੁਸਕਣ ਲਗ ਪਈ।ਉਸ ਨੇ ਮੇਰੇ ਵੱਲ ਕੁੱਝ ਕਾਗਜ਼ ਵਧਾਉਂਦਿਆਂ ਪੁਕਾਰ ਕੀਤੀ,"ਮੇਰੀ ਮਦਦ ਕਰੋ।ਮੈਂ ਬੇਸਹਾਰਾ ਹਾਂ।ਮੁੰਡਾ ਮੇਰਾ ਐਮ.ਡੀ. ਕਰਦਾ।ਇਹ ਉਹ ਦਾ ਆਖਰੀ ਸਾਲ ਹੈ।ਉਹ ਦੀ ਫੀਸ ਜਮ੍ਹਾਂ ਕਰਾਉਣੀ ਆ।ਕਈ ਰਿਮਾਂਇੰਡਰ ਆ ਚੁੱਕੇ ਹਨ।ਮੇਰੇ ਕੋਲ ਕੋਈ ਪੈਸਾ ਨਹੀਂ।ਕਾਲਜ ਵਾਲੇ ਕਹਿੰਦੇ ਜੇ ਹੁਣ ਵੀ ਜਮ੍ਹਾਂ ਨਾ ਕਰਵਾਈ ਤਾਂ ਦਾਖਲਾ ਕੈਂਸਲ ਕਰ ਦੇਣਗੇ। ਮੁੰਡਾ ਕਲਾਸ ਵਿੱਚ ਬਹੁਤ ਸ਼ਰਮਿੰਦਗੀ ਮਹਿਸੂਸ ਕਰਦਾ। ਮੈਨੂੰ ਡਰ ਲਗਦਾ ਉਹ ਡਿਪਰੈਸ਼ਨ ਵਿੱਚ ਕਿਤੇ ਕੁੱਝ ਕਰ ਨਾ ਬੈਠੇ।" ਇਹ ਕਹਿੰਦਿਆਂ ਉਹ ਮੁੜ ਰੋਣ ਲਗ ਪਈ। ਸੇਵਾਦਾਰ ਨੇ ਉਸ ਨੂੰ ਪਾਣੀ ਪਿਲਾਇਆ ਅਤੇ ਮੈਂ ਉਸ ਨੂੰ ਤਸੱਲੀ ਨਾਲ ਗੱਲ ਕਰਨ ਲਈ ਕਿਹਾ।ਹੁਣ ਸਭ ਦਾ ਧਿਆਨ ਉਸ ਵੱਲ ਹੋ ਗਿਆ ਸੀ।ਮੈਂ ਵੀ ਉਸ ਦੇ ਦਿੱਤੇ ਕਾਗਜ਼ਾਂ ਨੂੰ ਫਰੋਲਣ ਲਗ ਪਿਆ।ਰਾਸ਼ਨਕਾਰਡ ਵਿੱਚ ਉਸ ਦੀਆਂ ਤਿੰਨ ਲੜਕੀਆਂ ਤੇ ਇੱਕ ਮੁੰਡੇ ਦਾ ਨਾਂ ਦਰਜ ਸੀ।ਉਸ ਦੇ ਘਰ ਵਾਲੇ ਦੀ ਮੌਤ ਦਾ ਸਰਟੀਫੀਕੇਟ ਸੀ ਜਿਸ ਅਨੁਸਾਰ ਉਹ ਸਾਢੇ ਨੌਂ ਕੁ ਸਾਲ ਪਹਿਲਾਂ ਗੁਜ਼ਰ ਚੁੱਕਾ ਸੀ।ਉਸ ਦੇ ਬੇਟੇ ਨੇ ਪੜ੍ਹਾਈ ਸਾਧਾਰਨ ਸਕੂਲਾਂ ਵਿੱਚ ਵੀ ਬਹੁਤ ਚੰਗੇ ਨੰਬਰ ਲੈ ਕੇ ਕੀਤੀ ਹੋਈ ਸੀ।"ਕੁੜੀਆਂ ਕੀ ਕਰਦੀਆਂ?"ਮੈਂ ਪੁੱਛਿਆ।"ਬੜੀ ਪਿਛਲੇ ਸਾਲ ਵਿਆਹ ਦਿੱਤੀ,ਉਸ ਤੋਂ ਛੋਟੀ ਯੂਨੀਵਰਸਿਟੀ ਵਿੱਚ ਪੀ.ਐਚ.ਡੀ. ਕਰਦੀ ਆ ਤੇ ਤੀਜੀ ਕਾਲਜ ਵਿੱਚ ਪੜ੍ਹਦੀ ਆ।ਉਹ ਤਾਂ ਟਿਊਸ਼ਨ ਬਗੈਰਾ ਕਰਕੇ ਸਾਰ ਲੈਂਦੀਆਂ।ਵਿਆਹ ਭਰਾਵਾਂ ਨੇ ਰਲਮਿਲ ਕੇ ਕਰ ਦਿੱਤਾ।"ਉਸ ਨੇ ਇੱਕੋ ਸਾਹੇ ਸਭ ਕੁੱਝ ਕਹਿ ਦਿੱਤਾ।ਕੋਲ ਬੈਠੇ ਇੱਕ ਸਾਥੀ ਨੇ ਸਲਾਹ ਦਿੱਤੀ ਕਿ ਬੈਂਕ ਤੋਂ ਕਰਜ਼ਾ ਜਾਂ ਕਿਸੇ ਰਿਸ਼ਤੇਦਾਰ ਤੋਂ ਮਦਦ ਲੈ ਲੈਣੀ ਸੀ।"ਭਾਅ ਜੀ ਮੈਂ ਕਿਤੇ ਇੱਕ ਪਾਸੇ ਝੱਖ ਮਾਰਿਆ।ਮੁੰਡੇ ਦੀ ਐੱਮ.ਬੀ.ਬੀ.ਐਸ.ਦੀ ਪੜ੍ਹਾਈ ਲਈ ਚਾਰ ਲੱਖ ਲੋਨ ਲਿਆ ਸੀ।ਹੁਣ ਬੈਂਕ ਵਾਲੇ ਕਹਿੰਦੇ ਇਸ ਤੋਂ ਵੱਧ ਨਹੀਂ ਮਿਲਣਾ।ਥੋੜ੍ਹੀ ਬਹੁਤ ਮਦਦ ਦਿਉਰਾਂ-ਜੇਠਾਂ ਨੇ ਵੀ ਕੀਤੀ ਸੀ।ਹੁਣ ਕੋਈ ਮੇਰੇ ਵੱਲ ਮੂੰਹ ਨਹੀਂ ਕਰਦਾ। ਮੈਂ ਕਿਹਾ "ਜੇ ਤੇਰੇ ਕੋਲ ਪੈਸੇ ਹੈ ਹੀ ਨਹੀ ਸਨ ਤਾਂ ਮੁੰਡੇ ਨੂੰ ਐੱਮ.ਡੀ. ਜ਼ਰੂਰ ਕਰਵਾਉਣੀ ਸੀ।ਪਹਿਲਾਂ ਨੌਕਰੀ ਕਰਕੇ ਪੈਸੇ ਕਮਾ ਲੈਂਦਾ ਫਿਰ ਅੱਗੇ ਪੜ੍ਹਾਈ ਕਰ ਲੈਂਦਾ।" ਉਹ ਫੁੱਟ ਪਈ ਅਤੇ ਕੁੱਝ ਰੁਕ ਕੇ ਬੋਲੀ,"ਮੇਰੀ ਤਾਂ ਬਦਕਿਸਮਤੀ ਹੀ ਇਹ ਆ ਕਿ ਨਿਆਣੇ ਪੜ੍ਹਨ ਤੋਂ ਹਟਦੇ ਨੀ ਤੇ ਮੇਰੇ ਕੋਲ ਪੈਸੇ ਨੀ।ਮੈਂ ਬਥੇਰਾ ਜ਼ੋਰ ਲਾਇਆ ਪਈ ਤੂੰ ਬੱਸ ਕਰ। ਪਰ ਕਹਿੰਦਾ ਐਨੀ ਮਿਹਨਤ ਨਾਲ ਜਨਰਲ ਕੈਟਾਗਰੀ ਵਿੱਚ ਕੇਵਲ ਮੈਨੂੰ ਹੀ ਦਾਖਲਾ ਮਿਲਿਆ। ਜੇ ਹੁਣ ਖੁੰਝ ਗਿਆ ਤਾਂ ਫਿਰ ਚਾਂਸ ਨੀਂ ਮਿਲਣਾ।ਕਾਲਜ ਵਾਲੇ ਤਾਂ ਚਾਹੁੰਦੇ ਈ ਆ ਕਿ ਮੈਂ ਸੀਟ ਛੱਡਾਂ।ਉਹ ਤਾਂ ਪੰਜਾਹ ਲੱਖ ਵਿੱਚ ਵੇਚਣ ਨੂੰ ਤਿਆਰ ਬੈਠੇ ਹਨ।ਬੱਸ ਉਸ ਨੇ ਫਾਹਾ ਲੈ ਲਿਆ।ਮੈਂ ਬੜੀ ਆਸ ਲੈ ਕੇ ਤੁਹਾਡੇ ਪਾਸ ਆਈ ਹਾਂ।ਮੈਨੂੰ ਕਿਤੋਂ ਪਤਾ ਲੱਗਾ ਸੀ ਕਿ ਸੈਣੀ ਭਵਨ ਰੋਪੜ ਵਾਲੇ ਗਰੀਬ-ਗੁਰਬੇ ਦੀ ਬਾਂਹ ਫੜਦੇ ਹਨ।ਤੁਸੀਂ ਮੇਰੇ ਕੋਲੋਂ ਜੋ ਲਿਖਵਾਣਾ ਚਾਹੋ ਲਿਖਵਾ ਲਓ।ਮੈਂ ਤੁਹਾਡਾ ਅਹਿਸਾਨ ਸਾਰੀ ਉਮਰ ਨਹੀਂ ਭੁੱਲਾਂਗੀ।ਮੈਨੂੰ ਸਾਢੇ ਚਾਰ ਲੱਖ ਹੀ ਦੇ ਦਿਓ। ਪੰਜਾਹ ਕੁ ਹਜ਼ਾਰ ਮੈਂ ਘਰੋਂ ਕਰ ਲੂੰਗੀ"। ਸਾਰੇ ਉਸ ਦੀ ਦਰਦ ਭਰੀ ਦਾਸਤਾਂ ਸੁਣ ਕੇ ਪਸੀਜ ਗਏ।ਉਸ ਨੇ ਮੇਰੇ ਵੱਲ ਇੱਕ ਕਾਗਜ਼ ਵਧਾਇਆ।ਉਹ ਦਯਾ ਨੰਦ ਮੈਡੀਕਲ ਕਾਲਜ ਲੁਧਿਆਣਾ ਦੇ ਦਫਤਰ ਵਲੋਂ ਇਸ ਸਾਲ ਦੇ ਫਰਬਰੀ ਮਹੀਨੇ ਵਿੱਚ ਜਾਰੀ ਕੀਤਾ ਪੱਤਰ ਸੀ ਜਿਸ ਵਿੱਚ ਪੰਜ ਲੱਖ ਤੋਂ ਕੁੱਝ ਵੱਧ ਰਾਸ਼ੀ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ। ਮੈਂ ਇਹ ਕਾਗਜ਼ ਉਸ ਨੂੰ ਮੋੜਦਿਆਂ ਕਿਹਾ,"ਦੇਖੋ ਬੀਬੀ! ਇਸ ਸੰਸਥਾ ਨੇ ਕਦੇ ਐਨੀ ਵੱਡੀ ਮਦਦ ਕਿਸੇ ਦੀ ਨਹੀਂ ਕੀਤੀ।ਅਸੀਂ ਹੁਸ਼ਿਆਰ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਜ਼ਰੂਰ ਦਿੰਦੇ ਹਾਂ ਪਰ ਉਹ ਵੀ ਨਿਯਤ ਕੀਤੇ ਢੰਗ ਤਰੀਕੇ ਨਾਲ ਵੱਧ ਤੋਂ ਵੱਧ ਦਸ ਬਾਰਾਂ ਹਜ਼ਾਰ ਰੁਪਏ"।ਉਸ ਨੇ ਬੇਬਸੀ ਵਸ ਭਰੀਆਂ ਅੱਖਾਂ ਨਾਲ ਤਰਲਾ ਮਾਰਿਆ,"ਹੁਣ ਮੈਂ ਕਿੱਥੇ ਜਾਵਾਂ?"ਮੈਂ ਵੀ ਮਜ਼ਬੂਰ ਸਾਂ।ਉਸ ਨੂੰ ਟਾਲਣ ਦੀ ਮਣਸ਼ਾ ਨਾਲ ਮੈਂ ਉਸ ਨੂੰ ਸੈਣੀ ਭਵਨ ਦੇ ਚੇਅਰਮੈਨ ਸ੍ਰੀ ਐਲ.ਆਰ.ਮੁੰਦਰਾ ਨੂੰ ਮਿਲਣ ਦੀ ਸਲਾਹ ਦਿੱਤੀ ਅਤੇ ਉਸ ਨੂੰ 'ਆਪਣਾ ਘਰ'ਵਿੱਚ ਪਹੁੰਚਾਉਣ ਦਾ

ਪ੍ਰਬੰਧ ਵੀ ਕਰ ਦਿੱਤਾ। ਉਸ ਨੇ ਮੇਰੀ ਸਲਾਹ ਮੰਨ ਲਈ।

ਰਾਤ ਨੂੰ ਮੈਨੂੰ ਟੁੱਟਵੀਂ ਟੁੱਟਵੀਂ ਨੀਂਦ ਆਈ। ਉਸ ਔਰਤ ਦਾ ਉਦਾਸ ਚਿਹਰਾ ਵਾਰ ਵਾਰ ਮੇਰੀਆਂ ਅੱਖਾਂ ਸਾਹਮਣੇ ਆ ਰਿਹਾ ਸੀ। ਸੋਚ ਰਿਹਾ ਸਾਂ,ਹਰ ਆਦਮੀ ਦਾ ਆਪਣਾ ਸਵੈਮਾਨ ਹੁੰਦਾ ਹੈ। ਕੇਵਲ ਅਤਿ ਦੀ ਲਾਚਾਰੀ ਤੇ ਬੇਬਸੀ ਵਿੱਚ ਹੀ ਉਹ ਬੇਗਾਨਿਆਂ ਅੱਗੇ ਲੇਲੜੀਆਂ ਕੱਢਦਾ ਹੈ। ਇੱਕ ਇੱਜ਼ਤਦਾਰ ਪਰਿਵਾਰ ਦੀ ਔਰਤ ਲਈ ਤਾਂ ਇਹ ਹੋਰ ਵੀ ਮੁਸ਼ਕਲ ਹੈ। ਇਸ ਵੇਚਾਰੀ ਦਾ ਤਾਂ ਘਰਵਾਲਾ ਵੀ ਨਹੀਂ। ਇਸ ਸਮੇਂ ਮੈਨੂੰ ਮੇਰੀ ਮਾਂ ਯਾਦ ਆ ਗਈ। ਸਾਡੇ ਘਰ ਕਿਹੜਾ ਹਰ ਵੇਲੇ ਪੈਸੇ ਹੁੰਦੇ ਸਨ ਪਰ ਮੈਨੂੰ ਮੇਰੀ ਮੰਗ ਅਨੁਸਾਰ ਮਿਲ ਜਾਂਦੇ ਸਨ। ਜ਼ਰੂਰ ਉਹ ਵੀ ਕਿਸੇ ਕੋਲੋਂ ਮੰਗ ਕੇ ਲਿਆਉਂਦੀ ਹੋਊ। ਖਬਰੇ ਉਹ ਵੀ ਇਸ ਔਰਤ ਵਾਂਗ ਹੀ ਲੋਕਾਂ ਅੱਗੇ ਤਰਲੇ ਕਰਦੀ ਹੋਊ। ਇਹ ਸੋਚਦਿਆਂ ਮੇਰੀਆਂ ਵਾਰ ਵਾਰ ਅੱਖਾਂ ਭਰ ਜਾਂਦੀਆਂ। ਮਨੋ-ਮਨੀ ਮੈਂ ਉਸ ਔਰਤ ਲਈ ਕੁੱਝ ਨਾ ਕੁੱਝ ਕਰਨ ਦਾ ਇਰਾਦਾ ਕਰ ਲਿਆ। ਸਵੇਰੇ ਉਠ ਕੇ ਹਰ ਰੋਜ਼ ਦੀ ਤਰ੍ਹਾਂ ਨਿੱਤਨੇਮ ਕਰਦਿਆਂ ਗੁਰੂਦੁਆਰੇ ਜਾ ਕੇ ਮੱਥਾ ਟੇਕਿਆ। ਜ਼ਰਾ ਕੁ ਅੰਤਰਧਿਆਨ ਹੋਇਆ ਤਾਂ ਇਵੇਂ ਲੱਗਾ ਜਿਵੇਂ ਮੇਰਾ ਗੁਰੂ ਮੈਨੂੰ ਘੂਰ ਰਿਹਾ ਹੋਵੇ ਕਿ ਐਵੇਂ ਲੋਕ ਦਿਖਾਵੇ ਲਈ ਪਾਠ ਕਰਦਾਂ ਕਿ ਕਦੇ ਗੁਰੂ ਦੀ ਗੱਲ ਮੰਨੀ ਵੀ ਹੈ। ਮੈਂ ਤੈਨੂੰ ਰੋਜ਼ ਦੱਸਦਾਂ-'ਧੌਲੁ ਧਰਮੁ ਦਇਆ ਕਾ ਪੂਤੁ'ਕਦੇ ਇਹ ਦੇ ਤੇ ਅਮਲ ਵੀ ਕੀਤਾ? । ਗੁਰੂ ਦੇ ਸਵਾਲ ਦਾ ਮੇਰੇ ਕੋਲ ਕੋਈ ਜਬਾਵ ਨਹੀਂ ਸੀ। ਮੈਂ ਬੇਚੈਨ ਹੋ ਗਿਆ। ਮੈਨੂੰ ਜਾਪਣ ਲੱਗਾ ਕਿ ਗੁਰੂ ਨੇ ਮੈਨੂੰ ਇਹ ਪ੍ਰਸ਼ਨ ਦਫਤਰ ਵਿੱਚ ਆਈ ਔਰਤ ਦੇ ਪ੍ਰਥਾਏ ਹੀ ਪੁੱਛਿਆ ਹੈ। ਜ਼ਰੂਰ ਹੀ ਗੁਰੂ ਉਸ ਔਰਤ ਦੀ ਮਦਦ ਕਰਨ ਲਈ ਮੈਨੂੰ ਪ੍ਰੇਰ ਰਿਹਾ ਹੈ। ਮੈਂ ਆਪਣੇ ਵਿਤੀ ਵਸੀਲਿਆਂ ਵੱਲ ਝਾਤ ਮਾਰੀ। ਸਭ ਠੀਕ-ਠਾਕ ਸੀ। ਉਸ ਔਰਤ ਦੀ ਲੋੜ ਪੂਰੀ ਕਰਨ ਲਈ ਮੈਂ ਅੰਦਰੋਂ ਅੰਦਰੀ ਠੋਸ ਯੋਜਨਾ ਬਣਾ ਲਈ। ਪਰ ਇਸ ਨੂੰ ਅਮਲੀ ਰੂਪ ਦੇਣ ਤੋਂ ਪਹਿਲਾਂ ਸੈਣੀ ਭਵਨ ਦੇ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰਾ ਕਰਨਾ ਜ਼ਰੂਰੀ ਸਮਝਿਆ।

ਅਗਲੇ ਦਿਨ ਮੈਂ ਸਿੱਧਾ ਚੇਅਰਮੈਨ ਮੁੰਦਰਾ ਸਾਹਿਬ ਦੇ ਘਰ ਗਿਆ। ਉਨ੍ਹਾਂ ਤੋਂ ਕੱਲ੍ਹ ਉਸ ਔਰਤ ਨਾਲ ਹੋਈ ਵਾਰਤਾਲਾਪ ਬਾਰੇ ਪੁੱਛਿਆ। ਉਨ੍ਹਾਂ ਨੇ ਮੈਨੂੰ ਪ੍ਰਸ਼ਨ ਕਰ ਦਿੱਤਾ,"ਤੁਸੀਂ ਕੀ ਸੋਚਿਆ? ਮੈਨੂੰ ਤਾਂ ਕੇਸ ਬਹੁਤ ਜਾਇਜ਼ ਲਗਦਾ। ਮੇਰੀ ਜੇਬ੍ਹ ਵਿੱਚ ਤਾਂ ਦੋ ਹਜ਼ਾਰ ਰੁਪਏ ਸਨ ਜੋ ਉਸ ਨੂੰ ਦੇ ਦਿੱਤੇ;ਸੋਚਿਆ ਖਬਰੇ ਵਿਚਾਰੀ ਕੋਲ ਕਿਰਾਏ ਜੋਗੇ ਪੈਸੇ ਵੀ ਹਨ ਕਿ ਨਹੀਂ।" ਫਿਰ ਥੋੜ੍ਹਾ ਜਿਹਾ ਰੁਕ ਕੇ ਹਾਕਮਾਨਾਂ ਅੰਦਾਜ਼ ਵਿੱਚ ਬੋਲੇ,"ਸੈਣੀ ਭਵਨ ਤਾਂ ਬਣਾਇਆ ਹੀ ਬਰਾਦਰੀ ਦੇ ਲੋੜਵੰਦ ਲੋਕਾਂ ਦੀ ਮਦਦ ਕਰਨ ਲਈ ਸੀ। ਹੁਣ ਬਥੇਰੀ ਬਿਲਡਿੰਗ ਬਣ ਗਈ। ਪੈਸੇ ਜਮ੍ਹਾਂ ਕਰਕੇ ਵੀ ਕੀ ਕਰਨੇ? ਗਰੀਬ ਤੇ ਜ਼ਰੂਰਤਮੰਦ ਦੀ ਲੋੜ ਪੂਰੀ ਕਰਕੇ ਸੈਣੀ ਭਵਨ ਲਈ ਨਾਮਣਾ ਖੱਟੋ। ਮੇਰੇ ਵਾਲੇ ਨਵੇਂ ਵਜ਼ੀਫੇ ਦੀ ਸਾਰੀ ਰਕਮ ਇੱਕੋ ਵੇਰ ਇਸ ਵਿਦਿਆਰਥੀ ਨੂੰ ਦੇ ਦਿਓ। ਵਾਧਾ-ਘਾਟਾ ਮੈਂ ਪੂਰਾ ਕਰ ਦਿਆਂਗਾ।" ਮੈਂ ਉਨ੍ਹਾਂ ਨੂੰ ਨਿਯਮਾਂ ਦੇ ਅੜਿੱਕਿਆਂ ਸਬੰਧੀ ਦੱਸਿਆ ਤਾਂ ਉਨ੍ਹਾਂ ਨੇ ਅਗਲੇ ਹੀ ਦਿਨ ਟਰਸਟ ਦੀ ਮੀਟਿੰਗ ਕਰਨ ਦਾ ਆਦੇਸ਼ ਚਾੜ੍ਹ ਦਿੱਤਾ।

ਦੋਵੇਂ ਟਰਸਟਾਂ ਦੀ ਸਾਂਝੀ ਮੀਟਿੰਗ ਵਿੱਚ ਉਸ ਔਰਤ ਦੀ ਤਰਸਯੋਗ ਹਾਲਤ,ਮਜ਼ਬੂਰੀ ਤੇ ਮੰਗ ਬਾਰੇ ਚਰਚਾ ਹੋਈ। ਸਾਰਿਆਂ ਨੇ ਸਰਬਸੰਮਤੀ ਨਾਲ ਬਿਨਾਂ ਕਿਸੇ ਕਿੰਤੂ-ਪ੍ਰੰਤੂ ਤੋਂ ਸੈਣੀ ਭਵਨ ਦੇ ਦੋਵੇਂ ਟਰਸਟਾਂ ਦੇ ਫੰਡਾਂ ਵਿਚੋਂ ਲੋੜੀਂਦੀ ਰਕਮ ਦੇਣ ਅਤੇ ਨਿਯਮਾਂ ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਸਮੇਂ ਮਾਹੌਲ ਇੰਨਾ ਭਾਵੁਕ ਹੋ ਗਿਆ ਕਿ ਮੌਕੇ 'ਤੇ ਹੀ ਕੋਮਲ-ਹਿਰਦਾ ਮੈਂਬਰਾਂ ਨੇ ਆਪਣੇ ਵਲੋਂ ਪੰਜਾਹ ਹਜ਼ਾਰ ਰੁਪਏ ਦੇਣ ਦਾ ਐਲਾਨ ਕਰ ਦਿੱਤਾ ਜਿਸ ਨੂੰ ਇੱਕ ਲੱਖ ਪੂਰਾ ਕਰਨ ਦਾ ਜ਼ੁੰਮਾ,ਕਰੁਣਾ ਦੇ ਪੁੰਜ ਤੇ ਗਰੀਬਾਂ ਦੇ ਮਸੀਹਾ-ਮੁੰਦਰਾ ਸਾਹਿਬ ਨੇ ਲੈ ਲਿਆ।

ਇਸ ਪ੍ਰਕਾਰ ਉਸ ਔਰਤ ਦੀ ਲੋੜ ਪੂਰੀ ਕਰ ਦਿੱਤੀ ਗਈ। ਉਸ ਨੇ ਭਰੀਆਂ ਅੱਖਾਂ ਨਾਲ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਸੈਣੀ ਭਵਨ ਰੋਪੜ ਬਾਰੇ ਸੁਣਿਆਂ ਸੀ ਉਹ ਤੁਸੀਂ ਸੱਚ ਕਰ ਦਿਖਾਇਆ ਹੈ। ਮੈਨੂੰ ਤਸੱਲੀ ਹੈ ਕਿ ਜਿੱਥੇ ਮੈਂ ਆਪਣਾ ਫਰਜ ਨਿਭਾਇਆ ਹੈ ਉਥੇ ਸੈਣੀ ਭਵਨ ਦੇ ਪ੍ਰਬੰਧਕਾਂ ਨੇ ਇੱਕ ਨਵੀਂ ਪਿਰਤ ਪਾ ਕੇ ਸੈਣੀ ਭਵਨ ਰੂਪਨਗਰ ਨੂੰ 'ਬੇਸਹਾਰਿਆਂ ਦਾ ਸਹਾਰਾ'ਬਣਾ ਦਿੱਤਾ ਹੈ।

❋ ❋ ❋ ❋ ❋


## ਮੈਟ੍ਰੀਮੋਨੀਅਲ ਫਾਰਮ

1. ਲੜਕੇ/ਲੜਕੀ ਦਾ ਨਾਂ
2. ਜਨਮ ਮਿਤੀ
3. ਕੱਦ
4. ਰੰਗ ਰੂਪ
5. ਵਿਦਿਅਕ ਯੋਗਤਾ
6. ਸਾਲਾਨਾ ਆਮਦਨ
7. ਆਮਦਨ ਦੇ ਸਾਧਨ
8. ਪਿਤਾ /ਮਾਤਾ ਦਾ ਨਾਮ
9. ਗੋਤ ਪਿਤਾ / ਮਾਤਾ
10. ਭੈਣ/ਭਰਾ
11. ਪਤਾ
12. ਟੈਲੀਫੋਨ ਨੰ.
13. ਪਸੰਦਗੀ
14. ਕੋਈ ਹੋਰ ਸੂਚਨਾ

ਰਜਿਸਟਰੇਸ਼ਨ ਫੀਸ : 100

ਕਹਾਣੀ

# ਉੱਚਾ ਬੁਰਜ ਲਾਹੌਰ ਦਾ

ਨਵਤੇਜ ਪੁਆਧੀ (ਸੈਣੀ)
ਪਿੰਡ ਭਿਉਰਾ, ਜ਼ਿਲ੍ਹਾ ਰੂਪਨਗਰ

"ਵੇ ਸੋਨੇ ਦਿਆ ਕੰਗਣਾ, ਸੌਦਾ ਇਕੋ ਜਿਹਾ ਦਿਲ ਦੇਣਾ ਦਿਲ ਮੰਗਣ................"
ਗੀਭੋ ਨਚਾਰ ਦੇ ਇਹ ਮਿੱਠੇ ਬੋਲ ਅੱਜ ਵੀ ਪਿੰਡਾਂ ਦੀਆਂ ਨੇਰ੍ਹੀਆਂ ਚਾਨਣੀਆਂ ਗਲੀਆਂ ਵਿਚ ਬਾਸਮਤੀ ਦੀ ਮਹਿਕ ਵਾਂਗ ਤਾਰੀਆਂ ਲਾ ਰਹੇ ਹਨ ਭਾਵੇਂ ਗੀਭੋ ਨਚਾਰ ਦਾ ਅੱਜ ਕੋਈ ਥਹੁ ਟਿਕਾਣਾ ਨਹੀਂ।

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਅਜੇ ਅੰਮ੍ਰਿਤਸਰ ਤੇ ਲਾਹੌਰ ਦੀ ਸਾਂਝ ਨਹੀਂ ਸੀ ਟੁੱਟੀ ਤੇ ਜੀਊਣਾ ਅਜੇ ਜਥੇਦਾਰ ਜੀਊਣ ਸਿੰਘ ਨਹੀਂ ਸੀ ਬਣਿਆ ਤੇ ਮੱਲ ਖਾਨ ਅਜੇ ਚੌਧਰੀ ਮਲ ਖਾਨ ਨਹੀਂ ਸੀ ਬਣਿਆ। ਇਹ ਦੋਵੇਂ ਨੇਰ੍ਹੀਆਂ ਚਾਨਣੀਆਂ ਰਾਤਾਂ ਨੂੰ ਦੂਰ ਦੂਰ ਪਿੰਡਾਂ ਵਿੱਚ ਜਾ ਕੇ ਖਾੜਾ ਲਾਉਂਦੇ ਤੇ ਇਕ ਹੱਥ ਕੰਨ 'ਤੇ ਧਰ ਤੇ ਦੂਜੀ ਬਾਂਹ ਹਵਾ 'ਚ ਉਲਾਰ ਬੋਲੀ ਪਾਉਂਦੇ, "ਬਈ ਓਏ ਉੱਚਾ ਬੁਰਜ ਲਾਹੌਰ ਦਾ"। ਗੀਭੋ ਨਚਾਰ ਹਰਨੋਟੇ ਵਾਂਗ ਛਾਲ ਮਾਰ ਮੁਰਗਾਈ ਵਾਂਗ ਤੈਰਦਾ।

ਇੱਕ ਸ਼ਾਮ ਜੀਊਣਾ ਤੇ ਗੀਭੋ ਨਚਾਰ ਕਿਸੇ ਪਿੰਡ ਖਾੜਾ ਲਾਉਣ ਜਾਣ ਲਈ ਤਿਆਰ ਹੋ ਕੇ ਖਾਨ ਦੀ ਤੇ ਰਚਨੇ ਮਸਾਲਚੀ ਦੀ ਉਡੀਕ ਕਰ ਰਹੇ ਸਨ ਕਿ ਜੀਊਣੇ ਦੇ ਛੋਟੇ ਭਰਾ ਨਿਮੋਝੂਣੇ ਸਿਰ ਸੁਟੀ ਘਰ ਆਣ ਵੜੇ ਸਨ।

ਜੀਊਣੇ ਨੇ ਆਪਣੇ ਭਰਾਵਾਂ ਤੋਂ ਕੁਝ ਵੀ ਨਹੀਂ ਸੀ ਪੁਛਿਆ। ਜੀਊਣਾ ਸਭ ਕੁਝ ਸਮਝ ਗਿਆ ਸੀ ਕਿ ਕੀ ਭਾਣਾ ਵਰਤਿਆ ਹੈ। ਉਹ ਖਾਨ ਦੀ ਹੋਰ ਉਡੀਕ ਤੋਂ ਬਿਨਾ ਗੀਭੋ ਤੇ ਰਚਨੇ ਨੂੰ ਨਾਲ ਲੈ ਕੇ ਪੜ੍ਹੀ ਪਿੰਡ ਨੂੰ ਤੁਰ ਪਿਆ। ਜਿਥੋਂ ਉਹ ਅੱਜ ਖਾੜਾ ਲਾਉਣ ਲਈ ਰਸਦ ਲੈ ਆਇਆ ਸੀ ਤੇ ਅੱਜ ਲਈ ਬੋਲੀ ਪਾ ਪਾਇਆ ਸੀ। ਉਸ ਨੂੰ ਪੂਰਾ ਵਿਸ਼ਵਾਸ ਸੀ ਕਿ ਖਾਨ ਵੀ ਉਥੇ ਹੀ ਪੁੱਜ ਜਾਵੇਗਾ।

ਅਗਲੇ ਦਿਨ ਦੇ ਖਾੜੇ ਲਈ ਜੀਊਣੇ ਨੇ ਬੋਲੀ ਨਹੀਂ ਸੀ ਪਾਈ ਤੇ ਨਾ ਹੀ ਰਸਦ ਲਈ ਸੀ। ਬੱਸ ਹੁਣ ਨੀ ਪੁੱਗਣਾ ਇਹ ਕੰਮ...। ਜੀਊਣੇ ਦੀਆਂ ਅੱਖੀਆਂ ਪਾਣੀ ਭਰੇ ਢੂੰਮਾਂ ਵਾਂਗ ਹੋ ਗਈਆ ਸਨ।

ਜੀਊਣਾ ਤੇ ਉਸ ਦੇ ਭਰਾ ਆਪਣੀ ਭੋਏ ਦਾ ਮੁਕੱਦਮਾ ਥਲਵੀ ਅਦਾਲਤ ਤੋਂ ਹਰ ਗਏ ਸਨ। ਇਹ ਅਲਾਕੇ ਵਿਚ ਆਮ ਚਰਚਾ ਸੀ ਕਿ ਜੱਜ ਨੇ ਦੂਜੀ ਧਿਰ ਦੀ ਰਈ ਕੀਤੀ ਸੀ ਤੇ ਮੁਕੱਦਮੇ ਦਾ ਫੈਸਲਾ ਉਨ੍ਹਾਂ ਦੇ ਹੱਕ ਵਿਚ ਕਰ ਦਿੱਤਾ ਸੀ।

ਜੀਊਣਾ ਬਹੁਤਾ ਹੀ ਹਾਰਦਾ ਜਾਂਦਾ ਸੀ। ਉਸ ਨੇ ਖਾੜਾ ਲਾਉਣਾ ਬੰਦ ਕਰ ਦਿੱਤਾ ਸੀ। ਖਾਨ ਕਈ ਵਾਰ ਆ ਕੇ ਉਸ ਨੂੰ ਸਮਝਾਉਂਦਾ ਸੀ ਕਿ ਘਰ ਬੈਠਿਆਂ ਤਾਂ ਭੁੱਖੇ ਮਰਨ ਵਾਲੀ ਗੱਲ ਹੈ ਪਰ ਉਸ ਨੇ ਖਾਨ ਦੀ ਇੱਕ ਵੀ ਨਹੀਂ ਸੀ ਸੁਣੀ-ਬਸ ਜਿੱਦ ਫੜ ਗਿਆ ਸੀ ਅਲਕ ਵਿਹੜਕੇ ਵਾਂਗ ਕਿ ਹੁਣ ਉਸ ਰਸਤੇ ਨਹੀਂ ਤੁਰਨਾ ਜਿਹੜਾ ਛੱਡ ਦਿੱਤਾ ਹੈ।

ਥਲਵੀ ਅਦਾਲਤ ਤੋਂ ਮੁਕੱਦਮਾ ਹਾਰਨ ਕਰਕੇ ਉਸ ਦਾ ਜਿਵੇਂ ਲੱਕ ਹੀ ਟੁੱਟ ਗਿਆ ਸੀ। ਉਪਰਲੀ ਅਦਾਲਤ ਜਾਣ ਦੀ ਉਸ ਦੀ ਗੁੰਜਾਇਸ਼ ਨਹੀਂ ਸੀ ਕਿ ਉਹ ਅਪੀਲ ਕਰ ਸਕੇ। ਪਰ ਯਾਰਾਂ ਮਿਤ੍ਰਾਂ ਨੇ ਜੀਊਣੇ ਦੇ ਭਰਾਵਾਂ ਨੂੰ ਸਮਝਾਇਆ ਸੀ ਕਿ ਉਪਰਲੀ ਅਦਾਲਤ ਵਿਚ ਅਪੀਲ ਜ਼ਰੂਰ ਕਰਨੀ ਚਾਹੀਦੀ ਹੈ।

"ਓ ਭਲਿਓ ਲੋਕੋ ਹਾਰ ਤਾਂ ਗੇ। ਏਦੇ ਥੱਲੇ ਤਾਂ ਕੋਈ ਗੱਲ ਨੀ। ਥੱਲੇ ਆਲਾ ਜੱਜ ਕੇੜ੍ਹਾ ਉਪਰ ਪੁਜ਼ ਜੂ ਸਫਾਰਸ ਲੈਣ?" ਜੀਊਣੇ ਦੇ ਇੱਕ ਮਿਤ੍ਰ ਨੇ ਸਮਝਾਇਆ। ਪਰ ਜੀਊਣਾ ਨੀਵੀਂ ਪਾਈ ਧਰਤੀ 'ਤੇ ਡੱਕੇ ਨਾਲ ਮਿੱਟੀ ਖਰੇਦਦਾ ਰਿਹਾ।

ਇੱਕ ਦਿਨ ਗੀਭੋ ਨਚਾਰ ਨੇ ਵੀਹ ਰੁਪੈ ਜੀਊਣੇ ਨੂੰ ਦੇਂਦਿਆਂ ਕਿਹਾ ਲੈ ਬਾਈ-ਮੇਰੇ ਕੋਲ ਏਹੀ ਆ ਖੌਰੇ ਤੇਰੇ ਕੰਮ ਆ ਜਾਣ ਤੇ ਗੀਭੋ ਨਚਾਰ ਦੀਆਂ ਅੱਖਾਂ ਤੋਂ ਟੱਪ ਟੱਪ ਅੱਥਰੂ ਗਿਰ ਪਏ। ਗੀਭੋ ਨਚਾਰ ਜੀਊਣੇ ਦੇ ਖਾੜੇ ਦੀ ਜਿੰਦ ਜਾਨ ਸੀ ਜਦ ਉਹ "ਮੇਰੀ ਐਸੀ ਝਾਂਜਰ ਛਣਕੇ-ਛਣਕਾਰਾ ਪੈਂਦਾ ਗਲੀਓ ਗਲੀ" ਗੌਂਦਾ ਤਾਂ ਜਿਵੇਂ ਖਾੜਾ ਦੇਖ ਰਹੇ ਲੋਕ ਝੂਮ ਉਠਦੇ ਤੇ ਗੀਭੋ ਨਚਾਰ ਬਾਰੇ ਕੁਝ ਹੋਰ ਹੀ ਤਰ੍ਹਾਂ ਸੋਚਣ ਲੱਗ ਪੈਂਦੇ ਸਨ।

ਗੀਭੋ ਨਚਾਰ ਤੋਂ ਵੀਹ ਰੁਪੈ ਫੜ ਜਿਵੇਂ ਜੀਊਣੇ ਨੂੰ ਰਤਾ ਹੌਸਲਾ ਜਿਹਾ ਹੋ ਗਿਆ ਹੋਵੇ, ਉਸ ਨੂੰ ਜਿਵੇਂ ਇੱਕ ਪੌੜੀ ਮਿਲ ਗਈ ਸੀ ਚੁਬਾਰਾ ਚੜ੍ਹਨ ਲਈ।

ਜੀਊਣੇ ਨੇ ਆਪਣੇ ਭਰਾ ਭਤੀਜਿਆਂ ਨਾਲ ਸਲਾਹ ਕੀਤੀ ਤੇ ਉਨ੍ਹਾਂ ਨੂੰ ਕੁਝ ਹੋਰ ਰੁਪੈ ਕੱਠੇ ਕਰਨ ਲਈ ਕਿਹਾ ਪਰ ਸਾਰੇ ਕੰਨ੍ਹਾਂ ਮਾਰ ਗਏ ਸਨ।

ਇਸ ਤਰ੍ਹਾਂ ਤਾਂ ਗੱਲ ਨਹੀਂ ਸੀ ਬਣਨੀ। ਉਪਰਲੀ ਅਦਾਲਤ ਤੱਕ ਪੁਜਣ ਲਈ ਤਾਂ ਖਰਚਾ ਹੀ ਖਰਚਾ ਸੀ। ਵਕੀਲ ਦਾ ਖਰਚਾ-ਭਾੜਾ ਕਰਾਇਆ ਆਪਣਾ ਸਾਰਿਆਂ ਦਾ ਖਰਚਾ। ਖਲ ਖੁਜਿਆ ਵਿਚ ਹੱਥ ਮਾਰਿਆਂ ਦਸ ਪੰਦਰਾਂ ਰੁਪੈ ਹੋਰ ਹੱਥ ਲੱਗ ਗਏ ਸਨ। ਕੁਲ ਰਲਾ ਕੇ ਪੈਂਤੀ ਤੇ ਦੱਸ ਜੀਊਣੇ ਪਾਸ ਸਨ, ਪੰਤਾਲੀ ਹੋ ਗਏ ਸਨ। ਰਚਨਾ ਮਸਾਲਚੀ ਵੀ ਜੀਊਣੇ ਦੀ ਜੇਬ 'ਚ ਕੁਝ ਪਾ ਗਿਆ ਸੀ। "ਚਲੋ ਕੁਛ ਤਾਂ ਬਣਿਆ...." ਜੀਊਣੇ ਨੇ ਲੰਮਾ ਸਾਹ ਲਿਆ। ਤੇ ਇੱਕ ਦਿਨ ਛੱਡ ਦੂਜੇ ਦਿਨ ਲਾਹੌਰ ਜਾਣ ਦੀ ਸਲਾਹ ਪੱਕੀ ਹੋ ਗਈ।

ਦੂਜੇ ਦਿਨ ਮੂੰਹ-ਹਨੇਰੇ ਹੀ ਖਾਨ ਵੀ ਆ ਗਿਆ।

"ਲੈ ਬਾਈ ਆਹ ਪੰਦਰਾਂ ਰੁਪੈ ਮੇਰੇ ਕੋਲ ਵੀ ਆ-ਆਪਾਂ ਲਾਹੌਰ ਉਪਰਲੀ ਅਦਾਲਤ ਜ਼ਰੂਰ ਜਾਣਾ ਐ। ਅਗਲੀਆਂ ਤਰੀਕਾਂ ਥਾਂਈ ਕੋਈ ਹੋਰ ਖੂ ਪਟਾਂਗੇ ..ਮੈਂ ਵੀ ਗੈਲ ਚਲੂੰ" ਖਾਨ ਨੇ ਜੀਊਣੇ ਨੂੰ ਪੈਸੇ ਫੜੌਂਦਿਆਂ ਪੂਰੀ ਹਲਾ ਸ਼ੇਰੀ ਦਿੱਤੀ। ਘਰ ਦੇ ਜੀਆਂ ਦੇ ਚੇਹਰਿਆਂ ਤੇ ਖੇੜਾ ਜਿਹਾ ਆ ਗਿਆ ਸੀ।

ਸ਼ਾਮ ਦੀ ਧੁੱਪ ਨਿੰਘੀ ਲਗਣ ਲੱਗ ਪਈ ਸੀ। ਸ਼ਾਮ ਤੱਕ ਉਹ ਘਰ ਦੀ ਕੱਢੀ ਦੀਆਂ ਚਾਰ ਬੋਤਲਾਂ ਪੀ ਗਏ ਸਨ।ਜਦ ਵਾੜੇ 'ਚ ਮੰਜਿਆਂ ਤੇ ਬੈਠਿਆਂ ਨੂੰ ਹੀ ਰੋਟੀ ਆ ਗਈ ਤਾਂ ਰੋਟੀ ਖਾਣ ਤੋਂ ਪਹਿਲਾਂ ਜੀਊਣੇ ਨੇ ਆਪਣੇ ਨਾਲ ਰੱਖੇ ਆਪਣੇ ਤੋਂ ਵੀ ਲੰਮੇ ਕੋਕਿਆਂ ਵਾਲੇ ਖੂੰਡੇ ਨੂੰ ਹੱਥ ਪਾ ਲਿਆ ਤੇ ਮੰਜੇ ਤੋਂ ਉਠ ਖੜਾ ਹੋਇਆ ।ਉਸ ਦੇ ਭਰਾ ਡਰ ਗਏ ਸਨ ਕਿ ਕਿਤੇ ਉਹ ਖਾਨ ਦੇ ਗਲ ਹੀ ਨਾ ਪੈ ਜਾਵੇ ਪਰ ਜੀਊਣੇ ਨੇ ਇੱਕ ਹੱਥ ਕੰਨ 'ਤੇ ਧਰ ਤੇ ਦੂਜਾ ਹਵਾ 'ਚ ਉਲਾਰ ਕੇ

"ਬਈ ਉਏ ਉੱਚਾ ਬੁਰਜ ਲਾਹੌਰ ਦਾ...."

ਤੇ ਨਾਲ ਹੀ ਖਾਨ ਨੇ ਖੜ੍ਹਾ ਹੋ ਕੇ ਕੰਨ 'ਤੇ ਹੱਥ ਧਰ ਉਸ ਦੀ ਹੇਕ ਨਾਲ ਹੇਕ ਮੇਲ ਦਿੱਤੀ।

"ਮੈਂ ਖੜੀ ਸਕਾਮਾਂ ਕੇਸ...।"

ਤੇ ਫੇਰ ਦੋਹਾਂ ਦੀਆਂ ਆਵਾਜ਼ਾਂ ਗੱਡ ਮੱਡ ਹੋ ਗਈਆਂ,

"ਮੈਨੂੰ ਯਾਰ ਦਖਾਈ ਦੇ ਗਿਆ।
ਭਗਮਾ ਪਾ ਕੇ ਭੇਸ.....।"

ਮੁੜ ਉਹ ਦੋਵੇਂ ਇੱਕ ਦੂਜੇ ਨੂੰ ਜੱਫੀ ਪਾ ਕੇ ਬੁੱਭਾਂ ਮਾਰ ਕੇ ਰੋਣ ਲੱਗ ਪਏ। ਜੀਊਣੇ ਦੇ ਭਰਾਵਾਂ ਨੇ ਦੋਹਾਂ ਨੂੰ ਸਮਝਾ ਬੁਝਾ ਕੇ ਰੋਟੀ ਖਾਣ ਲਾ ਦਿੱਤਾ ਤੇ ਸਾਰੇ ਜਣੇ ਆਪਸ ਦੇ ਗਿਲੇ ਸ਼ਿਕਵੇ ਤੇ ਰੁਠ ਮਰੋੜੇ ਜਿਵੇਂ ਸਾਧਾਂ ਵਾਲੇ ਤਲਾ ਵਿਚ ਸੁਟ ਆਏ ਹੋਣ।

ਸਵੇਰੇ ਸਾਝਰੇ ਉਠ ਚਾਹ ਪਾਣੀ ਪੀ ਚਾਰੋ ਜਣੇ ਲਾਹੌਰ ਦੇ ਰਾਹ ਪੈ ਗਏ।

ਦੁਪਿਹਰ ਜਿਹੇ ਉਹ ਲਾਹੌਰ ਕਚਿਹਰੀਆਂ ਵਿਚ ਪੁਜ ਗਏ ਸਨ। ਜਿਸ ਵਕੀਲ ਬਾਰੇ ਉਨ੍ਹਾਂ ਨੂੰ ਕਿਸੇ ਦੱਸ ਪਾਈ ਸੀ, ਉਸ ਨੂੰ ਉਹ ਮਿਲ ਲਏ ਸਨ। ਉਸ ਨੇ ਜੋ ਫੀਸ ਦਸੀ ਜੇਬ ਦੇ ਪੈਸਿਆਂ ਨਾਲ ਸਰ ਗਿਆ ਸੀ ਤੇ ਪਿੰਡ ਤੱਕ ਮੁੜਨ ਦਾ ਖਰਚਾ ਵੀ ਬਚ ਗਿਆ ਸੀ ।ਪਰ ਨਾਲ ਹੀ ਵਕੀਲ ਨੇ ਕਹਿ ਦਿੱਤਾ ਸੀ ਕਿ ਜੇ ਉਹ ਐਨੇ ਪੈਸੇ ਹੋਰ ਦੇਣ ਤਾ ਉਹ ਉਨ੍ਹਾਂ ਦਾ ਮੁਕੱਦਮਾ ਸ਼ਰਤੀਆਂ ਜਿੱਤ ਸਕਦਾ ਹੈ। ਪਰ ਉਨ੍ਹਾਂ ਪਾਸ ਤਾਂ ਇਹ ਪੈਸੇ ਸਨ ਜੋ ਕਈ ਘਰ ਫਰੋਲਿਆਂ ਕੱਠੇ ਹੋਏ ਸਨ ਹੋਰ ਕਿਥੋਂ ਕਰਦੇ? ਵਕੀਲ ਤਾਂ ਹਿੱਕ ਥਾਪੜ ਕੇ ਕਹਿ ਰਿਹਾ ਸੀ ਪਰ ਮਸਲਾ ਤਾ ਪੈਸਿਆਂ ਦਾ ਸੀ ਇਥੇ ਪਰਦੇਸ ਵਿਚ ਕਿਥੋਂ ਪੈਸਾ ਲਿਆਉਂਦੇ । ਜੀਊਣਾ ਬਹੁਤ ਹੀ ਉਦਾਸ ਹੋ ਗਿਆ ਸੀ। ਕੇਸ ਤਾਂ ਵਕੀਲ ਨੇ ਪਾ ਦਿੱਤਾ ਸੀ।

"ਸੋਚਦੇ ਆਂ... " ਉਹ ਚਾਰੋਂ ਵਕੀਲ ਨੂੰ ਆਖ ਕਚਿਹੀਰੀਆਂ ਤੋਂ ਬਾਹਰ ਆ ਗਏ ਸਨ।

ਸ਼ਾਮ ਪੈ ਗਈ ਸੀ ਪਰ ਨੇਰ੍ਹਾ ਨਹੀਂ ਸੀ ਹੋਇਆ। ਉਹ ਰਾਤ ਕੱਟਣ ਦੇ ਫਿਕਰ ਵਿਚ, ਸੋਚਦੇ ਸੁਚਾਂਦੇ ਕਚਿਹਰੀਆਂ ਦੇ ਨਾਲ ਲਗਦੀ ਪਾਰਕ ਵਿਚ ਆ ਬੈਠੇ।

"ਰਾਤ ਕਿਸੇ ਗੁਰਦੁਵਾਰੇ ਰਹਿ ਲਈਏ..." ਜੀਊਣੇ ਨੇ ਕਿਹਾ।

"ਠੀਕ ਆ..." ਖਾਨ ਵੀ ਸਹਿਮਤ ਸੀ। ਉਹ ਅਜੇ ਸਲਾਹਾਂ ਹੀ ਬਣਾ ਰਹੇ ਸਨ ਕਿ ਬਾਹਰੋਂ ਇਕ ਹੀਜੜਿਆਂ ਦੀ ਟੋਲੀ ਪਾਰਕ ਵਿਚ ਆਣ ਵੜੀ।

"ਮੂਏ ਜੀਊਣੇ ਤੂੰ ਐਥੇ... "ਮੋਹਰੀ ਹੀਜੜੇ ਨੇ ਜੀਊਣੇ ਨੂੰ ਕਿਹਾ।"ਝਾਕਦਾ ਕਾਨੂ ਆ ਬਟੇਰੇ ਮਾਂਗ ਮੈਂ ਸ਼ਬੋ। ਸਾਰਾ ਜੱਗ ਜਾਣਦਾ ਐ ਮੈਨੂੰ ਅਰ ਇਨ੍ਹਾਂ ਮੇਰੀਆਂ ਛੋਟੀਆਂ ਭੈਣਾਂ ਨੂੰ.." ' ਇਹ ਆਖ ਉਸੇ ਹੀਜੜੇ ਨੇ ਸੱਜੇ ਹੱਥ ਤੇ ਖੱਬਾ ਮਾਰ ਤਾੜੀ ਮਾਰ ਦਿੱਤੀ।

"ਮੂਏ ਤੈਨੂੰ ਸੌਦਿਆ ਸੁਣਿਆਂ ਖਾੜੇ ਵਿਚ ' ਸ਼ਬੋ ਨੇ ਕਿਹਾ।

"ਬਈ ਉਏ ਉੱਚਾ ਬੁਰਜ ਲਾਹੌਰ ਦਾ ' ਸ਼ਬੋ ਨੇ ਜੀਊਣੇ ਦੀ ਨਕਲ ਲਾਈ।

ਕੁਝ ਵੀ ਸੀ -ਜੀਊਣੇ ਨੂੰ ਹੁਣ ਇਕ ਨਸ਼ਾ ਜਿਹਾ ਹੋ ਗਿਆ ਸੀ ਕਿ "ਪ੍ਰਦੇਸ" ਵਿਚ ਉਸ ਨੂੰ ਵੀ ਕੋਈ ਜਾਣਦਾ ਹੈ । ਉਸ ਨੂੰ ਉਦਾਸ ਜਿਹਾ ਦੇਖ ਸ਼ਬੋ ਨੇ ਪੁਛਿਆ।

"ਪਰ ਇਥੇ ਕਿਮੇਂ ਬੈਠੇ ਆ ਸੋਚਾਂ ਵਿਚ ਡੁਬੇ ਕਲਾਖਰਾਂ ਵਿਚ-ਕਿਥੇ ਰੋਪੜ ਤੇ ਕਿਥੇ ਲਾਹੌਰ-"

ਸਾਰੇ ਹੀਜੜੇ ਉਨ੍ਹਾਂ ਦੇ ਲਾਗੇ ਹੀ ਬੈਠ ਗਏ ਸਨ ਤੇ ਬੜੇ ਮੋਹ ਨਾਲ ਉਨ੍ਹਾਂ ਵਲ ਦੇਖ ਰਹੇ ਸਨ। ਸ਼ਬੋ ਨੇ ਦਸਿਆ ਕਿ ਉਨ੍ਹਾਂ ਨੇ ਜੀਊਣੇ ਦਾ ਖਾੜਾ ਇਕ ਪੂਰੀ ਰਾਤ ਸੁਣਿਆ ਸੀ ਜੋ ਉਨ੍ਹਾਂ ਨੂੰ ਬਹੁਤ ਚੰਗਾ ਲੱਗਾ ਸੀ।

"ਤੈਨੂੰ ਯਾਦ ਨੀ, ਮੈਂ ਤੈਨੂੰ ਇਕ ਰੁਪੱਈਆ ਵੀ ਦਿਤਾ ਸੀ- ਮੂਏ। ਪਿੰਡ ਖਣੀ ਝੱਲੀਆਂ ਜਾ ਬੂਰ ਮਾਜਣਾ ਸੀ। ਮੂਏ ਤੂੰ ਤਾਂ ਐਥੇ ਬੈਠਾ ਉਸੀ ਦਿਨ ਦਾ ' ਸ਼ਬੋ ਨੇ ਆਪਣੀ ਛਾਤੀ ਤੇ ਖੱਬੇ ਪਾਸੇ ਹੱਥ ਮਾਰ ਕੇ ਕਿਹਾ।

"ਤੈਂ ਕਈ ਰਾਤਾਂ ਹਰਾਮ ਕਰੀਆਂ ਮੇਰੀਆਂ ' ਸ਼ਬੋ ਨੇ ਮੁੜ ਕਿਹਾ।

"ਮੂਏ ਦੁਖ ਦਸ ਛੱਡ ਗੱਲਾਂ 'ਸ਼ਬੋ ਨੇ ਮੁਕਦੀ ਕੀਤੀ। ਜੀਊਣੇ ਨੇ ਸਾਰੀ ਵਿਥਿਆ ਸੁਣਾ ਦਿਤੀ ਸੀ।

"ਮੈਂ ਮਰ ਗੀ-ਕਿਆ ਮੂਏ? ਚਲੋ ਸਾਡੇ ਨਾਲ ' ਸ਼ਬੋ ਨੇ ਜੀਊਣੇ ਹੋਰਾਂ ਨੂੰ ਅਪਣਿਆਂ ਵਾਂਗ ਕਿਹਾ।ਜੀਊਣੇ ਨੂੰ ਕੁਝ ਸ਼ਰਮ ਵੀ ਆ ਰਹੀ ਸੀ ਪਰ ਰਾਤ ਕੱਟਣ ਦੀ ਮਜਬੂਰੀ ਵੀ ਸੀ। ਉਹ ਉਠੇ ਤੇ ਉਨ੍ਹਾਂ ਦੇ ਮਗਰ ਹੋ ਲਏ। ਕੁਝ ਹੀ ਪਲਾਂ ਵਿਚ ਉਹ ਉਨ੍ਹਾਂ ਦੇ ਘਰ ਪੁੱਜ਼ ਗਏ। ਘਰ ਜਿਹੜਾ ਦੋ-ਮੰਜਲਾ ਚੁਬਾਰਾ ਸੀ। ਜੀਊਣੇ ਹੁਰਾਂ ਨੂੰ ਉਨ੍ਹਾਂ ਨੇ ਉਪਰ ਚੁਬਾਰੇ ਵਿਚ ਭੇਜ ਦਿਤਾ ਤੇ ਆਪ ਸਾਰੇ ਥਲਵੇਂ ਵਡੇ ਕਮਰੇ ਵਿਚ ਜਾ ਵੜੇ। ਕੁਝ ਹੀ ਸਮੇਂ ਬਾਦ ਜੀਊਣੇ ਹੁਰਾਂ ਲਈ "ਦਾਲ ਫੁਲਕਾ" ਆ ਗਿਆ ਸੀ। ਜੀਊਣੇ ਹੁਰੀਂ ਦਾਲ ਫੁਲਕਾ ਛਕਦੇ ਹੀ ਗੂੜੀ ਨੀਂਦ ਸੌ ਗਏ। ਥਕੇਵੇਂ ਨੇ ਉਨ੍ਹਾਂ ਦਾ ਬੁਰਾ ਹਾਲ ਕਰ ਰਖਿਆ ਸੀ।

ਜਦ ਸਵੇਰੇ ਜੀਊਣੇ ਦੀ ਅੱਖ ਖੁਲੀ ਤਾਂ ਉਸ ਦੇ ਮੂੰਹੋਂ ਅਚਾਨਕ ਨਿਕਲ ਗਿਆ,

"ਤੂੰ ਹਸਦੀ, ਦਿਲ ਰਾਜੀ ਮੇਰਾ ਲਗਦੇ ਬੋਲ ਪਿਆਰੇ "

ਉਸ ਦੇ ਮੂੰਹ ਤੇ ਇਹ ਬੋਲ ਪਤਾ ਨਹੀਂ ਕਿਵੇਂ ਆ ਗਏ ਸਨ। ਉਸ ਨੂੰ ਆਪ ਨੂੰ ਵੀ ਨਹੀਂ ਸਮਝ ਆਈ ਸੀ ਪਰ ਜਦ ਉਸ ਨੇ ਅੱਖਾਂ ਉਤਾਂਹ ਚੁੱਕੀਆਂ ਤਾਂ ਸ਼ਬੋ ਚਾਹ ਦੇ ਚਾਰ ਗਲਾਸ ਛਿੱਕੇ ਵਿਚ ਫੜੀ ਮੁਸਕਰਾਉਂਦਾ ਜੀਊਣੇ ਦੇ ਮੂੰਹੋਂ ਨਿਕਲੇ ਮਿੱਠੇ ਬੋਲ ਸੁਣ ਖੀਵਾ ਹੋ ਉਠਿਆ।

"ਮੂਏ ਸੁਣਾ ਕੁਛ ਹੋਰ ਅਗੇ ' ਸ਼ਬੋ ਨੇ ਕਿਹਾ। ਪਰ ਜੀਊਣਾ ਤਾਂ ਇਕਦਮ ਮੋਨ ਹੋ ਗਿਆ ਸੀ। ਉਸ ਨੇ ਸ਼ਬੋ ਹਥੋਂ ਛਿੱਕਾ ਫੜ ਲਿਆ ਤੇ ਉਸ 'ਚੋਂ ਇਕ ਗਲਾਸ ਫੜ ਚਾਹ ਪੀਣ ਲੱਗ ਪਿਆ ਤੇ ਬਾਕੀ ਦੇ ਗਲਾਸ ਖਾਨ ਤੇ ਭਰਾਵਾਂ ਅਗੇ ਕਰ ਦਿਤੇ ਸਨ।

ਜਦ ਉਹ ਚਾਹ ਪੀ ਹਟੇ ਤਾਂ ਉਹ ਅਜੇ ਸੋਚ ਹੀ ਰਹੇ ਸਨ ਕਿ ਕੀ ਕੀਤਾ ਜਾਵੇ- ਤਦੇ ਹੀ ਸ਼ਬੋ ਤੇ ਸਾਰੇ ਹੀਜੜੇ ਉਪਰ ਚੁਬਾਰਾ ਆਣ ਚੜੇ।

"ਮੂਏ ਜੀਊਣੇ ਲੈ ਫੜ ਰੁਪੱਏ- ਮੈਂ ਤੇਰਾ ਰਾਮ ਗਿਰਵੀ ਰਖ ਲਿਆ ਐ' ਪੈਸੇ ਜੀਊਣੇ ਨੂੰ ਫੜਾਉਂਦਿਆਂ ਸ਼ਬੋ ਨੇ ਕਿਹਾ।

"ਮੇਰਾ ਰਾਮ" ਜੀਊਣਾ ਜਿਵੇਂ ਨੀਂਦ ਤੋਂ ਜਾਗਿਆ ਹੋਵੇ।।

"ਹਾਂ ਤੇਰਾ ਰਾਮ । ਅਪਣਾ ਕੰਮ ਸਾਰ ' ਸ਼ਬੋ ਨੇ ਕਿਹਾ। ਬਾਕੀ ਦੇ ਸਾਰੇ ਹੀਜੜੇ ਉਨ੍ਹਾਂ ਦੋਹਾਂ ਵੱਲ ਤੱਕ ਰਹੇ ਸਨ। ਖਾਨ ਤੇ ਜੀਊਣੇ ਨੇ ਰੁਪੇ ਫੜ ਲਏ। ਜੀਉਣੇ ਨੇ ਆਪਣੇ ਖੂੰਡੇ ਨੂੰ ਹੱਥ ਪਾ ਲਿਆ-ਜਿਸ ਨੂੰ ਉਹ ਸਦਾ ਨਾਲ ਰਖਦਾ ਸੀ। ਉਹ ਖੜ੍ਹਾ ਹੋ ਗਿਆ-ਕੰਨ ਤੇ ਹੱਥ ਰੱਥ ਰੱਖ ਉਸ ਨੇ ਹੇਕ ਲਾਈ।

"ਬਈ ਉਏ ਉੱਚਾ ਬੁਰਜ ਲਾਹੌਰ ਦਾ "

ਤੇ ਅਗਲੀ ਤੁਕ ਖੜ੍ਹਾ ਹੋ ਖਾਨ ਨੇ ਚੁੱਕ ਲਈ,

"ਮੈਂ ਖੜੀ ਸਕਾਮਾਂ ਕੇਸ "

ਤੇ ਅਗੇ ਮੁੜ ਦੋਵੇਂ ਆਵਾਜ਼ਾਂ ਗੜੂੰਦ ਹੋ ਗਈਆਂ,

"ਮੈਨੂੰ ਯਾਰ ਦਖਾਈ ਦੇ ਗਿਆ
ਭਗਮਾਂ ਪਾ ਕੇ ਭੇਸ '

ਜੀਊਣੇ ਤੇ ਖਾਨ ਦੀਆਂ ਆਵਾਜ਼ਾਂ ਜਿਵੇਂ ਚੁਬਾਰੇ ਦੀਆਂ ਕੰਧਾਂ ਪਾੜ ਕੇ ਨਾਲ ਦੇ ਘਰਾਂ ਵਿਚ ਫੈਲ ਗਈਆਂ ਸਨ। ਮਿੱਠੀਆਂ ਆਵਾਜ਼ਾਂ ਸੁਣ ਕੇ ਨਾਲ ਦੇ ਘਰਾਂ ਦੇ ਲੋਕ ਚੁਬਾਰੇ ਵਲ ਝਾਕਣ ਲੱਗ ਪਏ ਸਨ।ਇਹ ਮਿੱਠੀਆਂ ਆਵਾਜ਼ਾਂ ਜਿਵੇਂ ਚੁਬਾਰੇ ਦੀਆਂ ਬਾਰੀਆਂ ਤੋੜ ਕੇ ਸਾਰੇ ਲਾਹੌਰ ਤੇ ਛਾ ਗਈਆਂ ਹੋਣ।

ਜੀਊਣੇ ਦੀਆਂ ਅੱਖਾਂ ਮੁੜ ਸੌਣ ਵਾਂਗ ਵਰ੍ਹ ਪਈਆਂ ਸਨ ਤੇ ਨਾਲ ਹੀ ਖਾਨ ਵੀ ਬੁੱਬਾਂ ਮਾਰ ਕੇ ਰੋਣ ਲੱਗ ਪਿਆ ਸੀ। ਸ਼ਬੋ ਦੀਆਂ ਵੀ ਅੱਖਾਂ ਭਰ ਆਈਆਂ ਸੀ। ਸਾਰੇ ਜਣੇ ਮੋਹ-ਮੱਤੇ ਹੋ ਗਏ ਸਨ। ਬਾਕੀ ਦੇ ਹੀਜੜੇ ਉਦਾਸ ਉਦਾਸ ਨਿਗਾਹਾਂ ਨਾਲ ਉਨ੍ਹਾਂ ਵਲ ਤੱਕ ਰਹੇ ਸਨ।ਜੀਊਣੇ ਅਪਣੇ ਪਰਨੇ ਨਾਲ ਆਪਣੀਆਂ ਅੱਖਾਂ ਸਾਫ਼ ਕੀਤੀਆਂ ਤੇ ਝੁਕ ਕੇ ਸ਼ਬੋ ਦੇ ਪੈਰਾਂ ਨੂੰ ਹੱਥ ਲਾਉਣ ਦੀ ਕੋਸ਼ਸ਼ ਕੀਤੀ ਪਰ ਸ਼ਬੋ ਇਹ ਕਹਿੰਦਾ ਪਿਛੇ ਹਟ ਗਿਆ।

"ਮੂਏ ਤੀਮੀਂ ਦੇ ਪੈਰੀ ਹੱਥ ਲੈਂਦਾ ਐ ਮਰਦ ਹੋ ਕੇ। " ਜੀਊਣਾ ਮੁੜ ਉੱਚੀ ਉੱਚੀ ਰੋਣ ਲੱਗ ਪਿਆ ਤੇ ਕਿੰਨਾ ਹੀ ਚਿਰ ਭਾਵਕ ਹੋ ਕੇ ਰੋਂਦਾ ਰਿਹਾ। ਸ਼ਬੋ ਸਾਰੇ ਹੀਜੜਿਆਂ ਨੂੰ ਨਾਲ ਲੈ ਕੇ ਚੁਬਾਰਾ ਉਤਰ ਗਿਆ ਸੀ।

"ਮਾਨਸਾਂ ਨਾਲੋਂ ਚੰਗੇ ਲੋਕ " ਜੀਊਣੇ ਨੇ ਸਾਫੇ ਨਾਲ ਅੱਖਾਂ ਪੂੰਝਦਿਆਂ ਕਿਹਾ।

"ਪ੍ਰਦੇਸਾਂ ਮਾਂ ਆਪਣੇ ਕੰਮ ਆਏ ਆ, ਇਤੇ ਵੜਾ ਮਨੁੱਖ ਕੌਣ ਹੋ ਸਕਦਾ ਐ ' ਖਾਨ ਨੇ ਕਿਹਾ। ਕਿੰਨੀ ਦੇਰ ਬਾਅਦ ਉਹ ਸਾਰੇ ਚੁਬਾਰੇ ਤੋਂ ਥੱਲੇ ਉਤਰ ਆਏ ਤੇ ਜਾਣ ਦੀ ਆਗਿਆ ਲੈ, ਸਾਰੇ ਹੀਜੜਿਆਂ ਨੂੰ ਹੱਥ ਜੋੜਦੇ ਉਥੋਂ ਤੁਰ ਗਏ।

ਵਕੀਲ ਨੂੰ ਰੁਪੇ ਦੇ ਤੇ ਉਸ ਤੋਂ ਆਪਣਾ ਮੁਕੱਦਮਾ ਜਿਤਣ ਦੀ ਆਸ ਲੈ ਵਾਪਸ ਪਰਤ ਗਏ। ਗੱਲਾਂ ਤਾਂ ਉਹ ਲਾਹੌਰ ਵੀ ਹੋਰ ਤਰ੍ਹਾਂ ਦੀਆਂ ਸੁਣ ਆਏ ਸਨ ਪਰ ਉਨ੍ਹਾਂ ਦੇ ਪਿੰਡ ਵੜਦਿਆਂ ਹੀ ਇਕ ਦੇਸ਼ ਦੇ ਦੋ ਨਾਂ ਹੋ ਗਏ ਸਨ-ਖਾਨ ਇਕ ਰਾਤ ਨੂੰ ਜਦ ਸਾਰਾ ਪਿੰਡ ਸੁੱਤਾ ਪਿਆ ਸੀ ਤਾਂਗਾ ਜੋੜ,ਕੁਝ ਜ਼ਰੂਰੀ ਸਾਮਾਨ ਤੇ ਪਰਵਾਰ ਦੇ ਜੀਆਂ ਨੂੰ ਤਾਂਗੇ ਵਿਚ ਬਠਾ ਕੇ ਰਾਤੋ ਰਾਤ ਕਿਸੇ ਨੂੰ ਦੱਸੇ ਬਿਨਾ ਕੁਰਾਲੀ ਦੇ ਕੈਂਪ ਜਾ ਵੜਿਆ ਜੀ-ਕਿਵੇਂ ਨਵੇਂ ਨਾਂ ਵਾਲੇ ਦੇਸ਼ ਪੁਜਿਆ - ਰੱਬ ਜਾਣੇ।

ਅੱਗਾਂ, ਲੁੱਟ, ਸੜਾਂਦਾ ਤੇ ਫੇਰ ਠੰਡ ਠੇਰ ਹੋ ਗਈ।ਉਧਰੋਂ ਆਏ ਲੋਕ ਇਧਰੋਂ ਗਿਆ ਦੀਆਂ ਮਲਕੀਅਤਾਂ ਤੇ ਜਾ ਬੈਠੇ ਸਨ-ਜ਼ਮੀਨਾਂ ਅਲਾਟ ਕਰਾ ਲਈਆਂ ਸਨ।

ਕੁਝ ਦੇਰ ਬਾਦ ਜੀਊਣੇ ਦੇ ਨਾਂ ਇਕ ਸਰਕਾਰੀ ਚਿੱਠੀ ਆ ਗਈ ਕਿ ਜ਼ਮੀਨ ਦਾ ਮੁਕੱਦਮਾ ਉਨ੍ਹਾਂ ਦੇ ਹੱਕ ਵਿੱਚ ਹੋ ਗਿਆ ਹੈ। ਜੀਊਣੇ ਤੇ ਭਰਾਵਾਂ ਨੇ ਪੁੱਠੀਆਂ ਛਾਲਾਂ ਮਾਰਨੀਆਂ ਸ਼ੁਰੂ ਕਰ ਦਿੱਤੀਆ ਖੁਸ਼ੀ ਵਿਚ ਆ ਕੇ। ਜ਼ਮੀਨ 'ਤੇ ਕਬਜ਼ਾ ਉਨ੍ਹਾਂ ਦਾ ਹੈ ਹੀ ਸੀ - ਵਾਹੀ ਉਹ ਖ਼ੁਦ ਕਰਦੇ ਸਨ। ਦੂਜੀ ਧਿਰ ਨੇ ਕੇਵਲ ਹੱਕੇ-ਸੁਫੇ ਦਾ ਦਾਵਾ ਹੀ ਕੀਤਾ ਸੀ ਜਿਸ ਨੂੰ ਜੀਉਣੇ ਹੁਰੀਂ ਥਲਵੀ ਅਦਾਲਤ ਤੋ ਹਾਰ ਗਏ ਸਨ।

ਤੇ ਹੁਣ ਜੀਉਣੇ ਹੁਰਾਂ ਨੂੰ ਸ਼ਬੋ ਦੀ ਯਾਦ ਆਈ ਜਿਸ ਨੇ ਇਨ੍ਹਾਂ ਦਾ ਰਾਮ ਗਿਰਵੀ ਰੱਖ ਲਿਆ ਸੀ।

ਹੁਣ ਤਾਂ ਜੀਊਣੇ ਹੁਰਾਂ ਪਾਸ ਸੁਖ ਨਾਲ ਚੰਗੀ ਗੁੰਜਾਇਸ਼ ਹੋ ਗਈ ਸੀ। ਉਨ੍ਹਾਂ ਦੇ ਮਨਾਂ ਵਿਚ ਹੁਣ ਕੇਵਲ ਇਹ ਗੱਲ ਸੱਪ ਵਾਂਗ ਡੰਗ ਮਾਰ ਰਹੀ ਸੀ ਕਿ ਕਦੇ ਸਮਾਂ ਬਣੇ ਤੇ ਉਹ ਸ਼ਬੋ ਦੇ ਪੈਰੀਂ ਹੱਥ ਲਾ ਕੇ ਉਸ ਦਾ ਧੰਨਵਾਦ ਕਰਨ ਤੇ ਉਸ ਦੇ ਪੈਸੇ ਤਾਰ ਆਪਣਾ ਗਿਰਵੀ ਰਖਿਆ ਰਾਮ ਛਡਵਾ ਲਿਆਉਣ। ਇੱਕ ਦਿਨ ਅਚਾਨਕ ਹੀ ਉਹ ਜਥੇਦਾਰ ਅਮਰ ਸਿੰਘ ਨਾਲ ਗਲ ਕਰ ਬੈਠਾ ਜਿਹੜਾ ਅਲਾਕੇ ਤੋਂ ਪਿਛੇ ਜਿਹੇ ਗੁਰਦੁਵਾਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਿਆ ਸੀ ਤੇ ਉਹ ਆਉਣ

ਵਾਲੇ ਬਾਬੇ ਨਾਨਕ ਦੇ ਗੁਰਪੁਰਬ 'ਤੇ ਪਾਕਿਸਤਾਨ ਜਾ ਰਹੇ ਜਥੇ ਤਾ ਛੋਟਾ ਲੀਡਰ ਬਣ ਕੇ ਜਾ ਰਿਹਾ ਸੀ। ਅਮਰ ਸਿੰਘ ਨੇ ਝੱਟ ਜੀਊਣੇ ਦਾ ਨਾਂ ਜਥੇ ਵਿਚ ਦਰਜ ਕਰਵਾ ਦਿਤਾ ਸੀ ਤੇ ਪ੍ਰਬੰਧ ਕਰਕੇ ਉਸ ਲਈ ਕੰਮ ਚਲਾਊ ਪਾਸਪੋਰਟ ਬਣਵਾ ਦਿੱਤਾ ਸੀ। ਜੀਊਣਾ ਉਧਰ ਜਾਣ ਲਈ ਤਿਆਰ-ਬਰ-ਤਿਆਰ ਹੋ ਗਿਆ ਸੀ।

ਅਟਾਰੀ ਤੋ ਸਿੱਧੀ ਗੱਡੀ ਲਾਹੌਰ ਪੁਜ ਗਈ ਸੀ। ਜੀਊਣਾ ਨਾਲ ਦਿਆਂ ਨੂੰ "ਮੁੜਦਿਆਂ ਮਿਲਦੇ ਆਂ" ਆਖ ਚੁਪ ਚਾਪ ਗੱਡੀ ਤੋ ਉਤਰ ਸਟੇਸ਼ਨੋ ਬਾਹਰ ਨਿਕਲ ਗਿਆ।

ਜਦ ਉਹ ਉਸ ਥਾਂ ਪੁਜਿਆ ਜਿਥੇ ਉਸ ਨੇ ਰਾਤ ਕਟੀ ਸੀ ਤਾਂ ਅੱਧੀ ਰਾਤ ਹੋ ਗਈ ਸੀ। ਇਕ ਜਨਾਜਾ ਉਸ ਦੇ ਕੋਲੋਂ ਦੀ ਲੰਘ ਰਿਹਾ ਸੀ ਤੇ ਉਸ ਦੇ ਪਿੱਛੇ ਤੁਰੇ ਜਾ ਰਹੇ ਸਾਰੇ ਉਸ ਨੂੰ ਜੁੱਤੀਆ ਮਾਰ ਰਹੇ ਸਨ ਤੇ ਗਾਲ੍ਹਾਂ ਕਢ ਰਹੇ ਸਨ। ਜੀਊਣਾਂ ਬੌਦਲ ਜਿਹਾ ਗਿਆ ਸੀ। ਉਸ ਨੇ ਦੇਖਿਆ ਕਿ ਸ਼ਬੋ ਦੇ ਚਬਾਰੇ ਦੇ ਹੇਠਲੇ ਪਾਸੇ ਵੀ ਨੇਰ੍ਹਾਂ ਸੀ। ਉਸ ਨੇ ਇੱਕ ਬੰਦੇ ਤੋ ਜੋ ਆਪਣੇ ਘਰ ਦੀ ਕੰਧ ਪਿੱਛੇ ਖੜ੍ਹਾ ਦੂਰ ਜਾ ਰਹੇ ਜਨਾਜੇ ਵਲ ਦੇਖ ਰਿਹਾ ਸੀ-ਪੁਛ ਹੀ ਲਿਆ.

"ਬਾਈ ਸਿਆਂ ਆਹ ਛਬੋ ਦਾ ਘਰ ਆ ਨਾ-? ਕੋਈ ਹੈ ਨੀ ਘਰ..?"

"ਆਹੋ ਸ਼ਬੋ ਦਾ ਘਰ ਇ ਆ ਪਰ ਉਹ ਤਾਂ ਮਰ ਗਿਆ। ਹਓ ਉਸੇ ਦਾ ਨਡੋਆ ਲਈ ਜਾ ਹੇ ਆ ਹੀਜੜੇ..." ਤੇ ਉਹ ਇਕ ਉਪਰਾ ਬੰਦਾ ਦੇਖ ਦਰਵਾਜ਼ਾ ਬੰਦ ਕਰਕੇ ਅੰਦਰ ਜਾ ਵੜਿਆ। ਜੀਊਣਾਂ ਸਿਰ ਤੋੜ ਭੱਜਦਾ ਉਸ ਜਨਾਜੇ ਦੇ ਨੇੜੇ ਪੁੱਜ ਗਿਆ ਸੀ।

"ਓ ਬਾਈ! ਮੇਰਾ ਰਾਮ ਮੋੜ ਜਾ.." ਜੀਊਣਾਂ ਉਚੀ ਰੌਲਾ ਪਾਉਂਦਾ ਹੀਜੜਿਆਂ ਦੇ ਇੱਕ ਦਮ ਪਾਸ ਪੁਜ ਗਿਆ ਸੀ।

"ਓ ਬਾਈ! ਮੇਰਾ ਰਾਮ ਮੋੜ ਜਾ..." ਤੇ ਜੀਊਣਾ ਮੁੜ ਚੀਖਿਆ। ਪਰ ਕੁਝ ਹੀਜੜੇ ਟੁੱਟ ਕੇ ਉਸ ਨੂੰ ਪੈ ਗਏ।

"ਮੂਆ ਬੰਦਾ ਅੱਧੀ ਰਾਤ ਨੂੰ ਵੀ ਸਾਡਾ ਪਿੱਛਾ ਕਰਦਾ ਐ..." ਇੱਕ ਹੋਰ ਧੱਫਾ ਉਸ ਨੂੰ ਪਿਆ- ਉਹ ਸੜਕ ਤੇ ਮੂੰਧੇ ਮੂੰਹ ਡਿੱਗ ਪਿਆ।

"ਓ ਬਾਈ ਮੇਰਾ ਰਾਮ ਮੋੜ ਜਾ ..." ਉਸ ਦੀ ਪੱਗ ਲੱਥ ਗਈ ਸੀ ਤੇ ਉਸ ਦੀਆਂ ਅੱਖਾਂ ਅੱਗੇ ਭੰਬੂ ਤਾਰੇ ਨੱਚਣ ਲਗ ਪਏ ਸਨ- ਉਸ ਨੇ ਟੁੱਟੇ ਸ਼ਬਦਾਂ ਵਿਚ ਉਹ ਹੇਕ ਲਾਉਣ ਦੀ ਕੋਸ਼ਿਸ਼ ਕੀਤੀ ਜੋ ਸ਼ਬੋ ਨੂੰ ਬਹੁਤ ਪਸੰਦ ਸੀ."

"ਬ-ਈ ਓ-ਏ ਬੁ-ਰ-ਜ਼ ਲਾਹੌਰ..." ਪਰ ਉਸ ਦਾ ਸਾਹ ਉਖੜ ਗਿਆ ਤੇ ਸ਼ਬਦ ਟੁਟ ਗਏ। ਉਹ ਸੜਕ 'ਤੇ ਚੌਫਾਲ ਬੇ-ਸੁੱਧ ਹੋ ਗਿਆ ਸੀ ।


ਰਾਵੀ ਦੇ ਨਿਤਰੇ ਕੂੰਗੇ ਪਾਣੀਆਂ 'ਚੋਂ ਚੰਦ-ਚਾਨਣੀ ਟਹਿਕ ਪਈ ਸੀ।

ਸ਼ਾਇਦ ਇਹ ਰਾਤ ਦਾ ਤੀਸਰਾ ਪਹਿਰ ਸੀ।

❊ ❊ ❊ ❊ ❊

## ਵਿਚਾਰੇ ਮੰਦਬੁੱਧੀ ਲੋਕ

ਅਧਿਆਪਕ-ਸਿਖਲਾਈ ਕੋਰਸ ਕਰਦਿਆਂ ਪੜ੍ਹਿਆ ਸੀ ਕਿ ਮੰਦਬੁੱਧੀ ਬੱਚੇ ਦੀ ਸਮਝਣ ਤੇ ਯਾਦ ਰੱਖਣ ਦੀ ਤਾਕਤ ਘੱਟ ਹੁੰਦੀ ਹੈ। ਉਹ ਸੁਣਦਾ ਤੇ ਦੇਖਦਾ ਤਾਂ ਸਭ ਕੁੱਝ ਹੈ ਪਰੰਤੂ ਦੇਰ ਨਾਲ ਸਮਝਦਾ ਤੇ ਜਲਦੀ ਭੁੱਲ ਜਾਂਦਾ ਹੈ। ਉਸ ਦੀ ਇਕਾਗਰਤਾ ਸ਼ਕਤੀ ਵੀ ਘੱਟ ਹੁੰਦੀ ਹੈ। ਇਸ ਲਈ ਅਜਿਹੇ ਬੱਚੇ ਦੇ ਦਿਮਾਗ ਵਿੱਚ ਕਿਸੇ ਗੱਲ ਨੂੰ ਬਿਠਾਉਣ ਕਈ ਅਧਿਆਪਕ ਨੂੰ ਵਿਸ਼ੇਸ਼ ਅਧਿਆਪਨ-ਵਿਧੀਆਂ ਦੀ ਵਰਤੋਂ ਕਰਨੀ ਪੈਂਦੀ ਹੈ। ਉਹ ਵਿਸ਼ੇ ਨੂੰ ਦਿਲਚਸਪ ਤੇ ਸਮਝਣਯੋਗ ਬਣਾਉਣ ਲਈ ਚਾਰਟਾਂ ਤੇ ਮਾਡਲਾਂ ਦੀ ਸਹਾਇਤਾ ਲੈਂਦਾ ਹੈ ਅਤੇ ਬੱਚੇ ਦਾ ਧਿਆਨ ਆਪਣੇ ਵੱਲ ਕਾਇਮ ਰੱਖਣ ਲਈ ਪੜ੍ਹਾਉਣ ਦੇ ਨਾਟਕੀ ਢੰਗ ਵਰਤਦਾ ਹੈ। ਅਜਿਹੇ ਬੱਚੇ ਨੂੰ ਪ੍ਰੀਖਿਆ ਵਿੱਚ ਚੰਗੇ ਨੰਬਰ ਲੈਣ ਦੇ ਯੋਗ ਬਣਾਉਣ ਲਈ ਇਸ ਤੋਂ ਕੁੱਝ ਦਿਨ ਪਹਿਲਾਂ ਅਧਿਆਪਕ ਉਸ ਨੂੰ ਸਾਰੇ ਪੜ੍ਹਾਏ ਵਿਸ਼ੇ ਦੀ ਵਾਰ ਵਾਰ ਦੁਹਰਾਈ ਕਰਵਾਉਂਦਾ ਹੈ। ਅਧਿਆਪਕ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜੇ ਮੰਦਬੁੱਧੀ ਬੱਚੇ ਨੂੰ ਆਪਣੇ ਹਾਲ ਤੇ ਛੱਡ ਦਿੱਤਾ ਗਿਆ ਤਾਂ ਉਸ ਦੀ ਸਖਤ ਮਿਹਨਤ ਦੇ ਬਾਵਜੂਦ ਬੱਚਾ ਚੰਗਾ ਨਤੀਜਾ ਨਹੀਂ ਵਿਖਾ ਸਕਦਾ। ਇਸ ਦੇ ਸਿੱਟੇ ਵਜੋਂ ਉਹ ਅਧਿਆਪਕ,ਮਾਪਿਆਂ ਦੀ ਨਜ਼ਰ ਵਿੱਚ ਨਾਲਾਇਕ ਹੀ ਹੋਵੇਗਾ। ਜਾਪਦਾ ਹੈ,ਅਜੋਕੇ ਰਾਜਨੀਤਿਕ ਨੇਤਾ ਲੋਕਾਂ ਨੂੰ ਮੰਦਬੁੱਧੀ ਹੀ ਸਮਝਦੇ ਹਨ। ਇਸ ਕਾਰਨ ਹੀ ਇੱਕ ਸਿਆਣੇ ਅਧਿਆਪਕ ਵਾਂਗ ਲੋਕਾਂ ਤੋਂ ਆਪਣੀ ਇੱਛਾ ਅਨੁਸਾਰ ਸਿੱਟੇ ਹਾਸਿਲ ਕਰਨ ਲਈ ਉਨ੍ਹਾਂ ਨੂੰ ਆਪਣੇ ਵਿਕਾਸ ਕਾਰਜਾਂ ਦੇ ਲੋਕ ਭਲਾਈ ਕੰਮਾਂ ਤੋਂ ਜਾਣੂ ਤੇ ਯਾਦ ਕਰਵਾਉਣ ਲਈ ਮੰਦਬੁੱਧੀ ਬੱਚਿਆਂ ਲਈ ਵਰਤੇ ਜਾਂਦੇ ਸਾਰੇ ਤਰੀਕੇ ਵਰਤਦੇ ਹਨ। ਜਿਉਂ ਜਿਉਂ ਪ੍ਰੀਖਿਆ ਰੂਪੀ ਚੋਣ ਨੇੜੇ ਆਉਂਦੀ ਹੈ ਉਹ ਵੱਧ ਫਿਕਰਮੰਦ ਤੇ ਚੇਤੰਨ ਹੋਈ ਜਾਂਦੇ ਹਨ। ਉਨ੍ਹਾਂ ਨੂੰ ਖਦਸ਼ਾ ਹੋਣ ਲਗਦਾ ਹੈ ਕਿ ਪਤਾ ਨਹੀਂ ਲੋਕਾਂ ਨੂੰ ਸਾਡੇ ਕੀਤੇ ਕੰਮਾਂ ਦੀ ਜਾਣਕਾਰੀ ਤੇ ਯਾਦ ਹੈ ਵੀ ਕਿ ਨਹੀਂ। ਜਿੱਧਰ ਨਜ਼ਰ ਮਾਰੋ ਸੜਕਾਂ ਤੇ ਵੱਡੇ ਵੱਡੇ ਇਸ਼ਤਿਹਾਰੀ ਬੋਰਡ,ਅਖਬਾਰ ਖੋਲ੍ਹੋ ਤਾਂ ਪੂਰੇ ਪੰਨਿਆਂ ਦੇ ਇਸ਼ਤਿਹਾਰ,ਰੇਡੀਓ-ਟੀ.ਵੀ ਆਨ ਕਰੋ ਤਾਂ ਸਰਕਾਰੀ ਕੰਮਾਂ ਦਾ ਪ੍ਰਚਾਰ। ਸਰਕਾਰੀ ਰਿਕਾਰਡ ਅਨੁਸਾਰ ਪੰਜਾਬ ਸਰਕਾਰ ਨੇ ਚੋਣਾਂ ਤੋਂ ਪਹਿਲੇ ਅੱਠ ਮਹੀਨਿਆਂ ਵਿੱਚ 100 ਕਰੋੜ ਰੁਪਏ ਇਸ਼ਤਿਹਾਰਬਾਜ਼ੀ ਤੇ ਖਰਚ ਕਰਨੇ ਹਨ। ਭਾਵੇਂ ਸਰਕਾਰ ਵਲੋਂ ਆਪਣੇ ਕੰਮਾਂ ਦੇ ਪ੍ਰਚਾਰ ਕਰਨ ਲਈ ਪ੍ਰਚਾਰ ਸਾਧਨਾਂ ਦੀ ਵਰਤੋਂ ਨੂੰ ਗੈਰ ਕਾਨੂੰਨੀ ਨਹੀਂ ਕਿਹਾ ਜਾ ਸਕਦਾ ਪਰ ਸੂਬੇ ਸਿਰ ਚੜ੍ਹੇ ਪੌਣੇ ਦੋ ਲੱਖ ਕਰੋੜ ਕਰਜ਼ੇ ਦੇ ਮੱਦੇਨਜ਼ਰ ਇਹ ਫਜ਼ੂਲ ਖਰਚੀ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਜਿਹੜੇ ਵਿਕਾਸ ਤੇ ਲੋਕ ਭਲਾਈ ਕੰਮਾਂ ਨਾਲ ਮਿਲੀਆਂ ਸਹੂਲਤਾਂ ਨੂੰ ਲੋਕ ਭੋਗ ਰਹੇ ਹਨ ਉਨ੍ਹਾਂ ਨੂੰ ਭਲਾ ਭੁਲਾਇਆ ਕਿਵੇਂ ਜਾ ਸਕਦਾ ਹੈ। ਅਜਿਹਾ ਪਹਿਲਾਂ ਤਾਂ ਕਦੇ ਨਹੀਂ ਹੋਇਆ। ਇੰਨੇ ਮੰਦਬੁੱਧੀ ਤਾਂ ਨਹੀਂ ਸਾਡੇ ਲੋਕ।



## NEW LIFE MEMBERS OF "SAINI BHAWAN"

Continued from page No. 28 of 22nd Issue



**488. S.Harbhag Singh**
S/o S.Gurbaksh Singh
Vill. Desumajra;
Distt.S.A.S.Nagar(Mohali)
Qualification- B.A.
Profession- Politician



**489. S.Gurcharan Singh**
S/O S.Puran Singh
# 417, Meera Bai Chowk
Rupnagar
Qualification-Matric
Profession- Retd.Head
Constable,Panjab Police



**490. Mrs.Chander Kanta Saini**
W/o Late Sh.Rajinder Singh
M/o Adv.Amar Raj Saini
Near Lehri Shah
Mandir,Rupnagar



**491. S.Harsimar Singh Sitta**
S/o Lt.Adv.Narinder SinghSitta
# 1322,Sec.34C,Chandigarh
Qualification-B.A.,L.L.B.
Profession-Lawer




**492. Dr.Jagmohan Singh**
S/O S.Manmohan Singh
# 504,G.Z.S.Nagar, Rupnagar
Qualification-P.hd.(Gemany)
Profession-Research Scientist
(Pharmacy)



**493. S.Harmohan Singh Saini**
S/O S.Manmohan Singh Saini
# 504 G.Z.S.Nagar Rupnagar
Qualification-B.Tech.,M.B.A.
Profession-Engineer




**494. S. Rupinder Singh Saini**
S/O S.Ranbir Singh Saini
# 24-25, Shaheed-E-Azam
Bhagat Singh Nagar, Rupnagar
Qualification- M.A. (Eco.)
Profession- International Level
Badminton Player



**495. S. Baldev Singh Mundra**
Mumbai
Qualification-
B.Sc. (Petro Engg.) LLB
Profession : Retd. C.M.D
Now practising lawyer

-Compiled by : Gurcharan Singh



## FIVE YEAR MEMBERS OF "SAINI SANSAR"

Continued from page No. 28 of 22nd Issue

**602. S. Hari Singh**
# 133/1, Kailash Appartment, Delhi

**603. S. Harjeet Singh Dhangi**
Vill. Haveli Kalan, Ropar

**604. S. Joginder Singh**
# 503, G.Z.S. Nagar, Ropar

**605. S. Mohinder Singh**
V.P.O. Mehatpur Laddian, S.B.S. Nagar

**606. S. Manmohan Singh**
# 504, G.Z.S. Nagar, Ropar

**607. S. Surinder Singh**
# 133, Azad Nagar, Chhoti Haveli, Ropar

**608. Capt. Amarjeet Singh**
Vill. Panjoor, Hoshiarpur

**609. S. Karnail Singh**
Vill. Panjoor, Hoshiarpur

**610. Master Surjeet Singh**
Vill. Panjoor, Hoshiarpur

**611. S. Fauja Singh**
Mohali

**612. S. Manjeet Singh Tambar**
Ropar

**613. S. Rajinder Singh** (Forest Officer)
# 4894, Guru Nagar, Ropar

**614. Dr. Sukhdev Singh**
J.K. Palace, Balachaur

**615. S. Harmel Singh**
V.P.O. Kotla Nihang, Ropar

**616. S. Harjinder Singh** Advocate
# 40, Shampura, Ropar

**617. S. Satsarn Singh**
Vill. Prozepur, P.O. Bela, Ropar

**618. S. Surinder Singh**
Flat No. 73, Ranjeet Avenue, Ropar

**619. S. Ranjeet Kaur**
# 4130, Sector 68, S.A.S. Nagar, Mohali

**620. Smt. Jasvir Kaur / Aman**
Shekhan Mohalla, Ropar

-Compiled by : Ajmer Singh Dhamrait

# ਤੰਬੜ ਗੋਤ ਦਾ ਇਤਿਹਾਸ

ਬਲਬੀਰ ਸਿੰਘ
ਰਾਮਪੁਰ (ਝੰਜੋਵਾਲ)



ਗੋਤ, ਜਾਤ ਦੀ ਉੱਪ-ਸ਼੍ਰੇਣੀ ਹੁੰਦਾ ਹੈ।ਇਸ ਨੂੰ ਖਾਨਦਾਨ,ਘਰਾਣਾ,ਜੱਦ ਤੇ ਟੱਬਰ ਵੀ ਕਿਹਾ ਜਾਂਦਾ ਹੈ। ਇੱਕ ਜਾਤ ਦੇ ਸੈਂਕੜੇ ਹੀ ਗੋਤ ਹੋ ਸਕਦੇ ਹਨ ਅਤੇ ਇੱਕ ਗੋਤ ਦੇ ਹਜ਼ਾਰਾਂ ਹੀ ਲੋਕ। ਇੱਕ ਗੋਤ ਦੇ ਸਾਰੇ ਲੋਕ ਸਦੀਆਂ ਪਹਿਲਾਂ ਹੋਏ ਇੱਕ ਬਜ਼ੁਰਗ ਦੀ ਸੰਤਾਨ ਹਨ। ਇਨ੍ਹਾ ਦਾ ਆਪਸ ਵਿੱਚ ਖ਼ੂਨ ਦਾ ਰਿਸ਼ਤਾ ਹੁੰਦਾ ਹੈ। ਇਹ ਹੀ ਕਾਰਨ ਹੈ ਕਿ ਕਿਸੇ ਅਣਜਾਣੀ ਥਾਂ 'ਤੇ ਆਪਣੇ ਗੋਤ ਦਾ ਕੋਈ ਵਿਅਕਤੀ ਮਿਲ ਜਾਵੇ ਤਾਂ ਅਸੀਂ ਸੁੱਤੇ-ਸਿੱਧ ਹੀ ਉਸ ਵੱਲ ਖਿੱਚੇ ਜਾਂਦੇ ਹਾਂ।ਸਾਨੂੰ ਉਸ ਵਿੱਚ ਅਪਣੱਤ ਦਾ ਅਹਿਸਾਸ ਹੋਣ ਲਗਦਾ ਹੈ।ਓਪਰੇ ਤੇ ਦੂਰ-ਦੁਰਾਡੇ ਸਥਾਨ 'ਤੇ ਵੀ ਅਸੀਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲਗਦੇ ਹਾਂ।

ਇਸ ਰਿਸ਼ਤੇ ਨੂੰ ਜੀਵ ਵਿਗਿਆਨੀ ਜੀਨਜ਼ (ਡੀ.ਐੱਨ.ਏ.) ਰਾਹੀਂ ਸਮਝਾਉਂਦੇ ਹਨ।ਵਿਗਿਆਨੀਆਂ ਅਨੁਸਾਰ ਡੀ.ਐੱਨ.ਏ.ਮਨੁਖੀ ਸਰੀਰ ਦੇ ਮੁਢਲੇ ਤੱਤ ਹਨ ਜੋ ਕਿ ਉਸ ਦੀ ਸਰੀਰਕ ਬਣਤਰ ਤੇ ਸੁਭਾ ਨੂੰ ਨਿਰਧਾਰਤ ਕਰਦੇ ਹਨ।ਅਸਲ ਵਿੱਚ ਅਸੀਂ ਜੀਨਜ਼ ਦੇ ਗ਼ੁਲਾਮ ਬਣ ਕੇ ਹੀ ਜ਼ਿੰਦਗੀ ਬਿਤਾਉਂਦੇ ਹਾਂ।ਹਰ ਮਨੱਖ ਦੇ ਜੀਨਜ਼ ਦੂਜੇ ਤੋਂ ਵੱਖਰੀ ਕਿਸਮ ਦੇ ਹੁੰਦੇ ਹਨ। ਦੋ ਮਨੁੱਖਾਂ ਦੇ ਜੀਨਜ਼ ਵਿੱਚ ਜਿੰਨਾ ਘੱਟ ਅੰਤਰ ਹੁੰਦਾ ਹੈ ਉਨਾਂ ਹੀ ਉਹ ਇੱਕ ਦੂਜੇ ਨਾਲ ਵੱਧ ਮਿਲਦੇ ਹੁੰਦੇ ਹਨ। ਇੱਕ ਬਜ਼ੁਰਗ ਦੀ ਸੰਤਾਨ ਹੋਣ ਕਾਰਨ ਇੱਕ ਗੋਤ ਦੇ ਲੋਕਾਂ ਦੇ ਜੀਨਜ਼ ਵਿੱਚ ਬਹੁਤ ਘੱਟ ਅੰਤਰ ਹੁੰਦਾ ਹੈ ਅਤੇ ਉਹ ਧੁਰ ਅੰਦਰੋਂ ਇੱਕ ਦੂਜੇ ਨਾਲ ਜੁੜੇ ਹੁੰਦੇ ਹਨ।

ਕੁੱਝ ਸਮਾਂ ਪਹਿਲਾਂ ਤੱਕ ਇੱਕ ਗੋਤ ਦੇ ਲੋਕ ਇੱਕ ਦੂਜੇ ਨਾਲ ਭਰਾਵਾਂ-ਭੈਣਾਂ ਵਾਂਗ ਵਰਤਾਵ ਕਰਦੇ ਸਨ। ਔਰਤਾਂ, ਮਰਦਾਂ ਨੂੰ ਭਰਾ ਤੇ ਮਰਦ, ਔਰਤਾਂ ਨੂੰ ਭੈਣਾਂ ਸਮਝਦੇ ਸਨ। ਜਦੋਂ ਸਮਾਜ ਵਿੱਚ ਔਰਤਾਂ ਵਲੋਂ ਆਪਣੇ ਸਹੁਰਾ ਪਰਿਵਾਰ ਦੇ ਆਪਣੇ ਨਾਲੋਂ ਵੱਡੀ ਉਮਰ ਦੇ ਮਰਦਾਂ ਤੋਂ ਘੁੰਡ (ਪਰਦਾ) ਕਰਨ ਦਾ ਰਿਵਾਜ ਸੀ ਤਾਂ ਵੀ ਉਹ ਆਪਣੇ ਗੋਤੀਆਂ ਨੂੰ ਭਰਾ ਸਮਝ ਕੇ ਉਨ੍ਹਾਂ ਤੋਂ ਪਰਦਾ ਨਹੀਂ ਸੀ ਕਰਦੀਆਂ।ਹੁਣ ਵੀ ਆਪਣੇ ਗੋਤ ਵਿੱਚ ਆਪਣੇ ਪੁੱਤਾਂ ਧੀਆਂ ਦਾ ਵਿਆਹ ਕਰਨ ਤੋਂ ਗੁਰੇਜ਼ ਹੀ ਕੀਤਾ ਜਾਂਦਾ ਹੈ।

ਭਾਰਤ ਦੇ ਉੱਤਰੀ ਭਾਗ-ਪੰਜਾਬ (ਸਮੇਤ ਪਾਕਿਸਤਾਨ), ਜੰਮੂਕਸ਼ਮੀਰ, ਹਿਮਾਚਲ ਪ੍ਰਦੇਸ਼, ਰਾਜਿਸਥਾਨ, ਦਿੱਲੀ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਸੈਣੀ ਜਾਤ ਦੇ ਕਰੀਬ 170 ਗੋਤਾਂ ਦੇ ਲੋਕ ਰਹਿੰਦੇ ਹਨ।ਇਨ੍ਹਾਂ ਵਿੱਚੋਂ ਇੱਕ ਅਹਿਮ ਗੋਤ ਹੈ-"ਤੰਬੜ"।ਇਸ ਸ਼ਬਦ ਦਾ ਅਰਥ ਕਿਸੇ ਸ਼ਬਦ-ਕੋਸ਼ ਵਿੱਚੋਂ ਨਹੀਂ ਮਿਲਦਾ। ਉਂਜ ਕਿਸੇ ਵਿਸ਼ੇਸ਼ ਨਾਂਵ ਦਾ ਅਰਥ ਹੋਣਾ ਜ਼ਰੂਰੀ ਵੀ ਨਹੀਂ।ਬਹੁਤੀ ਵੇਰ ਸਮਾਂ ਬੀਤਣ ਨਾਲ ਨਾਂਵ ਦਾ ਉਚਾਰਣ ਬਦਲ ਜਾਂਦਾ ਹੈ ਅਤੇ ਉਹ ਅਸਲੀ ਸ਼ਬਦ ਤੋਂ ਬਿਲਕੁਲ ਵੱਖਰਾ ਰੂਪ ਗ੍ਰਹਿਣ ਕਰ ਲੈਂਦਾ ਹੈ। ਅਜਿਹਾ 'ਤੰਬੜ' ਸ਼ਬਦ ਨਾਲ ਵੀ ਵਾਪਰਿਆ ਹੋ ਸਕਦਾ ਹੈ।ਜੇ ਸੰਧੀਛੇਦ ਕਰੀਏ ਤਾਂ ਇਹ ਸ਼ਬਦ 'ਤੰਬੂ' (ਸਫਰ ਕਰਦੇ ਸਮੇਂ ਰੈਣ-ਬਸੇਰਾ ਕਰਨ ਲਈ ਮੋਟੇ ਕੱਪੜੇ ਦੀ ਚਾਦਰ ਨਾਲ ਬਣਾਇਆ ਕੰਮ-ਚਲਾਊ ਕਮਰਾ) ਜਾਂ 'ਤੰਬਾ'(ਕੱਪੜੇ ਦੀ ਚਾਦਰ,ਜਿਸ ਨੂੰ ਮਰਦ ਪਜਾਮੇ ਜਾਂ ਪੈਂਟ ਦੀ ਥਾਂ 'ਤੇ ਲੱਕ ਦੁਆਲੇ ਬੰਨ੍ਹਦੇ ਸਨ) ਦੇ ਨੇੜੇ ਜਾਪਦਾ ਹੈ।ਸਿਆਣੇ ਕਹਿੰਦੇ ਸੁਣੇ ਸਨ ਕਿ ਪੁਰਾਣੇ ਸਮਿਆਂ ਵਿੱਚ ਪੰਜਾਬ ਦੇ ਲੋਕ ਪਾਕਿਸਤਾਨ ਵਿੱਚ ਨਗਾਹੀਆ ਪੀਰ ਦੇ ਦਰਸ਼ਨ ਕਰਨ ਲਈ ਲੰਬੀ ਪੈਦਲ ਯਾਤਰਾ ਕਰਦਿਆਂ ਕਈ ਕਈ ਮਹੀਨੇ ਤੰਬੂਆਂ ਵਿੱਚ ਬਿਤਾਇਆ ਕਰਦੇ ਸਨ। ਇੱਕ ਅਜਿਹੀ ਯਾਤਰਾ ਸਮੇਂ ਇੱਕ ਬੱਚੇ ਦਾ ਜਨਮ ਤੰਬੂ ਵਿੱਚ ਹੋਇਆ ਜਿਸ ਦਾ ਨਾਂ ਤੰਬੜ ਰੱਖ ਦਿੱਤਾ ਗਿਆ। ਉਸ ਦੀ ਸੰਤਾਨ ਹੀ ਤੰਬੜ ਅਖਵਾਈ। ਤੰਬਾ ਪਹਿਨਣ ਵਾਲੇ ਨੂੰ ਵੀ ਤੰਬੜ ਆਖਿਆ ਜਾ ਸਕਦਾ ਹੈ।

ਤੰਬੜ ਗੋਤ ਦੇ ਮੋਢੀ ਬਜ਼ੁਰਗਾਂ ਬਾਰੇ ਸ.ਗੁਰਮੀਤ ਸਿੰਘ ਵਾਸੀ ਪਿੰਡ ਨੰਦਾਚੌਰ ਜ਼ਿਲ੍ਹਾ ਹੁਸ਼ਿਆਰਪੁਰ ਨੇ ਦੱਸਿਆ ਕਿ ਸਤ੍ਹਾਰਵੀਂ ਸਦੀ ਵਿੱਚ ਤੰਬੜ ਗੋਤ ਦੇ ਤਿੰਨ ਬਜ਼ੁਰਗ ਭਰਾ-ਚੌਧਰੀ ਝੰਜੂ ਮੱਲ, ਚੌ.ਰਾਮੂ ਮੱਲ ਤੇ ਚੌ.ਗੰਗੂ ਰਾਮ ਹੋਏ ਹਨ। ਝੰਜੂ ਮੱਲ ਨੇ ਪਿੰਡ ਝੰਜੋਵਾਲ, ਰਾਮੂ ਮੱਲ ਨੇ ਪਿੰਡ ਰਾਮਪੁਰ ਅਤੇ ਗੰਗੂ ਰਾਮ ਨੇ ਪਿੰਡ ਗੰਗੋਵਾਲ ਵਸਾਇਆ। ਇਹ ਤਿੰਨੋ ਪਿੰਡ ਮਾਹਿਲਪੁਰ (ਜ਼ਿਲ੍ਹਾ ਹੁਸ਼ਿਆਰਪੁਰ) ਤੋਂ ਜੇਜੋਂ ਨੂੰ ਜਾਂਦੀ ਸੜਕ 'ਤੇ ਅੱਠ ਕੁ ਕਿਲੋ-ਮੀਟਰ ਦੀ ਦੂਰੀ 'ਤੇ ਸਥਿਤ ਹਨ। ਗੰਗੋਵਾਲ ਪਿੰਡ ਵਿੱਚ ਪਹਾੜੀ ਦੇ ਟਿੱਬੇ 'ਤੇ ਤੰਬੜ ਗੋਤ ਦੇ ਜਠੇਰਿਆਂ (ਸਤੀਆਂ) ਦਾ ਸਥਾਨ ਬਣਿਆਂ ਹੋਇਆ ਹੈ।ਪਿੰਡ ਝੰਜੋਵਾਲ ਵਿੱਚ ਵੀ ਤੰਬੜ-ਮਹੇੜੂ ਗੋਤ ਦੇ ਜਠੇਰਿਆਂ(ਸਤੀਆਂ) ਦਾ ਸਥਾਨ ਬਣਿਆਂ ਹੋਇਆ ਹੈ।ਕਹਿੰਦੇ ਹਨ ਕਿ ਇਸ ਸ਼ਥਾਨ 'ਤੇ ਨਣਦ ਤੇ ਭਰਜਾਈ ਸਤੀ ਹੋਈਆਂ ਸਨ ਜਿਨ੍ਹਾਂ ਦੇ ਪਤੀ ਉਸ ਸਮੇਂ ਦੀ ਹਕੂਮਤ ਨਾਲ ਲੜਦੇ ਸ਼ਹੀਦ ਹੋ ਗਏ ਸਨ।ਇੱਥੇ ਹਰ ਸਾਲ ਮੇਲਾ ਲਗਦਾ ਹੈ ਅਤੇ ਇਸ ਗੋਤ ਦੇ ਲੋਕ ਪਾਠ-ਪੂਜਾ ਕਰਵਾਉਂਦੇ ਹਨ।ਹੁਣ ਗੰਗੋਵਾਲ ਪਿੰਡ ਵਿੱਚ ਸੈਣੀ ਬਰਾਦਰੀ ਦਾ ਕੋਈ ਵੀ ਪਰਿਵਾਰ ਨਹੀਂ ਰਹਿੰਦਾ।ਰਾਮਪੁਰ ਝੰਜੋਵਾਲ ਤੋਂ ਕੁੱਝ ਕਿਲੋਮੀਟਰ ਦੂਰ ਪਹਾੜੀ ਦੇ ਧੁਰ ਅੰਦਰ ਇੱਕ ਹੋਰ ਪਿੰਡ ਕੋਠੀ ਹੈ ਜਿਸ ਨੂੰ ਤੰਬੜ ਗੋਤ ਦੇ ਬਜ਼ੁਰਗਾਂ ਦਾ ਮੋਢੀ ਪਿੰਡ ਦੱਸਿਆ ਜਾਂਦਾ ਹੈ।ਕਈ ਲੋਕ ਆਪਣੇ ਲੜਕੇ ਦੇ ਵਿਆਹ ਸਮੇਂ ਜੰਜ ਚੜ੍ਹਨ ਤੋਂ ਪਹਿਲਾਂ ਅਤੇ ਵਾਪਿਸ ਆ ਕੇ ਇੱਥੇ ਆਪਣੇ ਜਠੇਰਿਆਂ ਨੂੰ ਮੱਥਾ ਟੇਕਦੇ ਹਨ।

ਰਾਮਪੁਰ ਝੰਜੋਵਾਲ ਨੀਮ ਪਹਾੜੀ ਇਲਾਕਾ ਹੈ

ਜਿੱਥੇ ਪਾਣੀ ਦੀ ਬਹੁਤ ਕਿੱਲਤ ਰਹਿੰਦੀ ਸੀ,ਜਿਸ ਕਾਰਨ ਇਸ ਗੋਤ ਦੇ ਲੋਕ ਹੋਰ ਉਪਜਾਊ ਇਲਾਕਿਆਂ ਵੱਲ ਜਾ ਕੇ ਉੱਥੇ ਹੀ ਵਸਣ ਲੱਗੇ।ਇਸ ਸਮੇਂ ਤੰਬੜ ਗੋਤ ਦੇ ਲੋਕ ਪੰਜਾਬ ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡਾਂ- ਗੱਦੋਵਾਲ ਖੁਰਦ ਤੇ ਖੋਬੜਾ;ਹੁਸ਼ਿਆਰਪੁਰ ਜ਼ਿਲ੍ਹੇ ਦੇ ਹਵੇਲੀ, ਹਾਲਟਾ,ਬਡਲਾ, ਹੁੱਕੜਾਂ,ਟੌਹਲੀਆਂ,ਬਾਗਪੁਰ, ਬੋਹਣ, ਭੂੰਗਰਨੀ, ਪੰਜੌੜ, ਪੰਡੋਰੀ(ਕੱਦ), ਪੱਟੀ, ਮਾਹਿਲਪੁਰ, ਮੁੱਖਲੀਆਣਾ, ਤਾਜੋਵਾਲ, ਥਨੌੜਾਂ, ਰਾਜਪੁਰ ਭਾਈਆਂ,ਰਾਮਪੁਰ ਸੈਣੀਆਂ ਤੇ ਲੰਗੇਰੀ; ਨਵਾਂਸ਼ਹਿਰ ਜ਼ਿਲ੍ਹੇ ਦੇ ਸ਼ੇਖੂਪੁਰਾ ਬਾਗ, ਸੂਰਾਂਪੁਰ, ਕਾਹਮਾਂ, ਚੱਕਦਾਨਾ, ਡਗਾਮ, ਪਠਲਾਵਾ, ਬਰਨਾਲਾ ਕਲਾਂ, ਭਾਲਨ ਕਲਾਂ, ਭਾਲਨ ਖੁਰਦ, ਰੁੜਕੀ ਖਾਸ ਅਤੇ ਲਸਾੜਾ;ਰੋਪੜ ਦੇ ਨੰਗਲ,ਭਲੜੀ,ਬੜਾ ਪਿੰਡ,ਭਾਉਵਾਲ,ਨੂਹੋਂ ਤੇ ਮਲਕਪੁਰ;ਜ਼ਿਲ੍ਹਾ ਮੋਹਾਲੀ ਦੇ ਸੁੱਖਗੜ੍ਹ,ਸੈਣੀ ਮਾਜਰਾ, ਖਰੜ, ਜਕੜ ਮਾਜਰਾ, ਬਡਹੇੜੀ, ਮਨੌਲੀ; ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦੇ ਅਲੀ ਠਸਕਾ, ਗੁਰਦਿੱਤਾਪੁਰ, ਪਰਾਗਪੁਰ, ਬਲਾੜ੍ਹਾ, ਭੁੱਟਾ; ਲੁਧਿਆਣਾ ਦੇ ਬਹਿਲੋਲਪੁਰ, ਬੁੱਲੇਵਾਲ, ਪਵਾਤ ਤੇ ਲਬਾਣਗੜ੍ਹ ਅਤੇ ਮੋਗਾ ਨੇੜੇ ਨਿਧਾਵਾਲ ਪਿੰਡਾਂ ਵਿੱਚ ਵਸੇ ਹੋਏ ਹਨ।ਇਨ੍ਹਾ ਤੋਂ ਇਲਾਵਾ ਪੰਜਾਬ ਦੀ ਸੀਮਾਂ ਦੇ ਨਾਲ ਨਾਲ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਵਿੱਚ ਈਸਪੁਰ, ਗਲੂਆ, ਜਨੌਲੀ, ਧਨੋ ਪਨੋਹ, ਕੋਟਲਾ ਅਤੇ ਨਾਲਾਗੜ੍ਹ ਦੇ ਨਜ਼ਦੀਕ ਪਿੰਡ ਬੋਦਲਾ ਵਿੱਚ ਵੀ ਤੰਬੜ ਗੋਤ ਦੇ ਲੋਕ ਮਿਲਦੇ ਹਨ।(ਸਰੋਤ-ਪ੍ਰੋ.ਸੁਰਜੀਤ ਸਿੰਘ ਨਨੂਆਂ ਰਚਿਤ ਪੁਸਤਕ,ਸੈਣੀ ਜਗਤ-ਉਤਪਤੀ ਤੇ ਵਿਕਾਸ)।ਹਰਿਆਣਾ, ਰਾਜਸਥਾਨ ਤੇ ਦਿੱਲੀ ਵਿੱਚ ਕਈ ਲੋਕ ਆਪਣੇ ਨਾਂ ਨਾਲ "ਤਨਵਰ" ਲਿਖਦੇ ਹਨ ।ਆਈ.ਆਈ.ਟੀ. ਰੂਪਨਗਰ ਵਿੱਚ ਸਹਾਇਕ ਪ੍ਰੋਫੈਸਰ ਮੁਕੇਸ਼ ਕੁਮਾਰ ਤਨਵਰ ਅਸਲ ਵਿੱਚ ਤੰਬੜ ਹਨ, ਕਿਉਂਕਿ ਅੰਗਰੇਜ਼ੀ ਵਿੱਚ ਲਿਖਣ ਨਾਲ ਤੰਬੜ ਦਾ ਉਚਾਰਨ ਤਨਵਰ ਹੋ ਜਾਂਦਾ ਹੈ ਜਿਵੇਂ ਸੈਣੀਆਂ ਦੇ ਗੋਤ ਹੱਡ ਤੋਂ ਹੱਦ,ਬਣਵੈਤ ਤੋਂ ਬਨਵਟ,ਗਿਲਨ ਤੋਂ ਗਿੱਲ ਤੇ ਕਪੂਰੀਆ ਤੋਂ ਕਪੂਰ ਬਣ ਗਏ।

ਤੰਬੜ ਗੋਤ ਦੇ ਅਣਗਿਣਤ ਦੇਸ਼ਭਗਤਾਂ, ਸਮਾਜਸੇਵੀਆਂ, ਬੁੱਧੀਜੀਵੀਆਂ ਤੇ ਪ੍ਰਾਕਰਮੀਆਂ ਨੇ ਦੇਸ਼ ਦੀ ਸੇਵਾ ਕੀਤੀ ਹੈ।ਅਜਿਹੇ ਸਾਰੇ ਵਿਅਕਤੀਆਂ ਦਾ ਵੇਰਵਾ ਇਕੱਠਾ ਕਰਨਾ ਤਾਂ ਮੁਸ਼ਕਲ ਹੈ।ਇਨ੍ਹਾਂ ਵਿੱਚੋਂ ਕੁੱਝ ਕੁ ਇਸ ਪ੍ਰਕਾਰ ਹਨ;

### ਸ਼ਹੀਦ ਕਾਮਰੇਡ ਹਜ਼ਾਰਾ ਸਿੰਘ :

ਜ਼ਿਲ੍ਹਾ ਰੋਪੜ ਦੇ ਪਿਛੜੇ ਪਿੰਡ ਭੱਲੜੀ (ਨੇੜੇ ਨੰਗਲ) ਵਿਖੇ ਸ. ਰਾਜਾ ਸਿੰਘ ਦੇ ਗਰੀਬ ਤੰਬੜ ਪਰਿਵਾਰ ਵਿੱਚ ਸੰਨ 1913 ਵਿੱਚ ਜਨਮੇ ਇਸ ਨੌਜਵਾਨ ਨੇ ਕਸਮ ਹੀ ਖਾ ਲਈ ਕਿ ਉਹ ਆਜ਼ਾਦ ਭਾਰਤ ਵਿੱਚ ਹੀ ਵਿਆਹ ਕਰਵਾਏਗਾ ਜਿਸ ਲਈ ਉਸ ਨੇ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ।ਪਰ ਉਸ ਨੂੰ ਇਹ ਦਿਨ ਨਸੀਬ ਨਹੀਂ ਹੋਇਆ।ਇਕ ਭਾਰਤੀ ਸਰਮਾਏਦਾਰ ਨੇ ਹੀ ਉਸ ਨੂੰ ਬੱਸ ਥੱਲੇ ਦੇ ਕੇ ਕੁਚਲ ਦਿੱਤਾ ਜਦੋਂ ਉਹ ਮਜ਼ਦੂਰਾਂ ਦੇ ਹੱਕਾਂ ਲਈ ਟਾਟਾਨਗਰ ਵਿਖੇ ਇੱਕ ਤਾਰ ਕੰਪਨੀ ਦੀ ਮਿੱਲ ਦੇ ਗੇਟ ਤੇ ਧਰਨਾ ਲਾਈ ਬੈਠਾ ਸੀ।ਸ.ਹਜ਼ਾਰਾ ਸਿੰਘ ਸ਼ਹੀਦ ਭਗਤ ਸਿੰਘ ਦਾ ਅਤਿ ਨਜ਼ਦੀਕੀ ਸਾਥੀ ਸੀ ਜੋ ਬੰਬ ਬਣਾਉਣ ਦਾ ਮਾਹਿਰ ਸੀ।ਜਦੋਂ ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤਾਂ ਹਜ਼ਾਰਾ ਸਿੰਘ ਤੇ ਸਾਥੀਆਂ ਨੇ ਜੇਲ੍ਹ ਤੋੜ ਕੇ ਉਸ ਨੂੰ ਬਾਹਿਰ ਕੱਢਣ ਦੀ ਸਕੀਮ ਬਣਾਈ ਸੀ ਪ੍ਰੰਤੂ ਇਸ ਦੀ ਸੂਹ ਮਿਲਣ ਤੇ ਫਾਂਸੀ ਇੱਕ ਦਿਨ ਪਹਿਲਾਂ ਹੀ ਦੇ ਦਿੱਤੀ ਗਈ।ਅੰਗਰੇਜ਼ਾਂ ਦਾ ਮੁਕਾਬਲਾ ਕਰਨ ਲਈ ਪੈਸਾ ਜੁਟਾਉਣ ਹਿਤ ਦੇਸ਼ ਭਗਤਾਂ ਵਲੋਂ ਮਾਰੇ ਮਸ਼ਹੂਰ ਊਟੀ ਬੈਂਕ ਡਾਕੇ ਦਾ ਸੂਤਰਧਾਰ ਹਜ਼ਾਰਾ ਸਿੰਘ ਹੀ ਸੀ।ਇਹ ਯੋਧਾ 15 ਕੁ ਸਾਲ ਦੀ ਉਮਰ ਵਿੱਚ ਹੀ ਆਜ਼ਾਦੀ ਸੰਘਰਸ਼ ਵਿੱਚ ਸ਼ਾਮਿਲ ਹੋ ਕੇ,ਸਾਲਾਂ ਬੱਧੀ ਅੰਡੇਮਾਨ ਦੀਆਂ ਜੇਲ੍ਹਾਂ ਵਿੱਚ ਕਸ਼ਟ ਭੋਗ ਕੇ 3 ਜੁਲਾਈ 1939 ਨੂੰ 26 ਸਾਲ ਦੀ ਉਮਰ ਵਿੱਚ ਸ਼ਹੀਦੀ ਜਾਮ ਪੀ ਗਿਆ।

### ਪ੍ਰਿੰਸੀਪਲ ਭਗਵੰਤ ਸਿੰਘ(ਸੰਤ ਜੀ) :

ਜ਼ਿਲ੍ਹਾ ਜਲੰਧਰ ਦੇ ਪਿੰਡ ਲਸਾੜਾ ਦੇ ਤੰਬੜ ਪਰਿਵਾਰ ਵਿੱਚ ਮਾਸਟਰ ਸਾਧੂ ਸਿੰਘ ਜੀ ਦੇ ਘਰ 1909 ਵਿੱਚ ਜਨਮੇ ਸ.ਭਗਵੰਤ ਸਿੰਘ ਵਿਲੱਖਣ ਸਖਸ਼ੀਅਤ ਦੇ ਮਾਲਕ ਸਨ।ਉਹ ਇੱਕੋ ਸਮੇਂ ਪੂਰਨ ਬ੍ਰਹਮ ਗਿਆਨੀ,ਨਿਰਸਵਾਰਥ ਸਮਾਜਸੇਵੀ,ਕ੍ਰਿਸ਼ਮਈ ਬੁੱਧੀਜੀਵੀ ਤੇ ਸੰਤੁਲਿਤ ਵਿਅਕਤੀ ਸਨ।ਉਨ੍ਹਾਂ ਨੇ ਬੀ.ਐੱਸ.ਸੀ.ਉਸ ਸਮੇਂ ਦੀ ਪ੍ਰੈਸਟੀਜੀਅਸ ਸੰਸਥਾ ਐੱਫ.ਸੀ.ਕਾਲਿਜ ਲਾਹੌਰ ਤੋਂ ਕੀਤੀ ਅਤੇ ਫਿਰ ਗਣਿਤ,ਅੰਗਰੇਜ਼ੀ ਤੇ ਪੰਜਾਬੀ ਵਿਸ਼ੇ ਵਿੱਚ ਪੋਸਟਗ੍ਰੈਜੁਏਸ਼ਨ ਕੀਤੀ।ਉਹ ਪੰਜਾਬ ਦੇ ਉੱਤਮ ਸਕੂਲ,ਸ.ਸੀਨੀ.ਮਾਡਲ ਸੀਨੀਅਰ ਸੈਕੰ.ਸਕੂਲ ਜਲੰਧਰ ਦੇ ਕਈ ਸਾਲ ਪ੍ਰਿੰਸੀਪਲ ਰਹੇ।ਸੰਨ 1968 ਵਿੱਚ ਰਿਟਾਇਰ ਹੋਣ ਉਪਰੰਤ ਉਨ੍ਹਾਂ ਨੇ ਜਲੰਧਰ ਸ਼ਹਿਰ ਵਿਖੇ ਲੜਕੀਆਂ ਲਈ ਇੱਕ ਸਕੂਲ ਚਲਾਇਆ ਜਿੱਥੋਂ ਗਰੀਬ ਪਰਿਵਾਰਾਂ ਦੀਆਂ ਅਨੇਕ ਲੜਕੀਆਂ ਨੇ ਸਿੱਖਿਆ ਪ੍ਰਾਪਤ ਕਰਕੇ ਸਮਾਜ ਵਿੱਚ ਨਾਮਣਾ ਖੱਟਿਆ।ਆਪ ਅਸਲੀ ਅਰਥਾਂ ਵਿੱਚ ਸੰਤ ਸਨ ਜੋ ਇਨਸਾਨੀਅਤ ਨੂ ਪਿਆਰ ਕਰਦੇ ਸਨ।ਉਹ ਅਤਿ ਦਾ ਸਾਦਾ ਜੀਵਨ ਬਿਤਾਂਦੇ ਸਨ ਅਤੇ ਆਪਣੀ ਪੈਂਸ਼ਨ ਦੇ ਸਾਰੇ ਪੈਸੇ ਗਰੀਬ ਬੱਚਿਆਂ ਦੀ ਸਿੱਖਿਆ ਲਈ ਖਰਚਦੇ ਸਨ।ਜਲੰਧਰ ਸ਼ਹਿਰ ਅਤੇ ਇਸ ਦੇ ਆਲੇ ਦੁਆਲੇ ਦੇ ਹਜ਼ਾਰਾਂ ਮੰਨੇ ਪ੍ਰਮੰਨੇ ਵਿਅਕਤੀ ਉਨ੍ਹਾਂ ਦੇ ਸ਼ਰਧਾਲੂ ਸਨ।ਆਪ 2005 ਵਿੱਚ 96 ਸਾਲ ਦੀ ਲੰਬੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ।ਇਨ੍ਹਾਂ ਦੇ ਪਿਤਾ ਜੀ ਲਸਾੜਾ ਪਿੰਡ ਦੇ ਪਹਿਲੇ ਗ੍ਰੈਜੁਏਟ ਸਨ ਜਿਨ੍ਹਾਂ ਨੇ ਸਾਰੀ ਉਮਰ ਵਿੱਦਿਆ ਦਾ ਦਾਨ ਦਿੱਤਾ। ਸ.ਭਗਵੰਤ ਸਿੰਘ ਜੀ ਦੇ ਛੋਟੇ ਭਰਾ ਸੰਤ ਜਸਵੰਤ ਸਿੰਘ ਵੀ ਪੋਸਟਗ੍ਰੈਜੁਏਟ ਹਨ ਅਤੇ ਚੰਡੀਗੜ੍ਹ ਵਿਖੇ ਇੱਕ ਆਸ਼ਰਮ ਬਣਾ ਕੇ ਵਿਰਕਤ ਜੀਵਨ ਬਿਤਾ ਰਹੇ

ਹਨ। ਇਨ੍ਹਾਂ ਤੋਂ ਛੋਟੇ ਡਾ. ਹਰਿਭਜਨ ਸਿੰਘ ਨੇ 1938 ਵਿੱਚ ਡਾਕਟਰੀ ਦੀ ਡਿਗਰੀ(ਐੱਲ.ਐੱਸ.ਐੱਮ.ਐੱਫ.) ਹਾਸਿਲ ਕੀਤੀ ਅਤੇ ਸਾਰੀ ਉਮਰ ਗਰੀਬਾਂ ਨੂੰ ਮੁਫਤ ਡਾਕਟਰੀ ਸਲਾਹ ਦਿੰਦੇ ਰਹੇ। ਡਾ.ਹਰਿਭਜਨ ਸਿੰਘ ਜੀ ਦਾ ਵੱਡਾ ਬੇਟਾ ਡਾ.ਗੁਰਸ਼ਰਨ ਸਿੰਘ ਅਮਰੀਕਾ ਵਿੱਚ ਪ੍ਰਸਿੱਧ ਸਰਜਨ ਹੈ ਅਤੇ ਛੋਟਾ ਬੇਟਾ ਈਸ਼ਵਰਸਿਮਰਨ ਸਿੰਘ ਫਲੋਰਿਡਾ ਵਿੱਚ ਇੰਜਨੀਅਰ ਹੈ ਜਿਸ ਨੇ ਰਿਪਬਲਿਕਨ ਪਾਰਟੀ ਦੇ ਸਮਾਗਮ ਸਮੇਂ ਅਰਦਾਸ ਕਰਕੇ ਸਿੱਖਾਂ ਦਾ ਨਾਂ ਅਮਰੀਕਾ ਵਿੱਚ ਪ੍ਰਸਿੱਧ ਕੀਤਾ ਸੀ।

**ਡਾ.ਰਣਜੀਤ ਸਿੰਘ ਤੰਬੜ :**

ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਸੂਰਾਂਪੁਰ ਜੰਮਪਲ ਇਸ ਖੇਤੀਬਾੜੀ ਮਾਹਿਰ ਨੇ 40 ਸਾਲ ਤੱਕ ਖੇਤੀਬਾੜੀ ਯੂਨੀ.ਲੁਧਿਆਣਾ ਵਿੱਚ ਭਿੰਨ ਭਿੰਨ ਅਹੁਦਿਆਂ ਤੇ ਰਹਿ ਕੇ ਨਾਮਣਾ ਖੱਟਿਆ ਹੈ।ਆਪ ਵਿਸ਼ਵ ਪੱਧਰ ਦੇ ਵਿਗਿਆਨੀ ਅਤੇ ਲੇਖਕ ਹਨ।ਆਪ ਨੇ 65 ਤੋਂ ਵੱਧ ਖੋਜ ਪੱਤਰ ਅਤੇ 25 ਪੁਸਤਕਾਂ ਲਿਖੀਆਂ ਹਨ।ਇਸ ਸਮੇਂ ਵੀ ਆਪ ਪੀ.ਏ.ਯੂ.ਤੇ ਵਰਲਡ ਬੈਂਕ ਦੇ ਸਲਾਹਕਾਰ ਹਨ।

**ਡਾ.ਸੋਹਣ ਸਿੰਘ :**

ਲਸਾੜਾ ਪਿੰਡ ਦੇ ਤੰਬੜ ਪਰਿਵਾਰ ਵਿੱਚ ਜਨਮੇ ਇਹ ਖੇਤੀਬਾੜੀ ਵਿਗਿਆਨੀ ਪਹਿਲੇ ਚੌਲ-ਮਾਹਿਰ ਹਨ ਜਿਨ੍ਹਾਂ ਨੇ ਇਸ ਵਿਸ਼ੇ ਵਿੱਚ ਪੀ.ਐਚ.ਡੀ.ਕੀਤੀ ਸੀ।

**ਡਾ. ਅਜਮੇਰ ਸਿੰਘ :**

ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਪੰਜੌੜ ਵਿੱਚ ਸ.ਕਰਮ ਸਿੰਘ ਦੇ ਘਰ ਜਨਮੇ ਇਸ ਤੰਬੜ ਨੇ ਸਿੱਖਿਆ ਖੇਤਰ ਅਤੇ ਸਮਾਜਸੇਵਾ ਵਿੱਚ ਵਰਣਨਯੋਗ ਪ੍ਰਾਪਤੀਆਂ ਸਦਕਾ ਬਰਾਦਰੀ ਦਾ ਮਾਣ ਵਧਾਇਆ ਹੈ।ਆਪ ਭੌਤਿਕ ਵਿਗਿਆਨ ਦੀ ਐੱਮ.ਐੱਸ.ਸੀ.ਅਤੇ ਪੰਜਾਬੀ ਵਿਸ਼ੇ ਵਿੱਚ ਪੀ.ਐੱਚ.ਡੀ.ਕਰਕੇ ਸਿੱਖਿਆ ਵਿਭਾਗ ਵਿੱਚੋਂ ਡਿਪਟੀ ਡਾਇਰੈਕਟਰ(ਗਜ਼ਟਿਡ-ਕਲਾਸ ਵੰਨ) ਦੇ ਅਹੁਦੇ ਤੋਂ ਰਿਟਾਇਰ ਹੋਏ ਹਨ।ਆਪ ਨੇ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ ਹਨ।ਇਸ ਸਮੇ ਆਪ ਸੈਣੀ ਭਵਨ ਰੋਪੜ ਦੇ ਪ੍ਰਧਾਨ ਹੋਣ ਦੇ ਨਾਲ ਨਾਲ ਕਈ ਰਾਜ ਪੱਧਰੀ ਤੇ ਜ਼ਿਲ੍ਹਾ ਪੱਧਰੀ ਕਮੇਟੀਆਂ ਦੇ ਸਲਾਹਕਾਰ ਵਜੋਂ ਸਮਾਜ ਦੀ ਸੇਵਾ ਕਰ ਰਹੇ ਹਨ।

ਉਪਰੋਕਤ ਤੋਂ ਇਲਾਵਾ ਪਿੰਡ ਰਾਮਪੁਰ ਦੇ ਸ. ਮਹਿੰਦਰ ਸਿੰਘ ਤੰਬੜ ਪੰਜਾਬ ਸਿਵਲ ਸਕੱਤਰੇਤ ਤੋਂ ਡਿਪਟੀ ਸੈਕਟਰੀ ਰਿਟਾਇਰ ਹੋ ਕੇ ਮੋਹਾਲੀ ਰਹਿੰਦੇ ਹਨ। ਇਸ ਪਿੰਡ ਦੇ ਹੀ ਸ. ਅਮਰ ਸਿੰਘ ਤੰਬੜ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਵਿੱਚ ਅਰਥ ਵਿਗਿਆਨ ਵਿਸ਼ੇ ਦੇ ਪ੍ਰੋਫੈਸਰ ਸਨ। ਰੂਪਨਗਰ ਸ਼ਹਿਰ ਦੇ ਦੋ ਐੱਮ.ਸੀ. ਸ. ਕਰਨੈਲ ਸਿੰਘ ਤੰਬੜ ਅਤੇ ਸ. ਗੁਰਮੁਖ ਸਿੰਘ ਤੰਬੜ ਹਨ।

## ਪੇੜ ਦੀ ਕਹਾਣੀ

ਸੁਖਦੇਵ ਸਿੰਘ ਸੈਣੀ

ਬੇਜ਼ੁਬਾਨ, ਮਨੁੱਖ ਸਾਨੂੰ ਸਮਝੇ,<br>
ਮਹਿਸੂਸ ਅਸੀਂ ਹਾਂ ਸਭ ਕੁੱਝ ਕਰਦੇ।<br>
ਆਕਸੀਜਨ, ਅਸੀਂ ਕਰੀਏ ਤਿਆਰ,<br>
ਜੋ ਸਭ ਜੀਵਾਂ ਦਾ ਪ੍ਰਾਣ ਆਧਾਰ।<br>
ਲੱਖਾਂ ਕੱਟੀਏ ਮਨੁੱਖ ਦੇ ਰੋਗ,<br>
ਤਾਹੀਓਂ ਸਾਨੂੰ ਪੂਜਣ ਲੋਗ।<br>
ਅਸੀਂ ਤਾਂ ਇਹ ਦੇ ਅੰਗ-ਸੰਗ ਰਹਿਣਾ,<br>
ਇਹ ਚਾਹੇ ਸਾਨੂੰ ਜੜ੍ਹੋਂ ਮੁਕਾਣਾ।<br>
ਨਿੰਮ, ਟਾਹਲੀ, ਪਿੱਪਲ ਤੇ ਜੰਡ,<br>
ਕੀਮਤੀ ਦਾਤਾਂ ਰਹੇ ਨੇ ਵੰਡ।<br>
ਅਸੀਂ ਨਾ ਕਹੀਏ, ਕੱਟ ਨਾ ਸਾਨੂੰ,<br>
ਪਰ ਦੇਈਏ ਇੱਕ ਸਲਾਹ ਤੁਹਾਨੂੰ।<br>
ਕੱਟਣ ਦਾ ਕੋਈ ਨਿਯਮ ਬਣਾਓ,<br>
ਇੱਕ ਦੀ ਥਾਂ ਦੋ ਪੌਦੇ ਲਾਓ।<br>
'ਸੁਖਦੇਵ ਸੈਣੀ' ਇੱਕ ਦੇਵੇ ਸੁਝਾ,<br>
ਐਗਰੋ ਫੌਰੈਸਟਰੀ ਲਓ ਅਪਨਾ।<br>
ਆਓ ਆਪਣੀ ਆਮਦਨ ਵਧਾਈਏ,<br>
ਖੇਤੀਂ ਬੰਨੀ ਦਰਖਤ ਲਗਾਈਏ।

ਬਲਾਚੌਰ

## ਵਾਤਾਵਰਣ ਪ੍ਰੇਮੀ ਸੈਣੀ ਵਿਧਾਇਕ

ਹਰਿਆਣਾ ਸੂਬੇ ਦੇ ਅਸੈਂਬਲੀ ਹਲਕਾ ਲਾਡਵਾ ਦੇ ਵਿਧਾਇਕ ਸ਼੍ਰੀ ਪਵਨ ਕੁਮਾਰ ਸੈਣੀ ਨੇ ਲੋਕਾਂ ਨੂੰ ਵਾਤਾਵਰਣ ਦੀ ਸੁਰੱਖਿਆ ਪ੍ਰਤਿ ਸੁਚੇਤ ਕਰਨ ਲਈ ਨਿਵੇਕਲਾ ਢੰਗ ਅਪਣਾਇਆ ਹੈ।ਉਹ ਅਸੈਂਬਲੀ ਦੇ ਮਾਨਸੂਨ ਸੈਸ਼ਨ ਵਿੱਚ ਭਾਗ ਲੈਣ ਲਈ ਆਪਣੇ ਕੁੱਝ ਸਮਰਥਕਾਂ ਸਮੇਤ ਕੁਰੂਕਸ਼ੇਤਰ ਤੋਂ ਚੰਡੀਗੜ੍ਹ ਤੱਕ 110 ਕਿਲੋਮੀਟਰ ਸਾਈਕਲ ਚਲਾ ਕੇ ਆਏ।ਸੈਣੀ ਸਾਹਿਬ ਹਰਿਆਣਾ ਵਿੱਚ ਰਾਜ ਕਰਦੀ ਪਾਰਟੀ ਬੀ.ਜੇ.ਪੀ.ਦੇ ਵਿਧਾਇਕ ਹਨ।ਉਨ੍ਹਾਂ ਨੇ ਕਿਹਾ ਕਿ ਸਾਈਕਲ ਚਲਾਉਣ ਨਾਲ ਨਾ ਕੇਵਲ ਸਿਹਤ ਠੀਕ ਰਹਿੰਦੀ ਹੈ,ਇਸ ਨਾਲ ਵਾਤਾਵਰਣ ਦੀ ਪ੍ਰਦੂਸ਼ਿਤਤਾ ਨੂੰ ਵੀ ਘਟਾਇਆ ਜਾ ਸਕਦਾ ਹੈ।

ਖੇਡ ਜਗਤ

# ਓਲੰਪਿਕ ਖੇਡਾਂ

ਕੁਲਦੀਪ ਸਿੰਘ
ਐੱਮ.ਪੀ.ਐੱਡ
ਕੀਰਤਪੁਰ ਸਾਹਿਬ



## ੳ) ਕੀ ਤੁਸੀਂ ਜਾਣਦੇ ਹੋ? :-

•ਓਲੰਪਿਕ ਖੇਡਾਂ 776 ਈ.ਪੂ.ਯੂਨਾਨ ਦੇਸ਼ ਦੇ ਸ਼ਹਿਰ ਓਲੰਪੀਆ ਵਿੱਚ ਸ਼ੁਰੂ ਹੋਈਆਂ ਸਨ ਅਤੇ 392 ਈ.ਵਿੱਚ ਬੰਦ ਹੋ ਗਈਆਂ ਸਨ।

•ਪਹਿਲਾ ਓਲੰਪਿਕ ਚੈਂਪੀਅਨ ਯੂਨਾਨ ਦਾ ਦੌੜਾਕ,ਕੋਰੋਬਸ ਇੱਕ ਲਾਂਗਰੀ ਸੀ।

•ਆਧੁਨਿਕ ਓਲੰਪਿਕ ਖੇਡਾਂ 1896 ਵਿੱਚ ਯੂਨਾਨ ਦੀ ਰਾਜਧਾਨੀ ਏਥਨਜ਼ ਵਿੱਚ ਸ਼ੁਰੂ ਹੋਈਆਂ ਸਨ।

•ਇਹ ਹਰ ਲੀਪ ਸਾਲ ਵਿੱਚ ਹੁੰਦੀਆਂ ਹਨ।

•ਦੋ ਸੰਸਾਰ-ਜੰਗਾਂ ਕਾਰਨ ਇਹ ਖੇਡਾਂ ਸਾਲ 1916,1940 ਤੇ 1944 ਵਿੱਚ ਨਹੀਂ ਹੋ ਸਕੀਆਂ ਸਨ।

•ਵਿਸ਼ਵ ਦੇ ਕੇਵਲ ਇੱਕ ਸ਼ਹਿਰ,ਲੰਡਨ ਵਿੱਚ ਇਹ ਖੇਡਾਂ ਤਿੰਨ ਵੇਰ ਹੋ ਚੁੱਕੀਆਂ ਹਨ।

•ਮੈਰਾਥਨ(ਦੌੜ), ਯੂਨਾਨ ਦੇ ਇੱਕ ਪਿੰਡ ਦਾ ਨਾਂ ਹੈ ਜੋ ਏਥਨਜ਼ ਤੋਂ 25 ਕੁ ਮੀਲ ਦੂਰ ਹੈ।

•ਸਟਾਕਹੋਮ(ਸਵੀਡਨ) ਵਿਖੇ 1912 ਦੀਆਂ ਓਲੰਪਿਕ ਖੇਡਾਂ ਵਿੱਚ ਪਹਿਲੀ ਵੇਰ ਏਸ਼ੀਆ ਦੇ ਦੇਸ਼ ਜਾਪਾਨ ਅਤੇ ਅਫਰੀਕਾ ਉਪ ਮਹਾਂਦੀਪ ਦੇ ਦੇਸ਼ ਮਿਸਰ ਨੇ ਭਾਗ ਲਿਆ।

•ਸੰਨ 1924 ਵਿੱਚ ਪੈਰਿਸ ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਉਸ ਦੇਸ਼ ਦਾ ਤੈਰਾਕ,ਜਾਨੀ ਵੇਜ਼ਮੂਲਰ ਤੈਰਾਕੀ ਦੇ 67 ਵਿਸ਼ਵ ਰਿਕਾਰਡ ਕਾਇਮ ਕਰ ਕੇ "ਪਾਣੀਆਂ ਦਾ ਚੈਂਪੀਅਨ" ਬਣਿਆਂ।

•ਐਮਸਟਰਡਮ(ਹਾਲੈਂਡ) ਵਿਖੇ 1928 ਦੀਆਂ ਖੇਡਾਂ ਵਿੱਚ ਪਹਿਲੀ ਵੇਰ ਔਰਤਾਂ ਦੇ ਐਥਲੈਟਿਕਸ ਮੁਕਾਬਲੇ ਕਰਵਾਏ ਗਏ।

•ਰੋਮ ਵਿੱਚ ਹੋਈਆਂ 1960 ਦੀਆਂ ਵਿਸ਼ਵ ਖੇਡਾਂ ਵਿੱਚ ਅਮਰੀਕਾ ਦੀ ਵਿਲਮਾ ਰੁਡੋਲਫ਼ ਨੇ ਦੌੜਾਂ ਦੇ ਤਿੰਨ ਸੋਨ ਤਮਗੇ ਜਿੱਤੇ।ਇਹ ਖਿਡਾਰਨ ਬਚਪਨ ਵਿੱਚ ਪੋਲੀਓ ਦੀ ਮਰੀਜ਼ ਰਹੀ ਸੀ ਤੇ ਆਪਣੇ 19 ਭੈਣਾਂ-ਭਰਾਵਾਂ ਵਿੱਚੋਂ 17ਵੇਂ ਨੰਬਰ 'ਤੇ ਸੀ।ਇਨ੍ਹਾਂ ਖੇਡਾਂ ਸਮੇਂ ਇਥੋਪੀਆ ਦੇ ਦੌੜਾਕ ਅਬੇਬੇ ਬਕੀਲਾ ਨੇ ਨੰਗੇ ਪੈਰੀਂ ਦੌੜ ਕੇ ਮੈਰਾਥਾਨ ਦੌੜ ਜਿੱਤੀ ਸੀ।

•ਪਹਿਲੀ ਵੇਰ ਔਰਤਾਂ ਦੇ ਟੀਮ-ਮੁਕਾਬਲੇ,1964(ਟੋਕੀਓ) ਦੀਆਂ ਖੇਡਾਂ ਵਿੱਚ ਹੋਏ ਸਨ।

•ਪੱਛਮੀ ਜਰਮਨੀ ਦੇ ਸ਼ਹਿਰ ਮਿਉਨਿਖ ਵਿਖੇ 1972'ਚ ਹੋਈਆਂ ਖੇਡਾਂ ਸਮੇਂ ਅਸਟ੍ਰੇਲੀਆ ਦੀ 15-ਸਾਲਾ ਲੜਕੀ,ਸ਼ਾਨ ਗੋਲਡ ਨੇ 3 ਸੋਨ,1 ਚਾਂਦੀ ਤੇ 1 ਤਾਂਬਾ ਤਮਗਾ ਜਿੱਤ ਕੇ ਸਨਸਨੀ ਫੈਲਾ ਦਿੱਤੀ।ਭਾਰਤ ਨੇ ਵੀ ਇੱਕ ਤਾਂਬੇ ਦਾ ਤਮਗਾ ਹਾਸਿਲ ਕੀਤਾ ਸੀ

•1976 ਦੀਆਂ ਮੌਂਟਰੀਅਲ(ਖੇਡਾਂ) ਵਿੱਚ ਰੋਮਾਨੀਆਂ ਦੇਸ਼ ਦੀ 15-ਸਾਲਾ ਨਾਦੀਆ ਕੁਮੈਂਸੀ ਨੇ ਜਿਮਨਾਸਟਿਕ ਮੁਕਾਬਲਿਆਂ ਵਿੱਚ 10/10 ਅੰਕ ਪ੍ਰਾਪਤ ਕਰਕੇ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਅਤੇ ਉਸ ਨੇ ਤਿੰਨ ਸੋਨ ਤਮਗੇ ਹਾਸਿਲ ਕੀਤੇ।

•ਅਮਰੀਕਾ ਦੇ ਤੈਰਾਕ ਮਾਈਕਲ ਫੈਲਪਸ ਨੇ ਏਥਨਜ਼(2004),ਬੀਜਿੰਗ(2008),ਲੰਡਨ(2012) ਅਤੇ ਰੀਓ(2016) ਓਲੰਪਿਕ ਖੇਡਾਂ ਵਿੱਚ 23 ਸੋਨ,3 ਚਾਂਦੀ ਤੇ 2 ਤਾਂਬਾ-ਕੁੱਲ 28 ਤਮਗੇ ਜਿੱਤ ਕੇ ਨਵਾਂ ਵਿਸ਼ਵ ਰਿਕਾਰਡ ਕਾਇਮ ਕੀਤਾ।

•ਬੀਜਿੰਗ(2008) ਖੇਡਾਂ 8-8-2008 ਨੂੰ ਸ਼ਾਮ ਦੇ 8 ਵੱਜ ਕੇ 8 ਮਿੰਟ ਤੇ 8 ਸਕਿੰਟ 'ਤੇ ਸ਼ੁਰੂ ਹੋਈਆਂ ਸਨ ਅਤੇ ਇਸ ਸਮੇਂ ਹੀ 12400 ਚੀਨੀ ਜੋੜਿਆਂ ਨੇ ਵਿਆਹ ਕਰਵਾਏ ਸਨ।

•ਲੰਡਨ(2012) ਖੇਡਾਂ ਸਮੇਂ ਖੇਡ ਮਿਸ਼ਾਲ,ਓਲੰਪੀਆ ਤੋਂ ਲੰਡਨ ਲਿਆਉਣ ਲਈ 800 ਦੌੜਾਕਾਂ ਨੇ 8000 ਮੀਲ ਮੈਰਾਥਾਨ ਦੌੜ 70 ਦਿਨਾਂ ਵਿੱਚ ਪੂਰੀ ਕੀਤੀ।ਇਸ ਦੌੜ ਵਿੱਚ ਪੰਜਾਬ ਦੇ 100 ਸਾਲਾ ਬਜ਼ੁਰਗ ਸ.ਫੌਜਾ ਸਿੰਘ ਨੇ ਭਾਗ ਲਿਆ।

•ਲੰਡਨ(2012) ਖੇਡਾਂ ਸਮੇਂ ਦੱਖਣੀ ਅਫਰੀਕਾ ਦਾ ਕੱਟੀਆਂ ਲੱਤਾਂ ਵਾਲਾ ਐਥਲੀਟ ਆਸਕਰ ਪਿਸਟੋਰੀਅਸ ਆਪਣੀਆਂ ਮਸਨੂਈ ਲੱਤਾਂ ਨਾਲ ਦੂਜੇ ਦੌੜਾਕਾਂ ਦੇ ਬਰਾਬਰ ਦੌੜਿਆ ਸੀ।

•ਜਮਾਇਕਾ ਦੇ ਦੌੜਾਕ ਓਸੇਨ ਬੋਲਟ ਨੇ ਤਿੰਨ ਓਲੰਪਿਕਸ ਖੇਡਾਂ (2008,2012,2016) ਵਿੱਚ ਸਾਰੀਆਂ ਨੌਂ ਦੌੜਾਂ-3x(100 ਮੀਟਰ,200 ਮੀਟਰ,4x100 ਮੀਟਰ) ਵਿੱਚ ਨੌਂ ਸੋਨ ਤਮਗੇ ਜਿੱਤ ਕੇ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ।

•20.ਦੱਖਣੀ ਅਮਰੀਕਾ ਦੇ ਸਭ ਤੋਂ ਵੱਡੇ ਦੇਸ਼,ਬ੍ਰਾਜ਼ੀਲ ਦੇ ਪੂਰਬ-ਤੱਟੀ ਸ਼ਹਿਰ ਰੀਓ ਡੀ ਜਨੇਰੋ ਵਿੱਚ 6 ਅਗਸਤ ਤੋਂ 21 ਅਗਸਤ 2016 ਤੱਕ ਹੋਈਆਂ 31ਵੀਆਂ ਓਲੰਪਿਕ ਖੇਡਾਂ ਵਿੱਚ 205 ਦੇਸ਼ਾਂ ਦੇ 11000 ਤੋਂ ਵੱਧ ਖਿਡਾਰੀਆਂ ਨੇ 42 ਖੇਡ ਮੁਕਾਬਲਿਆਂ ਵਿੱਚ ਭਾਗ ਲਿਆ।

•21.ਰੀਓ ਓਲੰਪਿਕਸ ਵਿੱਚ ਅਮਰੀਕਾ ਨੇ 121 ਤਮਗੇ ਜਿੱਤ ਕੇ ਪਹਿਲਾ,ਬਰਤਾਨੀਆਂ ਨੇ 67(27ਸੋਨ) ਤਮਗਿਆਂ ਨਾਲ ਦੂਜਾ,ਚੀਨ ਨੇ 70 (26 ਸੋਨ) ਤਮਗੇ ਹਾਸਿਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਭਾਰਤ 2 ਤਮਗੇ ਲੈ ਕੇ 67ਵੇਂ ਸਥਾਨ ਤੇ ਰਿਹਾ।

•20.ਓਲੰਪਿਕ 2020,ਜਾਪਾਨ ਦੀ ਰਾਜਧਾਨੀ ਟੋਕੀਓ ਵਿੱਚ ਹੋਣਗੀਆਂ।

### ਅ) ਦਿਲਚਸਪ ਘਟਨਾਵਾਂ :

•ਏਥਨਜ਼ ਵਿੱਚ 1896 ਦੀਆਂ ਪਹਿਲੀਆਂ ਓਲੰਪਿਕਸ ਖੇਡਾਂ ਸਮੇਂ ਯੂਨਾਨ ਦੇ ਇੱਕ ਪਿੰਡ,ਮੈਰਾਥਾਨ'ਤੇ ਪਰਸ਼ੀਅਨਾਂ ਨੇ ਹਮਲਾ ਕਰ ਦਿੱਤਾ।ਏਥਨਜ਼ ਵਾਸੀ ਬਹੁਤ ਸਹਿਮੇ ਹੋਏ ਸਨ।ਬੜੀ ਘਮਸਾਨ ਦੀ ਲੜਾਈ ਤੋਂ ਬਾਅਦ ਯੂਨਾਨ ਦੀ ਜਿੱਤ ਹੋ ਗਈ।ਫੌਜ ਦੇ ਜਰਨੈਲ ਮਿਲਤੀਦੀਅਸ ਨੇ ਇਹ ਖੁਸ਼ੀ ਦੀ ਖਬਰ ਤੁਰੰਤ ਏਥਨਜ਼ ਪਹੁੰਚਾਉਣ ਲਈ ਆਪਣੇ ਓਲੰਪੀਅਨ ਦੌੜਾਕ ਫਿਡੀਪੀਡਸ ਨੂੰ ਦੌੜਾਇਆ।ਨੰਗੇ ਪੈਰੀਂ ਪਹਾੜੀ ਰਸਤਿਆਂ ਤੇ ਪੱਚੀ ਮੀਲ ਦੌੜਦਿਆਂ ਉਸ ਦੇ ਪੈਰ ਲਹੂ-ਲੁਹਾਨ ਹੋ ਗਏ ਪਰੰਤੂ ਉਹ ਰੁਕਿਆ ਨਹੀਂ।ਆਪਣੇ ਦੇਸ਼ਵਾਸੀਆਂ ਨੂੰ ਇਹ ਕਹਿੰਦਿਆਂ'ਖੁਸ਼ੀਆਂ ਮਨਾਓ,ਅਸੀਂ ਜਿੱਤ ਗਏ ਹਾਂ'ਉਹ ਡਿਗ ਪਿਆ ਅਤੇ ਸਵਰਗ ਸਿਧਾਰ ਗਿਆ।ਫਿਡੀਪੀਡਸ ਦੀ ਯਾਦ ਵਿੱਚ ਏਥਨਜ਼ ਤੋਂ ਮੈਰਾਥਾਨ ਤੱਕ ਇੱਕ ਦੌੜ ਲਗਾਈ ਗਈ ਜਿਸ ਵਿੱਚ ਯੂਨਾਨ ਦੇਸ਼ ਦਾ ਚਰਵਾਹਾ ਸਪਰਿਡਨ ਲੁਈਸ ਫਸਟ ਆਇਆ।ਇਹ ਦੌੜ ਹੀ ਹੁਣ ਮੈਰਾਥਾਨ ਰੇਸ ਵਜੋਂ ਜਾਣੀ ਜਾਂਦੀ ਹੈ।

•ਸੇਂਟ ਲੁਇਸ (ਯੂ.ਐੱਸ.ਏ.),1904 ਦੀਆਂ ਓਲੰਪਿਕਸ ਖੇਡਾਂ ਦਾ ਮੈਰਾਥਾਨ ਰੇਸ ਮੁਕਾਬਲਾ ਬੜਾ ਦਿਲਚਸਪ ਰਿਹਾ।ਕਿਊਬਾ ਦੇਸ਼ ਦਾ ਇੱਕ ਡਾਕੀਆ ਫੇਲਿਕਸ ਕਾਰਵਾਜਾਲ ਆਪਣੇ ਸਾਥੀਆਂ ਕੋਲ ਫੜ੍ਹ ਮਾਰ ਬੈਠਾ ਕਿ ਮੈਰਾਥਾਨ ਰੇਸ ਜਿੱਤਣੀ ਤਾਂ ਉਸ ਦੇ ਖੱਬੇ ਹੱਥ ਦਾ ਖੇਲ੍ਹ ਹੈ।ਪਰ ਉਸ ਕੋਲ ਤਾਂ ਸੇਂਟ ਲੁਇਸ ਜਾਣ ਜੋਗੇ ਪੈਸੇ ਵੀ ਨਹੀਂ ਸਨ।ਉਹ ਹਵਾਨਾ ਸ਼ਹਿਰ(ਕਿਊਬਾ ਦੀ ਰਾਜਧਾਨੀ) ਦੇ ਚੌਂਕਾਂ ਵਿੱਚ ਦੌੜ ਦੇ ਮਜ੍ਹਮੇ ਲਗਾ ਕੇ ਕੁੱਝ ਪੈਸੇ ਇਕੱਠੇ ਕਰ ਕੇ ਜਦੋਂ ਸੇਂਟ ਲੁਇਸ ਪਹੁੰਚਿਆ ਤਾਂ ਰੇਸ ਸ਼ੁਰੂ ਹੀ ਹੋਣ ਵਾਲੀ ਸੀ।ਦੌੜਦਿਆਂ,ਉਹ ਰਾਸਤੇ ਵਿੱਚ ਆਏ ਆੜੂਆਂ ਦੇ ਦ੍ਰਖਤਾਂ ਤੋਂ ਆੜੂ ਤੋੜ ਕੇ ਖਾਂਦਾ ਤੇ ਆਲੇ ਦੁਆਲੇ ਖੜ੍ਹੇ ਲੋਕਾਂ ਨੂੰ ਮਖੌਲ ਕਰਦਾ ਰਿਹਾ।ਇਸ ਦੇ ਬਾਵਜ਼ੂਦ ਉਹ ਇਸ ਦੌੜ ਵਿੱਚ ਚੌਥੇ ਨੰਬਰ 'ਤੇ ਆ ਗਿਆ।

•ਸੇਂਟ ਲੁਇਸ (1904) ਖੇਡ ਮੇਲੇ ਸਮੇਂ ਮੈਰਾਥਾਨ ਰੇਸ ਵਿੱਚ ਭਾਗ ਲੈਂਦਿਆਂ ਇੱਕ ਅਮਰੀਕਨ,ਫਰੈਂਡ ਲਾਰਜ ਫੈਲਿਕਸ ਦੌੜ ਦੇ ਨੌਵੇਂ ਮੀਲ ਤੇ ਪਿੱਛੇ ਆਉਂਦੀ ਕਾਰ ਤੇ ਚੜ੍ਹ ਕੇ ਸਟੇਡਿਅਮ ਨੇੜੇ ਜਾ ਉੱਤਰਿਆ ਅਤੇ ਦੌੜ੍ਹਦਿਆਂ ਸਭ ਤੋਂ ਪਹਿਲਾਂ ਆਖਰੀ ਨਿਸ਼ਾਨ ਤੇ ਪੁੱਜ ਗਿਆ।ਉਸ ਨੂੰ ਸਨਮਾਨ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ ਕਿ ਇਸ ਦੌੜ ਦੇ ਅਸਲੀ ਜੇਤੂ ਟੀ.ਹਿਕਸ ਨੇ ਫੀਤੇ ਨੂੰ ਆ ਛੋਹਿਆ।ਇਸ ਬੇਈਮਾਨੀ ਦਾ ਪਤਾ ਲੱਗਣ ਤੇ ਫਰੈਂਡ ਲਾਰਜ ਫੈਲਿਕਸ ਨੂੰ ਓਲੰਪਿਕ ਖੇਡਾਂ ਤੋਂ ਬੇਦਖਲ ਕਰ ਦਿੱਤਾ ਗਿਆ ਅਤੇ ਹਿਕਸ ਨੂੰ ਇਨਾਮ ਦਿੱਤਾ ਗਿਆ।

•ਰੂੜੀਵਾਦੀ ਤੇ ਪੁਰਸ਼-ਪ੍ਰਧਾਨ ਦੇਸ਼ ਇਰਾਨ ਦੀ ਅਧਰੰਗਮਾਰੀ ਮਹਿਲਾ ਤੀਰਅੰਦਾਜ਼ ਜੇਹਰਾ ਨੇਮਾਤੀ,ਰੀਓ ਓਲੰਪਿਕਸ ਵਿੱਚ ਵ੍ਹੀਲਚੇਅਰ 'ਤੇ ਸਵਾਰ ਹੋ ਕੇ ਆਪਣੇ ਦੇਸ਼ ਦੇ ਖੇਡ ਦਸਤੇ ਦੀ ਅਗਵਾਈ ਕਰ ਕੇ ਪਹਿਲੀ ਅਜਿਹੀ ਔਰਤ ਬਣ ਗਈ ਹੈ।ਉਸ ਨੇ ਲੰਡਨ ਪੈਰਾਓਲੰਪਿਕਸ (2012) ਵਿੱਚ ਸੋਨ ਤਮਗਾ ਜਿੱਤਿਆ ਸੀ।

•ਰੀਓ ਓਲੰਪਿਕਸ ਤੋਂ ਕੁੱਝ ਦਿਨ ਪਹਿਲਾਂ ਹੀ 16 ਮਹੀਨੇ ਦੀ ਜੇਲ੍ਹ ਕੱਟ ਕੇ ਆਏ ਕੋਲੰਬੀਆ ਦੇ ਵੇਟ੍ਹ ਲਿਫਟਰ ਆਸਕਰ ਐਲਬੈਰੋ ਫਿਗਿਯੋਰਾ ਨੇ 62 ਕਿਲੋ.ਵਰਗ ਵਿੱਚ ਸੋਨ ਤਮਗਾ ਜਿੱਤਿਆ ਅਤੇ ਨਾਲ ਹੀ ਖੇਡਾਂ ਤੋਂ ਸਨਿਆਸ ਲੈਣ ਦਾ ਐਲਾਨ ਕਰ ਦਿੱਤਾ।

•ਸਾਲ 2005 ਦੇ ਵਿਸ਼ਵ ਚੈਂਪੀਅਨ ਹਾਲੈਂਡ ਦੇ ਜਿਮਨਾਸਟ ਯੂਰੀ ਵਾਨ ਗੋਲਡਰ,ਨੇ ਰੀਓ ਓਲੰਪਿਕਸ ਦੇ ਫਾਈਨਲ ਮੁਕਾਬਲੇ ਵਿੱਚ ਥਾਂ ਬਣਾ ਲਈ ਸੀ ਪਰੰਤੂ ਉਹ ਸ਼ਰਾਬ ਪੀਣ ਲਈ ਸਾਰੀ ਰਾਤ ਓਲੰਪਿਕ ਪਿੰਡ ਤੋਂ ਬਾਹਿਰ ਰਹਿਣ ਕਾਰਨ ਖੇਡਾਂ ਤੋਂ ਬਾਹਿਰ ਕੱਢ ਦਿੱਤਾ ਗਿਆ।

### ਓਲੰਪਿਕ ਖੇਡਾਂ ਅਤੇ ਭਾਰਤ :

•ਸੰਨ 1900 ਵਿੱਚ ਪੈਰਿਸ ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਕਲਕੱਤਾ ਤੋਂ ਗਏ ਇੱਕ ਐਂਗਲੋ-ਇੰਡੀਅਨ,ਨਾਰਮਨ ਪ੍ਰਿਚਰਡ ਨੇ 200 ਮੀਟਰ ਫਰਾਟਾ ਤੇ 200 ਮੀਟਰ ਹਰਡਲਜ਼ ਵਿੱਚ ਭਾਗ ਲੈ ਕੇ ਭਾਰਤ ਲਈ ਪਹਿਲੇ ਦੋ ਚਾਂਦੀ ਦੇ ਤਮਗੇ ਜਿੱਤੇ ਸਨ।

•ਭਾਰਤ ਨੇ ਇਹ ਖੇਡਾਂ ਕਰਵਾਉਣ ਲਈ ਕਦੇ ਅਰਜੀ ਨਹੀਂ ਦਿੱਤੀ।

•ਭਾਰਤ ਦੀ ਹਾਕੀ ਟੀਮ ਪਹਿਲੀ ਵੇਰ 1928 ਓਲੰਪਿਕ ਖੇਡਾਂ ਵਿੱਚ ਸ਼ਾਮਿਲ ਹੋਈ।ਇਸ ਵਿੱਚ ਅੱਧੇ ਖਿਡਾਰੀ ਅੰਗਰੇਜ਼ ਸਨ ਅਤੇ ਕੈਪਟਨ, ਜੈਪਾਲ ਸਿੰਘ ਸੀ।ਇਸ ਵਿੱਚ ਧਿਆਨ ਸਿੰਘ ਵੀ ਖੇਡਿਆ ਸੀ ਅਤੇ ਭਾਰਤ ਨੇ ਹਾਕੀ ਦਾ ਪਹਿਲਾ ਸੋਨ ਤਮਗਾ ਹਾਸਿਲ ਕੀਤਾ ਸੀ।ਇਸ ਤੋਂ ਬਾਅਦ ਸੰਨ 1932(ਲਾਸ ਏਂਜਲਜ਼), 1936(ਬਰਲਿਨ), 1948(ਲੰਡਨ), 1952(ਹੈਲਸਿਨਕੀ), 1956(ਮੈਲਬੌਰਨ), 1964(ਟੋਕੀਓ), 1980(ਮਾਸਕੋ) ਖੇਡਾਂ ਵਿੱਚ ਹਾਕੀ ਦੇ ਸੋਨ ਤਮਗੇ ਜਿੱਤੇ।

•ਲਾਸ ਏਂਜਲਜ਼(ਅਮਰੀਕਾ) ਵਿਖੇ 1932 ਵਿੱਚ ਹੋਈਆਂ ਖੇਡਾਂ ਸਮੇਂ ਹਾਕੀ ਦੀਆਂ ਕੇਵਲ ਤਿੰਨ ਟੀਮਾਂ ਨੇ ਭਾਗ ਲਿਆ।ਭਾਰਤ ਨੇ ਜਾਪਾਨ ਨੂੰ 11-1 ਤੇ ਅਮਰੀਕਾ ਨੂੰ 24-1 ਨਾਲ ਹਰਾ ਕੇ ਸੋਨ ਤਮਗਾ ਜਿੱਤਿਆ।ਅਮਰੀਕਾ ਵਿਰੁੱਧ ਧਿਆਨ ਸਿੰਘ ਦੇ ਭਰਾ ਰੂਪ ਸਿੰਘ ਨੇ 12 ਗੋਲ ਕੀਤੇ।ਇਸ ਟੀਮ ਵਿੱਚ ਸੰਸਾਰਪੁਰ ਦਾ ਗੁਰਮੀਤ ਸਿੰਘ ਕੁਲਾਰ ਵੀ ਸ਼ਾਮਿਲ ਸੀ।

•ਸੰਨ 1936 ਦੀਆਂ ਬਰਲਿਨ ਖੇਡਾਂ ਵਿੱਚ ਭਾਰਤ ਦੀ ਹਾਕੀ ਟੀਮ ਦੀ ਕਪਤਾਨੀ ਧਿਆਨ ਸਿੰਘ ਨੇ ਕੀਤੀ ਅਤੇ ਲਗਾਤਾਰ ਤੀਜਾ ਸੋਨ ਤਮਗਾ ਪ੍ਰਾਪਤ ਕੀਤਾ।ਇਸ ਟੀਮ ਵਿੱਚ ਪੰਜਾਬ ਦਾ ਗੁਰਚਰਨ ਸਿੰਘ ਗਰੇਵਾਲ ਵੀ ਖੇਡਿਆ

•6.ਸੰਨ 1956 ਵਿੱਚ ਮੈਲਬੌਰਨ(ਅਸਟ੍ਰੇਲੀਆ) ਦੀਆਂ ਓਲੰਪਿਕ ਖੇਡਾਂ ਵਿੱਚ ਭਾਰਤ ਦੇ ਪੰਜ ਐਥਲੀਟਾਂ ਸਮੇਤ

ਮਿਲਖਾ ਸਿੰਘ ਨੇ ਭਾਗ ਲਿਆ ਪਰ ਕੋਈ ਵੀ ਫਾਈਨਲ ਮੁਕਾਬਲਿਆਂ ਤੱਕ ਨਾ ਪਹੁੰਚ ਸਕਿਆ।

•ਟੋਕੀਓ ਵਿਖੇ,ਸੰਨ 1964 ਦੀਆਂ ਖੇਡਾਂ ਵਿੱਚ ਭਾਰਤ ਦੇ 53 ਖਿਡਾਰੀਆਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਅੱਧੇ ਤੋਂ ਵੱਧ ਪੰਜਾਬੀ ਸਨ।ਭਾਰਤ ਦੇ ਹਾਕੀ ਖਿਡਾਰੀ ਪ੍ਰਿਥੀਪਾਲ ਸਿੰਘ ਨੇ 11 ਗੋਲ ਕਰਕੇ ਭਾਰਤ ਨੂੰ ਸੱਤਵਾਂ ਸੋਨ ਤਮਗਾ ਦਿਵਾਇਆ ਜਿਸ ਸਦਕਾ ਉਸ ਨੂੰ 'ਪੈਨਲਟੀ ਕਾਰਨਰ ਬਾਦਸ਼ਾਹ'ਆਖਿਆ ਜਾਣ ਲੱਗਾ।

•ਮੌਂਟਰੀਅਲ ਖੇਡਾਂ(1976) ਵਿੱਚ ਪਹਿਲੀ ਵੇਰ ਭਾਰਤ ਨੂੰ ਕੋਈ ਤਮਗਾ ਨਾ ਮਿਲਣ ਦੀ ਨਮੋਸ਼ੀ ਹੋਈ।

•ਸੰਨ 1984 ਦੀਆਂ ਲਾਸ ਏਂਜਲਜ਼ ਖੇਡਾਂ ਸਮੇਂ ਭਾਰਤ ਨੂੰ ਸਭ ਤੋਂ ਵੱਧ ਨਾਮੋਸ਼ੀ ਹੋਈ।ਇਸ ਦੀ ਹਾਕੀ ਟੀਮ ਸੈਮੀਫਾਈਨਲ ਮੁਕਾਬਲੇ ਤੱਕ ਵੀ ਨਾ ਪਹੁੰਚ ਸਕੀ ਅਤੇ ਪਾਕਿਸਤਾਨ ਨੇ ਸੋਨ ਤਮਗਾ ਹਾਸਿਲ ਕਰਕੇ ਬਾਜ਼ੀ ਮਾਰ ਲਈ।ਇੰਨਾਂ ਹੀ ਨਹੀਂ,ਭਾਰਤ ਕਿਸੇ ਵੀ ਮੁਕਾਬਲੇ ਵਿੱਚ ਤਮਗਾ ਨਾ ਪ੍ਰਾਪਤ ਕਰ ਸਕਿਆ।ਭਾਰਤ ਦਾ ਇਹੋ ਹਾਲ ਸਿਉਲ(ਦੱਖਣੀ ਕੋਰੀਆ) ਖੇਡਾਂ ਸਮੇਂ ਹੋਇਆ।

•ਭਾਰਤ ਦੇ ਟੈਨਿਸ ਖਿਲਾੜੀ ਲਿਏਂਡਰ ਪੇਸ ਨੇ 1996 ਦੀਆਂ ਐਟਲਾਂਟਾ(ਯੂ.ਐੱਸ.ਏ.) ਓਲੰਪਿਕ ਖੇਡਾਂ ਵਿੱਚ ਅਤੇ ਵ੍ਹੇਟ ਲਿਫਟਰ ਕਰਨਮ ਮਲੇਸ਼ਵਰੀ ਨੇ 2000 ਦੀਆਂ ਸਿਡਨੀ ਖੇਡਾਂ ਵਿੱਚ ਤਾਂਬੇ ਦਾ ਇੱਕ ਇੱਕ ਤਮਗਾ ਅਤੇ ਨਿਸ਼ਾਨੇਬਾਜ਼ ਰਾਜਵਰਧਨ ਰਾਠੌਰ ਨੇ ਏਥਨਜ਼ (2004) ਖੇਡਾਂ 'ਚ ਚਾਂਦੀ ਦਾ ਤਮਗਾ ਜਿੱਤ ਕੇ ਆਪਣੇ ਦੇਸ਼ ਦੀ ਇੱਜ਼ਤ ਬਚਾਈ।

•ਬੀਜਿੰਗ ਖੇਡਾਂ(2008) ਵਿਚ ਭਾਰਤ ਦੇ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਨੇ ਸੋਨ ਤਮਗਾ,ਮੁੱਕੇਬਾਜ਼ ਵਿਜੇਂਦਰ ਸਿੰਘ ਨੇ ਕਾਂਸੀ ਤਮਗਾ ਅਤੇ ਪਹਿਲਵਾਨ ਸੁਸ਼ੀਲ ਕੁਮਾਰ ਨੇ ਕਾਂਸੀ ਤਮਗਾ ਜਿੱਤਿਆ।

•ਓਲੰਪਿਕਸ ਖੇਡਾਂ ਦੇ ਇਤਿਹਾਸ ਵਿੱਚ ਪਹਿਲੀ ਵੇਰ ਭਾਰਤ ਦੇ ਖਿਡਾਰੀਆਂ ਨੇ ਲੰਡਨ ਓਲੰਪਿਕਸ (2012) ਵਿੱਚ ਛੇ ਤਮਗੇ ਹਾਸਿਲ ਕੀਤੇ।ਇਸ ਵਿੱਚ ਪਹਿਲਵਾਨ ਸੁਸ਼ੀਲ ਕੁਮਾਰ ਦਾ ਚਾਂਦੀ ਤਮਗਾ,ਨਿਸ਼ਾਨੇਬਾਜ਼ ਗਗਨ ਨਾਰੰਗ ਦਾ ਕਾਂਸੀ ਤਮਗਾ,ਮੁੱਕੇਬਾਜ਼ ਮੈਰੀ ਕੌਮ ਦਾ ਕਾਂਸੀ ਤਮਗਾ,ਬੈਡਮਿੰਟਨ ਖਿਡਾਰਨ ਸਾਇਨਾ ਨੇਹਵਾਲ ਦਾ ਕਾਂਸੀ ਤਮਗਾ,ਨਿਸ਼ਾਨੇਬਾਜ ਵਿਜੇ ਕੁਮਾਰ ਦਾ ਚਾਂਦੀ ਤਮਗਾ ਅਤੇ ਪਹਿਲਵਾਨ ਯੋਗੇਸ਼ਵਰ ਦੱਤ ਦਾ ਕਾਂਸੀ ਤਮਗਾ ਸ਼ਾਮਿਲ ਹਨ।

•ਓਲੰਪਿਕ ਖੇਡਾਂ ਵਿੱਚ ਭਾਰਤ ਦੇ ਛੇ ਖਿਡਾਰੀ ਆਪਣੇ ਮੁਕਾਬਲਿਆਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਕੇ ਨਵਾਂ ਵਿਸ਼ਵ ਰਿਕਾਰਡ ਬਣਾਉਣ ਦੇ ਬਾਵਜੂਦ ਚੌਥੇ ਸਥਾਨ'ਤੇ ਆਉਣ ਕਾਰਨ ਕੋਈ ਤਮਗਾ ਹਾਸਿਲ ਨਾ ਕਰ ਸਕੇ।ਇਹ ਬਦਕਿਸਮਤ ਖਿਡਾਰੀ ਹਨ-ਫਲਾਇੰਗ ਸਿੱਖ ਮਿਲਖਾ ਸਿੰਘ (1960,ਰੋਮ),ਕੇਰਲਾ ਦੀ ਦੌੜਾਕ ਪੀ.ਟੀ.ਊਸ਼ਾ (1984,ਲਾਸ ਐਂਜਲਜ਼),ਨਿਸ਼ਾਨੇਬਾਜ਼ ਜੁਆਇਦੀਪ ਕਰਮਾਕਰ (2000,ਲੰਡਨ),ਟੈਨਿਸ ਖਿਡਾਰੀ ਲਿਏਂਡਰ ਪੇਸ ਤੇ ਮਹੇਸ਼ ਭੂਪਤੀ(2000,ਲੰਡਨ),ਮਹਿਲਾ ਜਿਮਨਾਸਟ ਦੀਪਾ ਕਰਮਾਕਰ (2016,ਰੀਓ) ਅਤੇ ਨਿਸ਼ਾਨੇਬਾਜ਼ ਅਭਿਨਵ ਬਿੰਦਰਾ(2016,ਰੀਓ)।

•ਓਲੰਪਿਕ ਖੇਡਾਂ ਦੇ ਆਰੰਭ ਤੋਂ 2016 ਤੱਕ ਭਾਰਤ ਨੇ ਇਨ੍ਹਾਂ ਖੇਡਾਂ ਵਿੱਚ ਭਾਗ ਲੈ ਕੇ 28 ਤਮਗੇ ਜਿੱਤੇ ਹਨ ਜਿਨ੍ਹਾਂ ਵਿਚੋਂ 9 ਸੋਨ,7 ਚਾਂਦੀ ਅਤੇ 12 ਕਾਂਸੀ ਦੇ ਹਨ।

•ਰੀਓ ਓਲੰਪਿਕਸ(2016) ਵਿੱਚ ਹੁਣ ਤੱਕ ਦੇ ਸਭ ਤੋਂ ਵੱਡੇ ਖੇਡ ਦਸਤੇ ਨੂੰ ਭੇਜਿਆ ਗਿਆ।ਇਸ ਨੇ ਕੇਵਲ ਦੋ ਤਮਗੇ ਹਾਸਿਲ ਕੀਤੇ।ਪੀ.ਵੀ.ਸਿੰਧੂ ਨੇ ਬੈਡਮੈਟਿਨ ਦਾ ਸੋਨ ਤਮਗਾ ਅਤੇ ਸਾਕਸ਼ੀ ਮਲਿਕ ਨੇ ਫਰੀ ਸਟਾਈਲ ਕੁਸ਼ਤੀ ਦਾ ਕਾਂਸੀ ਤਮਗਾ ਜਿੱਤਿਆ।

•ਪੀ.ਵੀ.ਸਿੰਧੂ ਓਲੰਪਿਕਸ ਵਿੱਚ ਸਭ ਤੋਂ ਘੱਟ ਉਮਰ ਦੀ ਤਮਗਾ ਜਿੱਤਣ ਵਾਲੀ ਭਾਰਤੀ ਖਿਡਾਰਨ ਹੈ।ਉਹ ਬੈਡਮਿੰਟਨ ਫਾਈਨਲ ਵਿੱਚ ਪਹੁੰਚਣ ਵਾਲੀ ਪਹਿਲੀ ਭਾਰਤੀ ਖਿਡਾਰਨ ਵੀ ਬਣ ਗਈ ਹੈ।

## ਸੈਣੀ ਫਿਰ ਗਰਜਿਆ

ਸੈਣੀ ਬਰਾਦਰੀ ਦੇ ਲੋਕ ਸਭਾ ਵਿੱਚ ਪ੍ਰਤਿਨਿਧ ਸ਼੍ਰੀ ਰਾਜ ਕੁਮਾਰ ਸੈਣੀ,ਐੱਮ.ਪੀ. ਕੁਰੂਕਸ਼ੇਤਰ ਨੇ 28 ਅਗਸਤ 2016 ਨੂੰ ਰੋਹਤਕ ਵਿੱਚ ਆਯੋਜਿਤ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਆਪਣੇ ਸਮਰਥਕਾਂ ਸਾਹਮਣੇ ਗਰਜਦਿਆਂ ਆਖਿਆ ਕਿ ਉਨ੍ਹਾਂ ਨੂੰ ਸਮਾਨਤਾ ਤੇ ਹੱਕਾਂ ਲਈ ਇਕਮੁੱਠ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਇਹ ਇਕੱਠ ਲੋਕਤੰਤਰ ਸੁਰਕਸ਼ਾ ਮੰਚ ਵਲੋਂ ਕੀਤਾ ਗਿਆ ਸੀ।ਸੈਣੀ ਜੀ ਨੇ ਸਰੋਤਿਆਂ ਨੂੰ ਸ਼ਕਤੀਸ਼ਾਲੀ ਲੋਕਾਂ ਤੋਂ ਬੇਖੌਫ਼ ਹੋ ਕੇ ਪਰੰਤੂ ਸ਼ਾਂਤੀਪੂਰਬਕ ਢੰਗ ਨਾਲ ਸੰਘਰਸ਼ ਕਰਨ ਲਈ ਪ੍ਰੇਰਿਆ।ਐਮ.ਪੀ.ਜੀ ਨੇ ਇਹ ਵੀ ਕਿਹਾ ਕਿ ਉਹ ਕਦੇ ਕਿਸੇ ਜਾਤ ਅਤੇ ਰਿਜ਼ਰਵੇਸ਼ਨ ਵਿਰੁੱਧ ਨਹੀਂ ਬੋਲੇ।ਉਨ੍ਹਾਂ ਦਾ ਤਾਂ ਹਮੇਸ਼ਾਂ ਇਹ ਵਿਚਾਰ ਰਿਹਾ ਹੈ ਕਿ ਜੇਕਰ ਰਿਜ਼ਰਵੇਸ਼ਨ ਬਾਹੂਬਲ ਦੇ ਜੋਰ ਜਾਂ ਸੜਕਾਂ ਬੰਦ ਕਰਨ ਨਾਲ ਦਿੱਤੀ ਜਾਣੀ ਹੈ ਤਾਂ ਇਹ ਲਾਭ ਸਭ ਨੂੰ ਹੀ ਦੇ ਦਿੱਤਾ ਜਾਣਾ ਚਾਹੀਦਾ ਹੈ।ਉਨ੍ਹਾਂ ਨੇ ਲੋਕਾਂ ਨੂੰ 28 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਕੀਤੀ ਜਾਣ ਵਾਲੀ ਸਮਤਾ ਰੈਲੀ ਵਿੱਚ ਵੱਧ ਤੋਂ ਗਿਣਤੀ ਵਿੱਚ ਸ਼ਾਮਿਲ ਹੋਣ ਦੀ ਅਪੀਲ ਕੀਤੀ।ਸੈਣੀ ਸਾਹਿਬ ਨੇ ਰਾਜ ਸਭਾ ਨੂੰ ਬੇਲੋੜੀ ਦਸਦਿਆਂ ਇਸ ਨੂੰ ਡਿਜ਼ੋਲਵ ਕਰਨ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਬੇਰੋਜ਼ਗਾਰੀ ਦਾ ਖਾਤਮਾ ਕਰਨ ਲਈ 'ਇੱਕ ਪਰਿਵਾਰ,ਇੱਕ ਨੌਕਰੀ'ਦਾ ਨਿਯਮ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਰੀਓ ਓਲੰਪਿਕਸ ਵਿੱਚ

# ਧੀਆਂ ਨੇ ਲਾਜ ਰੱਖੀ

ਦਲਜੀਤ ਸਿੰਘ
ਰੋਪੜ



ਮਨੁੱਖੀ ਗਿਣਤੀ ਪੱਖੋਂ ਦੁਨੀਆਂ ਵਿੱਚ ਦੂਜੇ ਸਥਾਨ 'ਤੇ ਭਾਰਤ ਦੇਸ਼ ਨੂੰ ਰੀਓ ਵਿਖੇ ਓਲੰਪਿਕ ਖੇਡਾਂ ਵਿੱਚ ਪਹਿਲੇ ਦਸ ਦਿਨਾਂ ਤੱਕ ਕੋਈ ਤਮਗਾ ਹਾਸਿਲ ਨਾ ਹੋਣ ਕਾਰਨ ਜਦੋਂ ਸਵਾ ਕਰੋੜ ਭਾਰਤੀ ਪੂਰੀ ਦੁਨੀਆਂ ਦੇ ਸਾਹਮਣੇ ਸ਼ਰਮਸਾਰ ਹੋ ਰਹੇ ਸਨ ਤਾਂ ਧੀਆਂ ਨੇ ਹੀ ਇਨ੍ਹਾਂ ਦੇ ਦਰਦ ਨੂੰ ਸਮਝਿਆ।ਇਸ ਸਮੇਂ ਅਜਿਹੀਆਂ ਤਿੰਨ ਖਿਡਾਰਨਾਂ ਖੇਡ ਦੇ ਮੈਦਾਨ ਵਿੱਚ ਨਿੱਤਰੀਆਂ ਜਿਨ੍ਹਾਂ ਦਾ ਖੇਡ ਮੈਨੇਜਰਾਂ ਨੂੰ ਚਿੱਤ ਚੇਤਾ ਵੀ ਨਹੀਂ ਸੀ।ਇਹ ਸਨ- ਪੀ.ਵੀ.ਸਿੰਧੂ,ਸਾਕਸ਼ੀ ਮਲਿਕ ਤੇ ਦੀਪਾ ਕਰਮਾਕਰ।ਦੇਸ਼ ਅਤੇ ਸੂਬਾ ਸਰਕਾਰਾਂ ਨੇ ਇਨ੍ਹਾਂ ਮਾਣਮੱਤੀਆਂ ਧੀਆਂ ਨੂੰ ਕਰੋੜਾਂ ਰੁਪਏ ਦੇ ਨਕਦ ਇਨਾਮਾਂ,ਤਰੱਕੀਆਂ ਅਤੇ ਸਨਮਾਨਾਂ ਨਾਲ ਮਾਲੋਮਾਲ ਕਰ ਦਿੱਤਾ ਹੈ।ਭਾਰਤ ਸਰਕਾਰ ਦੇ ਖੇਡ ਮੰਤਰਾਲੇ ਨੇ ਇਨ੍ਹਾਂ ਸਿਤਾਰਿਆਂ ਨੂੰ ਦੇਸ਼ ਦੇ ਸਰਵੋਚ ਖੇਡ ਪੁਰਸਕਾਰ,'ਰਾਜੀਵ ਗਾਂਧੀ ਖੇਡ ਰਤਨ'ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਹੈ।ਸਾਰਾ ਦੇਸ਼ ਇਨ੍ਹਾਂ ਅਦੁੱਤੀ ਖਿਡਾਰਨਾਂ ਦੇ ਸਵਾਗਤ ਲਈ ਉਮੜ ਪਿਆ।ਇਨ੍ਹਾਂ ਨੇ ਵੀ ਦੇਸ਼ਵਾਸੀਆਂ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਟੋਕੀਓ ਓਲੰਪਿਕਸ(2020) ਵਿੱਚ ਹੋਰ ਵੀ ਵਧੀਆ ਕਾਰਗੁਜ਼ਾਰੀ ਨਾਲ ਵੱਡੇ ਤਮਗੇ ਲਿਆਉਣ ਦਾ ਵਾਅਦਾ ਕੀਤਾ ਹੈ।

## ਪੀ.ਵੀ.ਸਿੰਧੂ :



ਹੈਦਰਾਬਾਦ ਦੀ ਰਹਿਣ ਵਾਲੀ ਇਸ ਬੈਡਮਿੰਟਨ ਖਿਡਾਰਨ ਨੇ ਵਿਸ਼ਵ ਦੀ ਨੰਬਰ ਇੱਕ ਖਿਡਾਰਨ ਸਪੇਨ ਦੀ ਕੈਰੋਲਾਈਨਾ ਮੈਰੀਨ ਦਾ ਡਟ ਕੇ ਮੁਕਾਬਲਾ ਕਰਕੇ ਮਹਿਲਾ ਸਿੰਗਲਜ਼ ਦਾ ਚਾਂਦੀ ਤਮਗਾ ਜਿੱਤਿਆ।ਉਹ ਓਲੰਪਿਕ ਵਿੱਚ ਤਮਗਾ ਜਿੱਤਣ ਵਾਲੀ ਸਭ ਤੋਂ ਘੱਟ ਉਮਰ(21 ਸਾਲ) ਦੀ ਭਾਰਤੀ ਖਿਡਾਰਨ ਹੈ।ਏਨਾ ਹੀ ਨਹੀਂ ਉਹ ਕਿਸੇ ਓਲੰਪਿਕਸ ਵਿੱਚ ਬੈਡਮੈਂਟਿਨ ਦੇ ਫਾਈਨਲ ਮੁਕਾਬਲੇ ਵਿੱਚ ਪਹੁੰਚਣ ਵਾਲੀ ਵੀ ਪਹਿਲੀ ਭਾਰਤੀ ਮਹਿਲਾ ਹੈ।ਵਾਲੀਵਾਲ ਖੇਡ ਦੇ ਅਰਜੁਨ ਐਵਾਰਡੀ ਅਤੇ ਰੇਲਵੇ ਵਿੱਚ ਸਾਧਾਰਨ ਮੁਲਾਜ਼ਮ ਸ੍ਰੀ ਰਾਮੰਨਾ ਦੇ ਘਰ ਜਨਮੀ ਸਿੰਧੂ ਨੂੰ ਉਸ ਦੇ ਕੋਚ ਪੁਲੇਲਾ ਗੋਪੀ ਚੰਦ ਨੇ ਬੜੀ ਰੀਝ ਤਰਾਸ਼ਿਆ। ਵਿਸ਼ਵ ਚੈਂਪੀਅਨ ਦੀ ਕਾਂਸੀ ਤਮਗਾ ਜੇਤੂ ਅਤੇ ਵਿਸ਼ਵ ਦਰਜਾਬੰਦੀ ਵਿੱਚ 10ਵੇਂ ਸਥਾਨ ਵਾਲੀ ਇਸ ਖਿਡਾਰਨ ਨੇ ਆਪਣੀ ਬਿਹਤਰ ਖੇਡ ਤਕਨੀਕ ਨਾਲ ਸੈਮੀ ਫਾਈਨਲ ਵਿੱਚ ਆਪ ਤੋਂ ਉਚੇਰੀ ਦਰਜਾਬੰਦੀ (ਸੰਸਾਰ ਦੀ ਛੇਵਾਂ ਦਰਜਾ ਅਤੇ ਆਲ ਇੰਗਲੈਂਡ ਚੈਂਪੀਅਨ) ਜਾਪਾਨੀ ਖਿਡਾਰਨ ਨੋਜ਼ੋਮੀ ਓਕੂਹਾਰਾ ਨੂੰ ਗੋਡੇ ਟੇਕਣ ਲਈ ਮਜ਼ਬੂਰ ਕਰ ਦਿੱਤਾ। ਪੀ.ਵੀ.ਸਿੰਧੂ ਨੇ ਆਪਣੀ ਬਾਕਮਾਲ ਖੇਡ ਨਾਲ ਆਪਣੇ ਸ਼ਹਿਰ,ਸੂਬੇ ਤੇ ਦੇਸ਼ ਦਾ ਨਾਂ ਦੁਨੀਆਂ ਵਿੱਚ ਰੌਸ਼ਨ ਕੀਤਾ ਹੈ।

## ਸਾਕਸ਼ੀ ਮਲਿਕ :



ਹਰਿਆਣਾ ਸੂਬੇ ਦੇ ਰੋਹਤਕ ਜ਼ਿਲ੍ਹੇ ਵਿੱਚ ਇੱਕ ਛੋਟੇ ਜਿਹੇ ਪਿੰਡ ਮੋਖਰਾਂ ਵਿੱਚ ਇੱਕ ਸਾਧਾਰਨ ਜਾਟ ਪਰਿਵਾਰ ਵਿੱਚ ਜਨਮੀ ਇਸ ਧੀ ਨੇ ਰੀਓ ਓਲੰਪਿਕਸ ਵਿੱਚ ਪਹਿਲਾ ਤਮਗਾ ਜਿੱਤ ਕੇ ਦੇਸ਼ਵਾਸੀਆਂ ਨੂੰ ਸਦਮੇ ਤੋਂ ਬਾਹਿਰ ਕੱਢਿਆ।ਉਸ ਨੇ 58 ਕਿਲੋਗ੍ਰਾਮ ਫਰੀ ਸਟਾਇਲ ਕੁਸ਼ਤੀ ਵਿੱਚ ਕਾਂਸੀ ਤਮਗਾ ਹਾਸਿਲ ਕਰਕੇ ਭਾਰਤੀ ਖੇਡ ਵਿੱਚ ਨਵੀਂ ਪਿਰਤ ਪਾਈ ਹੈ।ਉਸ ਤੋਂ ਪਹਿਲਾਂ ਕੋਈ ਵੀ ਭਾਰਤੀ ਮਹਿਲਾ ਪਹਿਲਵਾਨ ਇਸ ਸਥਾਨ ਤੱਕ ਪੁੱਜਣ ਵਿੱਚ ਕਾਮਯਾਬ ਨਹੀਂ ਹੋਈ।ਸਾਕਸ਼ੀ ਦਾ ਪਿਤਾ ਸ੍ਰੀ ਸੁਖਬੀਰ ਸਿੰਘ ਮਲਿਕ ਦਿੱਲੀ ਦੀ ਡੀ.ਟੀ.ਸੀ.ਬੱਸ ਸੇਵਾ ਵਿੱਚ ਕੰਡਕਟਰ ਅਤੇ ਮਾਤਾ ਸ੍ਰੀਮਤੀ ਸੁਦੇਸ਼ ਮਲਿਕ ਆਂਗਨਵਾੜੀ ਵਰਕਰ ਹੈ।ਇੱਕ ਰੂੜੀਵਾਦੀ ਸਮਾਜ ਤੇ ਅਣਸੁਖਾਵੇਂ ਮਾਹੌਲ ਵਿੱਚ ਪਲੀ ਇਸ ਖਿਡਾਰਨ ਨੇ ਆਪਣੇ ਦ੍ਰਿੜ ਨਿਸ਼ਚੇ ਨਾਲ ਸਾਰੀਆਂ ਰੁਕਾਵਟਾਂ ਨੂੰ ਦੂਰ ਕਰਦਿਆਂ ਇਹ ਮੁਕਾਮ ਹਾਸਿਲ ਕੀਤਾ ਹੈ।ਹਰਿਆਣਾ ਸਰਕਾਰ ਨੇ ਸਾਕਸ਼ੀ ਨੂੰ 'ਬੇਟੀ ਪੜ੍ਹਾਓ,ਬੇਟੀ ਬਚਾਓ'ਪ੍ਰੋਗਰਾਮ ਦੀ ਅੰਬੈਸਟਰ ਨਿਯੁਕਤ ਕੀਤਾ ਹੈ।

## ਦੀਪਾ ਕਰਮਾਕਰ :




ਭਾਰਤ ਦੇ ਉੱਤਰ-ਪੂਰਬੀ ਪ੍ਰਾਂਤ ਤ੍ਰਿਪੁਰਾ ਦੀ ਦੀਪਾ ਕਰਮਾਕਰ ਨੇ ਰੀਓ ਓਲੰਪਿਕ ਦੇ ਮਹਿਲਾ ਜਿਮਨਾਸਟਿਕ ਮੁਕਾਬਲੇ ਵਿੱਚ ਚੌਥੇ ਸਥਾਨ ਤੇ ਰਹਿ ਕੇ ਸਿੱਧ ਕਰ ਦਿੱਤਾ ਹੈ ਕਿ ਭਾਰਤੀ ਮੁਟਿਆਰਾਂ ਵੀ ਇਸ ਖੇਡ ਵਿੱਚ ਜ਼ੋਰਅਜ਼ਮਾਈ ਕਰ ਸਕਣ ਦੇ ਸਮਰੱਥ ਹਨ।ਪਹਿਲਾਂ ਕਦੇ ਵੀ ਕੋਈ ਭਾਰਤੀ ਇਸ ਮੁਕਾਬਲੇ ਵਿੱਚ ਭਾਗ ਲੈਣ ਦੀ ਵੀ ਹਿੰਮਤ ਨਹੀਂ ਸੀ ਕਰਦਾ।ਇਹ 23 ਸਾਲਾ ਖਿਡਾਰਨ ਕੇਵਲ 0.150 ਅੰਕਾਂ ਦੇ ਮਾਮੂਲੀ ਫਰਕ ਨਾਲ ਕਾਂਸੀ ਤਮਗੇ ਤੋਂ ਵਾਂਝੀ ਰਹਿ ਗਈ ਪਰੰਤੂ ਉਸ ਵਲੋਂ ਵਿਅਕਤਗਿਤ ਵਾਲਟ ਮੁਕਾਬਲੇ ਦੌਰਾਨ ਖਤਰਨਾਕ ਪ੍ਰੋਡੂਨੋਵਾ ਵਿੱਚ ਕੀਤੇ ਪ੍ਰਦਰਸ਼ਨ ਨੇ ਸਾਰੇ ਖੇਡਪ੍ਰੇਮੀਆਂ ਦਾ ਦਿਲ ਜਿੱਤ ਲਿਆ।ਦੇਸ਼ਵਾਸੀਆਂ ਨੇ ਦੀਪਾ ਕਰਮਾਕਰ ਨੂੰ ਵੀ ਤਮਗਾ ਜੇਤੂਆਂ ਜਿੰਨਾਂ ਹੀ ਸਨਮਾਨ ਦਿੱਤਾ ਹੈ।ਉਸ ਦੇ ਕੋਚ ਬਿਸ਼ਵੇਸ਼ਵਰ ਨੰਦੀ ਨੂੰ ਵੀ ਭਾਰਤ ਸਰਕਾਰ ਨੇ ਦ੍ਰੋਣਾਚਾਰੀਆ ਐਵਾਰਡ ਦੇਣ ਦਾ ਫੈਸਲਾ ਕੀਤਾ ਹੈ।ਦੀਪਾ ਨੇ ਵੀ ਦੇਸ਼ਵਾਸੀਆਂ ਨਾਲ ਵਾਇਦਾ ਕੀਤਾ ਹੈ ਕਿ ਉਹ ਅਗਲੀਆਂ ਓਲੰਪਿਕਸ ਵਿੱਚ ਜ਼ਰੂਰ ਤਮਗਾ ਲੈ ਕੇ ਆਇਗੀ। ਪਰਮਾਤਮਾ ਉਸ ਨੂੰ ਸਮਰਥਾ ਤੇ ਤੰਦਰੁਸਤੀ ਬਖਸ਼ੇ।

## ਵਿਸ਼ਵ ਦੇ ਮਹਾਂਨਾਇਕ ਖਿਡਾਰੀ

ਵਿਸ਼ਵ ਦੇ ਦੋ ਮਹਾਂਨਾਇਕ ਖਿਡਾਰੀ ਅਜਿਹੇ ਹਨ ਜਿਨ੍ਹਾਂ ਨੇ ਰੀਓ ਓਲੰਪਿਕਸ ਵਿੱਚ ਇਤਿਹਾਸ ਸਿਰਜ ਕੇ ਖੇਡਾਂ ਤੋਂ ਵਿਦਾਇਗੀ ਲੈਣ ਦਾ ਐਲਾਨ ਕਰ ਦਿੱਤਾ ਹੈ।ਇਹ ਹਰਮਨ ਪਿਆਰੇ ਖਿਡਾਰੀ ਹਨ-ਫਰਾਟਾ ਦੌੜਾਕ ਓਸੇਨ ਬੋਲਟ ਅਤੇ ਫਲਾਈਂਗ ਫਿਸ਼ ਮਾਈਕਲ ਫੈਲਪਸ।

**ਓਸੇਨ ਬੋਲਟ :**

ਖੇਡ ਜਗਤ ਵਿਚ ਲਾਈਟਨਿੰਗ ਬੋਲਟ ਵਜੋਂ ਪ੍ਰਸਿੱਧ ਓਸੇਨ ਬੋਲਟ ਨੇ ਰੀਓ ਓਲੰਪਿਕਸ ਵਿੱਚ ਤਿੰਨ ਦੌੜਾਂ ਦੇ ਸਾਰੇ ਸੋਨ ਤਮਗਿਆਂ ਦੀ ਹੈਟਟ੍ਰਿਕ ਬਣਾ ਕੇ ਪੂਰੇ ਵਿਸ਼ਵ ਵਿੱਚ ਤਰਥੱਲੀ ਮਚਾ ਦਿੱਤੀ ਹੈ।ਓਸੇਨ ਬੋਲਟ ਦਾ ਜਨਮ ਵੈਸਟ ਇੰਡੀਜ਼ ਟਾਪੂ ਸਮੂਹ ਦੇ ਬਹੁਤ ਛੋਟੇ ਜਿਹੇ ਦੇਸ਼ ਜਮਾਇਕਾ ਵਿੱਚ ਸਾਧਾਰਨ ਪਰਿਵਾਰ




ਵਿੱਚ 21 ਅਗਸਤ 1986 ਨੂੰ ਹੋਇਆ।ਉਸ ਦੇ ਪਿਤਾ ਅਜੇ ਵੀ ਸ਼ੇਰਵੁੱਡ ਕਾਟੈਂਟ ਵਿੱਚ ਕਰਿਆਨੇ ਦੀ ਦੁਕਾਨ ਕਰਦੇ ਹਨ।ਰਫਤਾਰ ਦੇ ਸੌਦਾਗਰ ਬੋਲਟ ਨੇ 17 ਸਾਲ ਦੀ ਉਮਰ ਵਿੱਚ ਪਹਿਲੀ ਵੇਰ ਏਥਨਜ਼ ਓਲੰਪਿਕਸ,2004 ਵਿੱਚ ਭਾਗ ਲਿਆ ਪਰੰਤੂ ਹੀਟ ਵਿੱਚ ਪੰਜਵੇਂ ਸਥਾਨ ਤੇ ਰਿਹਾ।ਬੋਲਟ ਦੇ ਕੋਚ ਗਲੈਂਨ ਮਿਲਜ਼ ਨੇ ਉਸ ਨੂੰ ਅਜਿਹਾ ਚੰਡਿਆ ਕਿ ਇਸ ਫਰਾਟਾ ਕਿੰਗ ਨੇ ਅਗਲੀਆਂ ਤਿੰਨ ਓਲੰਪਿਕਸ ਵਿੱਚ 100 ਮੀਟਰ,200 ਮੀਟਰ ਅਤੇ 4x400 ਮੀਟਰ ਦੌੜਾਂ ਦੇ ਮੁਕਾਬਲਿਆਂ ਵਿੱਚ ਕਿਸੇ ਨੂੰ ਲਾਗੇ ਖੰਘਣ ਨਹੀਂ ਦਿੱਤਾ।ਸਾਢੇ ਛੇ ਫੁੱਟ ਉੱਚਾ ਬੋਲਟ 41 ਕਦਮਾਂ ਵਿੱਚ 100 ਮੀਟਰ ਦੌੜ ਪੂਰੀ ਕਰਦਾ ਹੈ।ਸੌ ਮੀਟਰ ਦੌੜ ਦੇ 30-70 ਮੀਟਰਾਂ ਵਿੱਚ ਤਾਂ ਉਹ ਗੋਲੀ ਵਾਂਗ ਦੌੜਦਾ ਹੈ।ਸਾਢੇ ਨੌਂ ਸੈਕਿੰਡ ਲਈ ਤਾਂ ਦਰਸ਼ਕ ਆਪਣਾ ਸਾਹ ਰੋਕ ਲੈਂਦੇ ਹਨ।ਇਸ ਅਗੰਮੀ ਦੌੜਾਕ ਨੇ ਖੇਡ ਵਿਗਿਆਨੀਆਂ ਦੀ ਇਸ ਗੱਲ ਨੂੰ ਵੀ ਝੁਠਲਾ ਦਿੱਤਾ ਹੈ ਕਿ ਏਨਾ ਤੇਜ਼ ਦੌੜਨ ਨਾਲ ਧਰਤੀ ਦੀ ਰਗੜ ਦੀ ਗਰਮੀ ਨਾਲ ਦੌੜਾਕ ਦੇ ਸੜ ਸਕਦੇ ਹਨ।ਇਹ ਵੀ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਜੇ ਕੋਈ ਦੌੜਾਕ ਇੱਕ ਵੇਰ ਵੀ ਪਿੱਛੇ ਦੇਖ ਲਵੇ ਤਾਂ ਉਹ ਕਦੇ ਦੌੜ ਨਹੀਂ ਜਿੱਤ ਸਕਦਾ।ਬੋਲਟ ਤਾਂ ਦੌੜਦੇ ਸਮੇਂ ਆਪਣੇ ਖੱਬੇ-ਸੱਜੇ ਦੇਖਦਾ ਹੀ ਰਹਿੰਦਾ ਹੈ।

ਓਸੇਨ ਬੋਲਟ ਦੌੜਾਂ ਵਿੱਚ 9 ਸੋਨ ਤਮਗੇ ਜਿੱਤਣ ਵਾਲਾ ਤੀਜਾ ਖਿਡਾਰੀ ਹੈ।ਉਸ ਤੋਂ ਪਹਿਲਾਂ 1920ਵਿਆਂ ਵਿੱਚ ਲੰਬੀਆਂ ਦੌੜਾਂ ਦੇ ਬਾਦਸ਼ਾਹ ਫਿਨਲੈਂਡ ਦੇ ਪਾਵੋਨੂਰਮੀ ਅਤੇ 1980ਵਿਆਂ ਵਿੱਚ ਅਮਰੀਕਾ ਦੇ ਦੌੜਾਕ ਕਾਰਲ ਲੂਈਸ ਨੇ 9-9 ਸੋਨ ਤਮਗੇ ਜਿੱਤੇ ਸਨ।ਓਸੇਨ ਦੂਜੇ ਦੋਵਾਂ ਨਾਲੋਂ ਇਸ ਕਰਕੇ ਵੱਖਰਾ ਹੈ ਕਿ ਉਸ ਨੇ ਤਿੰਨ ਓਲੰਪਿਕਸ ਵਿੱਚ ਲਗਾਤਾਰ 3-3 ਸੋਨ ਤਮਗੇ ਜਿੱਤ ਕੇ ਹੈਟਟ੍ਰਿਕ ਬਣਾਈ ਹੈ।ਤੀਹ ਸਾਲਾ ਫਰਾਟਾ ਦੌੜਾਂ ਦਾ ਬਾਦਸ਼ਾਹ,ਬੋਲਟ ਵਿਸ਼ਵ ਚੈਂਪੀਅਨਸ਼ਿਪ ਦਾ ਵੀ ਸੋਨ ਤਮਗਾ ਹੈਟਟ੍ਰਿਕ ਦੌੜਾਕ ਹੈ।ਓਸੇਨ ਬੋਲਟ ਨੇ ਐਲਾਨ ਕੀਤਾ ਹੈ ਕਿ 2017 ਵਿੱਚ ਹੋਣ ਵਾਲੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਉਸ ਦੀ ਆਖਰੀ ਦੌੜ ਹੋਵੇਗੀ।ਉਸ ਦੀ ਹੈਟਟ੍ਰਿਕ ਦੌੜਾਕਾਂ ਲਈ ਵੰਗਾਰ ਬਣੀ ਰਹੇਗੀ।ਪਤਾ ਨਹੀਂ ਕਦੋਂ ਕੋਈ ਦੌੜਾਕ ਉਸ ਦੇ ਰਿਕਾਰਡ ਨੂੰ ਤੋੜੇਗਾ।ਇਹ ਹੋਵੇਗਾ ਵੀ ਜਾਂ ਨਹੀਂ ਸਮਾਂ ਹੀ ਦੱਸੇਗਾ।

**ਮਾਈਕਲ ਫੈਲਪਸ :**

ਅਮਰੀਕਾ ਦੇ ਤੈਰਾਕ ਮਾਈਕਲ ਫਰੈਡ ਫੈਲਪਸ ਨੇ 2001 ਤੋਂ 2016 ਤੱਕ ਵਿਸ਼ਵ ਖੇਡਾਂ ਦੇ ਤੈਰਾਕੀ ਮੁਕਾਬਲਿਆਂ ਵਿੱਚ 83 ਮੈਡਲਾਂ ਦਾ ਬੋਹਲ ਬਣਾ ਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ।ਉਸ ਨੇ ਪੰਜ ਓਲੰਪਿਕਸ ਵਿੱਚ ਤੈਰਾਕੀ ਦੇ 23 ਸੋਨ,3 ਚਾਂਦੀ ਤੇ 2 ਕਾਂਸੀ ਤਮਗੇ ਜਿੱਤ ਕੇ ਵਿਸ਼ਵ ਦਾ ਬਿਹਤਰੀਨ ਖਿਡਾਰੀ ਹੋਣ ਦਾ ਮਾਣ



ਹਾਸਿਲ ਕੀਤਾ ਹੈ।ਅਮਰੀਕਾ ਦੇ ਸ਼ਹਿਰ ਬਾਲਟੀਮੋਰ ਨੇੜੇ ਟਾਊਸਨ ਮੇਰੀਲੈਂਡ ਵਿੱਚ 30 ਜੂਨ,1985 ਨੂੰ ਇੱਕ ਫੁੱਟਬਾਲ ਖਿਡਾਰੀ ਦੇ ਘਰ ਜਨਮੇ ਫੈਲਪਸ ਨੂੰ ਪਿਤਾ ਦਾ ਪਿਆਰ 9 ਸਾਲ ਹੀ ਮਿਲਿਆ।ਮਿਡਲ ਸਕੂਲ ਦੀ ਮੁਖੀ ਮਾਤਾ ਨੇ ਹੀ ਉਸ ਦੀ ਪਾਲਣਾ ਕੀਤੀ।ਬਚਪਨ ਵਿੱਚ ਹੀ ਉਸ ਨੂੰ ਅਟੈਂਸ਼ਨ ਡੈਫਿਸ਼ਿਟ ਡਿਸਆਰਡਰ ਦੀ ਬਿਮਾਰੀ ਲੱਗ ਗਈ ਪਰੰਤੂ ਉਸ ਵਿੱਚ ਲੋਹੜੇ ਦੀ ਊਰਜਾ ਸੀ।ਡਾਕਟਰਾਂ ਨੇ ਉਸ ਨੂੰ ਤੈਰਾਕੀ ਕਰਨ ਦੀ ਸਲਾਹ ਦਿੱਤੀ ਤਾਂ ਉਸ ਨੂੰ ਸੱਤ ਸਾਲ ਦੀ ਉਮਰ ਵਿੱਚ ਹੀ ਪਾਣੀਆਂ 'ਚ ਉਤਾਰ ਦਿੱਤਾ ਗਿਆ।ਉਹ ਪਹਿਲਾ ਤੈਰਾਕ ਸੀ ਜਿਸ ਨੂੰ 15 ਸਾਲ ਦੀ ਉਮਰ ਵਿੱਚ ਹੀ ਅਮਰੀਕਾ ਨੇ ਸਿਡਨੀ ਓਲੰਪਿਕਸ 2002 ਦੇ ਤੈਰਾਕੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੀ ਟੀਮ ਵਿੱਚ ਸ਼ਾਮਿਲ ਕੀਤਾ।ਉਹ ਕੋਈ ਮੈਡਲ ਤਾਂ ਭਾਵੇਂ ਨਹੀਂ ਜਿੱਤ ਸਕਿਆ ਪਰ ਨਵੇਂ ਜੋਸ਼ ਨਾਲ ਭਰ ਗਿਆ।ਕੋਚ ਬੌਬ ਬਾਊਮੈਕ ਨੇ ਉਸ ਨੂੰ ਐਸਾ ਤਰਾਸ਼ਿਆ ਕਿ ਉਹ 15 ਸਾਲ ਤੇ 9 ਮਹੀਨੇ ਦੀ ਉਮਰ ਵਿੱਚ 200 ਮੀਟਰ ਬਟਰ ਫਲਾਈ ਤੈਰਾਕੀ ਮੁਕਾਬਲੇ ਦਾ ਨਵਾਂ ਰਿਕਾਰਡ ਬਣਾ ਕੇ ਵਿਸ਼ਵ ਚੈਂਪੀਅਨ ਬਣ ਗਿਆ।ਫਲਾਇੰਗ ਫਿਸ਼ ਵਜੋਂ ਪ੍ਰਸਿੱਧ ਇਹ ਕ੍ਰਿਸ਼ਮਈ ਤੈਰਾਕ 47.51 ਸੈਕਿੰਡ ਵਿੱਚ 100 ਮੀਟਰ,102.96 ਸੈਕਿੰਡ ਵਿੱਚ 200 ਮੀਟਰ ਅਤੇ 227.79 ਸੈਕਿੰਡ ਵਿੱਚ 400 ਮੀਟਰ ਪਾਣੀ ਨੂੰ ਗਾਹ ਦਿੰਦਾ ਹੈ।

ਬਾਕੀ ਸਫਾ 34 ਤੇ......

# ਪੂਰਿਆਂ ਨਾਲੋਂ ਅਧੂਰੇ ਚੰਗੇ

ਚਰਨਜੀਤ ਸਿੰਘ ਤੰਬੜ



ਬ੍ਰਾਜ਼ੀਲ ਦੇ ਸ਼ਹਿਰ ਰੀਓ ਡੀ ਜਨੇਰੀਓ ਵਿਖੇ 8 ਸਤੰਬਰ ਤੋਂ 18 ਸਤੰਬਰ 2016 ਤੱਕ ਹੋਈਆਂ 15ਵੀਆਂ ਪੈਰਾਓਲੰਪਿਕ (ਅੰਗਹੀਣਾਂ ਲਈਂ) ਖੇਡਾਂ ਵਿੱਚ ਭਾਰਤ ਦੇ 19 ਖਿਡਾਰੀਆਂ ਨੇ ਭਾਗ ਲਿਆ ਅਤੇ ਚਾਰ ਤਮਗੇ ਹਾਸਿਲ ਕੀਤੇ। ਇਸ ਨਾਲ ਪੈਰਾਲੰਪਿਕ ਖੇਡਾਂ ਵਿੱਚ ਭਾਰਤ ਦੇ ਤਮਗਿਆਂ ਦੀ ਕੁੱਲ ਗਿਣਤੀ 12 ਹੋ ਗਈ ਹੈ ਜਿਨ੍ਹਾਂ ਵਿੱਚ ਚਾਰ ਸੋਨੇ,ਚਾਰ ਚਾਂਦੀ ਅਤੇ ਚਾਰ ਕਾਂਸੀ ਦੇ ਤਮਗੇ ਸ਼ਾਮਿਲ ਹਨ। ਇਹ ਮਾਣਯੋਗ ਖਿਡਾਰੀ ਹਨ-ਤਾਮਿਲਨਾਡੂ ਦਾ ਹਾਈ ਜੰਪਰ ਥਾਂਗਾਵੇਲੂ ਮਰੀਅੱਪਨ,ਹਰਿਆਣਾ ਦੀ ਗੋਲਾ ਸੁਟਾਵੀ ਦੀਪਾ ਮਲਿਕ,ਹਾਈ ਜੰਪਰ ਵਰੁਣ ਭਾਟੀ ਅਤੇ ਰਾਜਿਸਥਾਨ ਦਾ ਦੇਵੇਂਦਰ ਝਾਝੜੀਆ।

**ਥਾਂਗਾਵੇਲੂ ਮਰੀਅੱਪਨ :**

ਤਾਮਿਲਨਾਡੂ ਸੂਬੇ ਦੇ ਸੇਲਮ ਜ਼ਿਲ੍ਹੇ ਵਿੱਚ ਪਿੰਡ ਪੇਰੀਆਵਾਦਾਗਾਮ ਪੱਟੀ ਦੇ ਇਸ 21 ਸਾਲਾ ਐਥਲੀਟ ਨੇ ਪੁਰਸ਼ਾਂ ਦੇ ਟੀ-42 ਹਾਈ ਜੰਪ ਮੁਕਾਬਲੇ ਵਿੱਚ 1.89 ਮੀਟਰ ਉੱਚੀ ਛਾਲ ਮਾਰ ਕੇ ਸੋਨ ਤਮਗਾ ਜਿੱਤਿਆ ਹੈ। ਮਰੀਅਨ ਇੱਕ ਅਤਿ ਦੇ ਗਰੀਬ ਪਰਿਵਾਰ ਦਾ ਹੈ ਜਿਸ ਦੇ ਪਿਤਾ ਦਾ ਇੱਕ ਦਹਾਕਾ ਪਹਿਲਾਂ ਦੇਹਾਂਤ ਹੋ ਗਿਆ ਸੀ ਅਤੇ ਉਸ ਦੀ ਮਾਂ ਸਰੋਜਾ ਸਾਈਕਲ ਤੇ ਸਬਜ਼ੀਆਂ ਵੇਚਦੀ ਹੈ। ਉਹ ਅਜੇ ਪੰਜ ਸਾਲ ਦਾ ਹੀ ਸੀ ਕਿ ਇੱਕ ਬੱਸ ਹੇਠ ਆ ਜਾਣ ਨਾਲ ਉਸ ਦਾ ਪੈਰ ਪੂਰੀ ਤਰਾਂ ਬੇਕਾਰ ਹੋ ਗਿਆ। ਉਸ ਦੀ ਮਾਂ ਨੇ ਇਲਾਜ ਲਈ ਬੈਂਕ ਤੋਂ ਤਿੰਨ ਲੱਖ ਰੁਪਏ ਕਰਜ਼ਾ ਲਿਆ ਜੋ ਅਜੇ ਤੱਕ ਵੀ ਵਾਪਿਸ ਨਹੀਂ ਕੀਤਾ ਜਾ ਸਕਿਆ। ਉਸ ਦਾ ਪਰਿਵਾਰ 500 ਰੁਪਏ ਮਾਸਿਕ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਮਰੀਅਨ ਬਿਜ਼ਨਸ ਐਡਮਨਿਟਰੈਸ਼ਨ ਦਾ ਗ੍ਰੈਜੂਏਟ ਹੈ ਅਤੇ ਅਜੇ ਬੇਰੁਜ਼ਗਾਰ ਹੈ। ਉਸ ਨੇ ਸਕੂਲ ਅਤੇ ਕਾਲਜ ਪੱਧਰ ਦੇ ਕਈ ਤਮਗੇ ਜਿੱਤੇ ਹੋਏ ਹਨ।

**ਦੀਪਾ ਮਲਿਕ :**

ਹਰਿਆਣਾ ਸੂਬੇ ਦੇ ਸੋਨੀਪਤ ਜ਼ਿਲ੍ਹੇ ਦੀ ਇਸ 45 ਸਾਲਾ ਐਥਲੀਟ ਨੇ ਐਫ-53 ਸ਼ਾਟਪੁੱਟ ਮਹਿਲਾ ਮੁਕਾਬਲੇ ਵਿੱਚ 4.61 ਮੀਟਰ ਦੂਰ ਗੋਲਾ ਸੁੱਟ ਕੇ ਚਾਂਦੀ ਦਾ ਤਮਗਾ ਜਿੱਤ ਕੇ ਇਤਿਹਾਸ ਸਿਰਜਿਆ ਹੈ। ਉਹ ਪੈਰਾਓਲੰਪਿਕ ਖੇਡਾਂ ਵਿੱਚ ਤਮਗਾ ਜਿੱਤਣ ਵਾਲੀ ਪਹਿਲੀ ਮਹਿਲਾ ਐਥਲੀਟ ਹੈ। ਸਾਲ 1999 ਵਿੱਚ ਰੀੜ੍ਹ ਦੀ ਹੱਡੀ ਵਿੱਚ ਟਿਊਮਰ ਹੋਣ ਬਾਅਦ ਦੀਪਾ ਵ੍ਹੀਲ ਚੇਅਰ ਤੇ ਹੀ ਹੈ।

**ਵਰੁਣ ਭਾਟੀ-:**

ਬਚਪਨ ਤੋਂ ਹੀ ਪੋਲੀਆ ਦੇ ਸ਼ਿਕਾਰ ਇਸ ਖਿਡਾਰੀ ਨੇ ਹਾਈ ਜੰਪ ਟੀ-42 ਮੁਕਾਬਲੇ ਵਿੱਚ 1.86 ਮੀਟਰ ਉੱਚੀ ਛਾਲ ਮਾਰ ਕੇ ਤਾਂਬੇ ਦਾ ਤਮਗਾ ਜਿਤਿਆ ਹੈ। ਭਾਟੀ 2014 ਚਾਈਨਾ ਓਪਨ ਐਥਲੈਟਿਕਸ ਚੈਂਪੀਅਨਸ਼ਿਪ ਦਾ ਸੋਨ ਤਮਗਾ ਜੇਤੂ ਹੈ।

ਦੇਵੇਂਦਰ ਝਾਝੜੀਆ-ਇਸ 36 ਸਾਲਾ ਖਿਡਾਰੀ ਨੇ ਪੁਰਸ਼ਾਂ ਦੇ ਐਫ 46 ਜੈਵਲਿਨ ਥਰੋਅ ਮੁਕਾਬਲੇ ਵਿੱਚ 63.97 ਮੀਟਰ ਦੂਰ ਨੇਜ਼ਾ ਸੁੱਟ ਕੇ ਨਵਾਂ ਰਿਕਾਰਡ ਬਣਾ ਕੇ ਸੋਨ ਤਮਗਾ ਜਿੱਤਿਆ ਹੈ। ਉਹ ਪੈਰਾਲੰਪਿਕ ਖੇਡਾਂ ਵਿੱਚ ਦੋ ਸੋਨ ਤਮਗੇ ਜਿੱਤਣ ਵਾਲਾ ਪਹਿਲਾ ਖਿਡਾਰੀ ਹੈ। ਉਸ ਨੇ ਏਥਨਜ਼ ਪੈਰਾਲੰਪਿਕ ਖੇਡਾਂ 2004 ਵਿੱਚ ਵੀ ਸੋਨ ਤਮਗਾ ਜਿੱਤਿਆ ਸੀ। ਰਾਜਿਸਥਾਨ ਦੇ ਜ਼ਿਲ੍ਹਾ ਚੁਰੂ ਦੇ ਸਾਰਦੂਲਪੁਰ ਕਸਬੇ ਨਾਲ ਸਬੰਧਿਤ ਦੇਵੇਂਦਰ ਝਾਜੜੀਆ ਅੱਠ ਸਾਲ ਦੀ ਉਮਰ ਵਿੱਚ ਹੀ ਬਿਜਲੀ ਦੀਆਂ ਤਾਰਾਂ ਦੀ ਲਪੇਟ ਵਿੱਚ ਆ ਜਾਣ ਕਾਰਨ ਆਪਣਾ ਖੱਬਾ ਹੱਥ ਗੁਆ ਬੈਠਾ ਸੀ। ਇਸ ਦੇ ਬਾਵਜੂਦ ਉਸ ਨੇ ਹੌਸਲਾ ਨਹੀਂ ਹਾਰਿਆ। ਖੇਡਾਂ ਦੇ ਖੇਤਰ ਵਿੱਚ ਵਰਣਨਯੋਗ ਸਫਲਤਾਵਾਂ ਲਈ ਉਸ ਨੂੰ 2004 ਵਿੱਚ ਅਰਜੁਨ ਐਵਾਰਡ ਅਤੇ 2012 ਵਿੱਚ ਪਦਮਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

ਇਹ ਵਰਣਨਯੋਗ ਹੈ ਕਿ ਇਸ ਤੋਂ ਕੁੱਝ ਦਿਨ ਪਹਿਲਾਂ ਸੰਪਨ ਹੋਈਆਂ 31ਵੀਆਂ ਰੀਓ ਓਲੰਪਿਕਸ ਖੇਡਾਂ ਵਿੱਚ ਭਾਰਤ ਦੇ 119 ਖਿਡਾਰੀਆਂ ਨੇ ਭਾਗ ਲਿਆ ਸੀ ਜਿਨ੍ਹਾਂ ਨੇ ਕੇਵਲ ਦੋ(ਇੱਕ ਚਾਂਦੀ ਤੇ ਇੱਕ ਤਾਂਬੇ ਦਾ)ਤਮਗੇ ਭਾਰਤ ਦੀ ਝੋਲੀ ਪਾਏ ਸਨ। ਹੈ ਨਾਹ !ਪੂਰਿਆਂ ਨਾਲੋਂ ਅਧੂਰੇ ਚੰਗੇ।

......ਸਫਾ 33 ਦੀ ਬਾਕੀ

ਦੁਨੀਆਂ ਦੇ ਇਤਿਹਾਸ ਵਿੱਚ ਉਹ ਹੀ ਅਜਿਹਾ ਖਿਡਾਰੀ ਹੈ ਜੋ 7 ਵੇਰ ਵਿਸ਼ਵ ਚੈਂਪੀਅਨ ਬਣਿਆ ਅਤੇ ਜਿਸ ਨੇ 39 ਵਰਲਡ ਰਿਕਾਰਡ ਤੋੜੇ ਹਨ। ਖੇਡ ਦੀ ਦੁਨੀਆਂ ਵਿੱਚ ਉਸ ਨੇ ਉਹ ਕੁੱਝ ਕਰ ਦਿਖਾਇਆ ਜਿਸ ਨੂੰ ਕੁਦਰਤ ਦਾ ਕੌਤਿਕ ਹੀ ਕਿਹਾ ਜਾ ਸਕਦਾ ਹੈ।

ਮਾਈਕਲ ਫੈਲਪਸ ਨੇ ਮਿਸ਼ੀਗਨ ਯੂਨੀਵਰਸਿਟੀ ਤੋਂ ਸਪੋਰਟਸ ਮਾਰਕਿਟਿੰਗ ਐਂਡ ਮੈਨੇਜਮੈਂਟ ਦਾ ਕੋਰਸ ਕੀਤਾ ਹੋਇਆ ਹੈ ਅਤੇ ਉਸ ਨੇ ਤੈਰਾਕੀ ਦੀਆਂ ਦੋ ਕਿਤਾਬਾਂ-'ਬਿਨੀਥ ਦੀ ਸਰਫਿਸ' ਤੇ 'ਨੋ ਲਿਮਿਟਸ: ਦੀ ਵਿੱਲ ਟੂ ਸਕਸੀਡ' ਵੀ ਲਿਖੀਆਂ ਹਨ। ਉਸ ਨੇ ਲੰਡਨ ਓਲੰਪਿਕਸ 2012 ਤੋਂ ਬਾਅਦ ਕਿਹਾ ਸੀ,"ਹੁਣ ਮੇਰਾ ਪੂਲ ਦੇ ਪਾਣੀਆਂ ਤੋਂ ਜੀਅ ਭਰ ਗਿਆ ਹੈ ਤੇ ਹੁਣ ਸਾਗਰਾਂ 'ਚ ਤੈਰਨ ਦਾ ਸੁਪਨਾ ਲੈ ਰਿਹਾ ਹਾਂ"। ਫਿਰ ਵੀ ਉਹ ਰੀਓ ਵਿੱਚ ਆ ਧਮਕਿਆ। ਭਾਵੇਂ ਫੈਲਪਸ ਨੇ ਤੈਰਾਕੀ ਤੋਂ ਵਿਦਾਈ ਐਲਾਨ ਕਰ ਦਿੱਤੀ ਹੈ ਪਰ ਕੀ ਪਤਾ ਸੱਤ ਪੱਤਣਾ ਦਾ ਇਹ ਤਾਰੂ ਫਿਰ ਇਰਾਦਾ ਬਦਲ ਲਵੇ ਤੇ ਟੋਕੀਓ ਓਲੰਪਿਕਸ ਵਿੱਚ ਨਵੇਂ ਰਿਕਾਰਡ ਬਣਾਉਣ ਲਈ ਫਿਰ ਆ ਬਹੁੜੇ।

## UBUNTU (HUMAN KINDNESS)

Adv. Baldev Singh



Glancing through the biography of Dr Nelson Mandela, ex-President of South Africa, I came across a gem, worth sharing with fellow members of Saini Education Trust and their noble donors, for supporting scholarships for the needy and under-privileged students;hence this article.

Dr Nelson Mandela is a renowned and well respected world-leader from South Africa who followed the Gandhian philosophy during the freedom fight for his country.

Dr Nelson Mandela is only the second foreigner(first one being Mr Khan Abdul Gafoor Khan who was also known as the Frontier Gandhi)to be awarded the highest civilian award of Bharat Ratan by The Republic of India,in the year 1990.

Dr Mandela toiled hard and spent 27 years of his life in jail, to win the freedom for his country. The journey from prison-to-president ship of his country is unique and very much true in his case. He became, directly, the president of South Africa, from a prisoner, in May 1994.

While pondering over the great biography, I recollected a small portion of an Urdu poem about a crow that beautifully described the crow's virtues. It was learnt through my respected teacher Mr. Ram Nath Ji around seventy years ago when I was a primary school student of the Public Hindu High school, Ropar (now DAV Higher Secondary school, Rupnagar).

The central theme of the poem is as follows:

Loosely translated - a crow is a black bird with a black beak and black feathers. Otherwise, it is greedy person and devours everything no matter good or bad. But, it hasone very unique quality/ habit of fellowship such that whenever or where ever he discovers or finds something new, no matter how small,he invites every one, for sharing in the feast,by crowing loudly and thus calling his friends/fellow beings.

Now a similar-themed but equally unique story narrated from the literature of Dr Mandela's biography is about the study of the human-behaviour in the social and collective reaction in a particular environment in South Africa as was carried out by an Anthropologist. The person or social-scientist who deals in the matters connected with social-behaviour of individual as well as a group under some created conditions is known as an Anthropologist. This person determines the overall reaction of a community or tribe by carrying out some experiments on groups of persons. For this purpose an Anthropologist carried out the following experiment in a village in South Africa near the home-town of Dr Mandela.

He gathered about ten children to participate in a racing-game and told them that the winner will get the prize. There was only one prize for the person that who would win the race and would come first amongst all. He asked the children to stand side-by-side in a single line and be ready for the race. He kept a basket full of sweets by way of a prize, at a distance of about a hundred metres from the starting point of the race.

The Anthropologist again verified with the children for their readiness and also about the understanding of the rules of the race-event. The children confirmed their readiness for the event.

Now, the Anthropologist said "Ready-Steady-and-GO!"At the word "Go!" the children caughthold of each-other's hand and ran as a SINGLE-GROUP to reach their destination together and to target the basketfull

of sweets simultaneously. They all were first and no one was in the second or in the third place. Hence they distributed sweets equally amongst themselves, blissfully enjoying them together!

The Anthropologist was stunned by the result of the game! He asked the children why they did not run independently to obtain the individual prize. All of them yelled in unison "UBUNTU!" "UBUNTU!"

Ubuntu is a South African word and very much linked to their tribal culture. It nearly means 'Human-Kindness'. The children asked the Anthropologist that how can one be happy when others near him/her are sad?!

This culture of share-and-care comes from a little sacrifice that the small children demonstrated to obtaining a large overall happiness. The same care-and-share is shown by a crow for its other birds. It is enlightening that human kindness and love (pyaar bhari insaniyat) gives onea lasting, and overall happiness.

A person with a kind heart can't himself enjoy if he/ she knows that his/ her neighbour is (e.g.) hungry. The habit of care-and-share for one's fellow-beings gives one a peace of mind.

Dr Mandela continued efforts to employ the concept of UBUNTU for the development of his country.

This is not new to us as it was widely practiced by the SikhGurus. Theguiding tenets of Sikhism are "KiratKarnaa" "Waand Chhakanaa", and "Naam Japnaa". The second tenet is nothing but care-and-share with others.

Saini Bhawan Ropar's members and donors are already following this principle by supporting variousneedy persons of the community in imparting free technical-training/skill and in awarding scholarships for needy students to attain higher education.

We should bestow the maximum milk of human kindness and compassion in furtherance of common good of our community, and overall prosperity of our country whereby it travels even beyond the Saini Community.

We hope this article not only preserves but also enhances the flow of the milk of human kindness in Saini Bhawan, Ropar towards presenting equal opportunities of develop--ment to all sections in our society.

-Mumbai

## OUR GALLANTRY HEROES

Historian, Sir John Maynard estimated that (in world wars) the contribution of the Sikh community in men and material was ten times that of any other community of India. Of the 22 Military Crosses awarded for conspicuous gallantry to Indians , the Sikhs won 14.



Ishar Singh V C, the First Sikh V C winner is seen here(far right) marching through Whitehall with three other highly decorated Sikhs.Ishar Singh was in London for five months in 1936 as one of the Viceroy's Commissioned Officers selected to serve as the Orderly Officers to the King.

## My Trip To Sariska

*Vismaad Singh

On the weekend before Independence day, we went to Sariska with some friends. It took us five hours to reach sariska from Noida, via Gurgaon. The place where we stayed was Sariska Palace. It was a nice place and the rooms were nice. In the afternoon, after having lunch, we visited the Sariska tiger reserve. Though we didn't see any tiger, we saw many other animals, including peacocks and sambhurs. That night we took dinner and went to sleep. The next day,i.e.,14th August, we went to Alwar city. We wanted to visit the lake but, due to traffic jam we couldn't visit the lake. Then we went to a fort on the top of a hill, known as Dadigari Fort. Originally It was a Fort which has now been turned into a hotel. There we saw the greenest parts of Rajasthan. We had lunch there and tasted their own ice-cream. After that we played some T.T. and then returned to our hotel. There we had lot of fun. We did swimming, saw some Rajsthani folk dance. After seeing the dance, we had dinner, and went to sleep. The next day we came back home. We had lot of fun in Sariska and I recommend you to visit Sariska too.




*12 years of age ; grandson of Dr. Ajmer Singh



Miss Jasneet Pabla d/o S. Gurbir Pabla r/o Brampton, Canada, grand daughter of S. B.S. Pabla of Ropar who has been awarded bronze Medal for academic excellence in secondary school in Canada. Now she has got admission in a prestigious college (Canadian Kingsdom Queens University) of Canada.

## Heartiest Welcome to Mukesh Kumar Saini (Tanvar / Tambar)

It is a matter of pride for Saini Bradri that a highly qualified young man, Dr.Mukesh Kumar Saini has just joined as Assistant Professor in Indian Institute of Technology Rupnagar,a prestigious national institute in Northern India.He belongs to Jaipur, the Pink city and capital of Rajasthan. Saini, graduated in the subject of Computer Science and Technology from Rajasthan University, Jaipur in 2004 and did M.Tech from Indian Institute of Science(IISC) Banglore in 2006.The same year he got job as Design Engineer in LSI Logic Bangalore but in 2009 he shifted to Canada where he worked as Exchange Researcher in The University of Winnipeg. He then moved to Republic of Singapur in 2011 and got the degree of Ph.D.from National University Of Singapur(NUS) in 2012. Dr.Saini joined as Post-Doctoral Resercher first at NUS In September 2011 and then at The University of Ottawa(Canada) in May,2013.Now in 2016 he has been appointed in IIT Rupnagar.The administrators of Saini Bhawan Rupnagar feel emmense pleasure to welcome Dr.Saini to this historic city of Panjab.We all wish him success in the pious field of Education.



### A TRIBUTE TO SHAHEED KARTAR SINGH SARABHA

Sarabha! You came as a meteor to show us light,
When darkness of slavery hovered on all sides.
Your conscious felt hurt by taunts and chides,
here and there by a few arrogant white.

Late S. Hazara Singh (D.Lit.)

# ਐਟਲਾਂਟਿਕ ਨਾਇਕ-ਕੁਇਨ ਮੈਰੀ ਸ਼ਿੱਪ

ਦਵਿੰਦਰ ਸਿੰਘ



ਮਨੁੱਖ ਦੀ ਨਜ਼ਰ ਨੇ ਜਿੱਥੇ ਵੀ ਕੁਝ ਅਦਭੁੱਤ ਸੁੰਦਰ ਅਨੋਖਾ ਵੇਖਿਆ,ਉਸ ਦੀ ਕਲਪਨਾ ਕਰਦਿਆਂ ਜਦੋਂ ਉਸ ਵਿਚ ਬੁੱਧੀ ਨੂੰ ਮਿਲਾ ਕੇ ਕੁਝ ਖੋਜਿਆ ਤਾਂ ਨਵੀਆਂ ਕਾਢਾਂ ਨੂੰ ਜਨਮ ਦਿੱਤਾ, ਆਪਣੀ ਦੁਨੀਆ ਸੌਖੇਰੀ ਤੇ ਅਰਾਮਦਾਇਕ ਬਣਾ ਲਈ। ਇਸੇ ਵਿੱਚੋਂ ਮਨੁੱਖ ਨੇ ਅਕਾਸ਼ਾਂ ਵਿੱਚ ਉਡਾਰੀ ਮਾਰੀ।ਧਰਤੀ ਦੀਆਂ ਪੜਾਅ ਦਰ ਪੜਾਅ ਯਾਤਰਾਵਾਂ ਤੈ ਕਰਕੇ ਧਰਤੀ ਦੇ ਨਵੇਂ ਹਿੱਸੇ ਲੱਭੇ ਅਤੇ ਇਸੇ ਤਰ੍ਹਾਂ ਸਮੁੰਦਰ ਦੇ ਪਾਣੀਆਂ ਵਿੱਚ ਸਵਾਰੀ ਕਰਕੇ ਉਹਨਾਂ ਔਖੇ ਪੈਂਡਿਆਂ ਨੂੰ ਤੈ ਕਰਕੇ ਨਾ ਸਿਰਫ਼ ਆਪਣੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ, ਬਲਕਿ ਐਸ਼ੋ-ਆਰਾਮ ਦੀ ਜ਼ਿੰਦਗੀ ਜਿਉਣ ਦੀ ਤਲਾਸ਼ ਕੀਤੀ।

ਮਈ 2016 ਦੇ ਆਖਰੀ ਹਫਤੇ ਕੈਲੇਫੋਰਨੀਆ ਦੇ ਸ਼ਹਿਰ ਬੇਕਰਜ਼ਫੀਲਡ ਵਿੱਚ ਮੈਂ ਤੇ ਮੇਰੀ ਪਤਨੀ ਬੱਚਿਆਂ ਕੋਲ ਛੁੱਟੀਆਂ ਬਿਤਾਉਣ ਗਏ ਸਾਂ। ਹਮੇਸ਼ਾਂ ਦੀ ਤਰ੍ਹਾਂ ਇਸ ਵਾਰ ਵੀ ਉਹਨਾਂ ਦੀ ਇਹ ਪ੍ਰਬਲ ਇੱਛਾ ਸੀ ਕਿ ਸਾਡੇ ਲਈ ਖਾਣੇ ਦੇ ਮੇਜ਼ 'ਤੇ ਕੁੱਝ ਵੱਖਰਾ ਪਰੋਸਿਆ ਜਾਵੇ ਅਤੇ ਕੁਝ ਨਵੀਆਂ ਸੁੰਦਰ ਥਾਵਾਂ ਵੇਖੀਆਂ ਵਿਖਾਈਆਂ ਜਾਣ। ਉਨ੍ਹਾਂ ਦੀ ਤਜਵੀਜ਼ ਸੀ ਕਿ ਇਸ ਵਾਰ ਬੀਚ ਉੱਤੇ ਕੁਈਨ ਮੈਰੀ ਸ਼ਿਪ ਦੇ ਅੰਦਰ ਦੀ ਸੈਰ ਕੀਤੀ ਜਾਵੇ। ਕੁਈਨ ਮੈਰੀ ਸ਼ਿਪ ਆਪਣੇ ਸਮੇਂ ਦੀ ਖੂਬਸੂਰਤ ਵੱਡਅਕਾਰੀ ਤੇ ਤਾਕਤਵਰ ਸਮੁੰਦਰੀ ਵਾਹਨ ਸੀ,ਜਿਸ ਨੇ ਲੱਗਭੱਗ 1967 ਤੱਕ ਸਮੁੰਦਰ ਦੇ ਪਾਣੀਆਂ 'ਤੇ ਰਾਜ ਕੀਤਾ ਤੇ ਲਹਿਰਾਂ ਨਾਲ ਅਠਖੇਲੀਆਂ ਕਰਦਿਆਂ ਇੱਕ ਖਿੱਤੇ ਤੋਂ ਦੂਜੇ ਖਿੱਤੇ ਦੇ ਲੋਕਾਂ ਵਿੱਚ ਮੁਹੱਬਤ ਦਾ ਨਿੱਘਾ ਅਨੁਭਵ ਕਰਵਾਇਆ।ਜਿਹਾ ਕਿ ਉਹਨੂੰ ਲਾਂਚ ਕਰਨ ਸਮੇਂ ਕਿੰਗ ਜਾਰਜ ਪੰਜਵੇਂ ਨੇ ਕਿਹਾ ਕਿ ਇਹ ਦੁਨੀਆ ਵਿੱਚ ਆਪਣੇ ਗੁਣਾਂ ਸਦਕਾ ਵਿੱਲਖਣ ਪਹਿਚਾਣ ਬਣਾਵੇਗਾ ਅਤੇ ਦੇਸ਼ਾਂ ਵਿੱਚ ਮਹਾਨ ਪਾਣੀਆਂ ਵਿਚਲੇ ਸਫਰ ਰਾਹੀਂ ਦੋਸਤੀ ਦੀ ਭਾਵਨਾ ਫੈਲਾਏਗਾ। ਕੁਇਨ ਮੈਰੀ ਸ਼ਿਪ ਨੂੰ ਜਿਸ ਉਦੇਸ਼ ਨਾਲ ਸਮੁੰਦਰ ਵਿੱਚ ਠੇਲ੍ਹਿਆ ਗਿਆ ਸੀ,ਉਹਨੂੰ ਉਸ ਤੋਂ ਕਿਤੇ ਵੱਧ ਕਾਮਯਾਬੀ ਹਾਸਲ ਹੋਈ।

1930 ਵਿੱਚ ਜਦੋਂ ਸਕਾਟਲੈਂਡ ਦੀ ਕੰਪਨੀ ਦੇ ਮਾਲਕਾਂ ਨੇ ਕਿੰਗ ਜਾਰਜ ਨੂੰ ਬੇਨਤੀ ਕੀਤੀ ਕਿ ਅਸੀਂ ਇਸ ਦਾ ਨਾਂਅ ਉਹਨਾਂ ਦੀ ਦਾਦੀ ਮਹਾਰਾਣੀ ਵਿਕਟੋਰੀਆ ਦੇ ਨਾਂਅ 'ਤੇ ਰੱਖਣਾ ਚਾਹੁੰਦੇ ਹਾਂ ਤਾਂ ਬਾਦਸ਼ਾਹ ਨੇ ਸੁਝਾਅ ਦਿੱਤਾ ਕਿ ਜੇ ਤੁਸੀਂ ਇਹਦਾ ਨਾਂਅ ਮੇਰੀ ਜੀਵਨ ਸਾਥਣ ਦੇ ਨਾਂਅ 'ਤੇ ਰੱਖੋ ਤਾਂ ਉਹ ਬਹੁਤ ਖੁਸ਼ ਹੋਵੇਗੀ ।ਕੰਪਨੀ ਨੇ ਅਜਿਹਾ ਹੀ ਕੀਤਾ ਤੇ ਸ਼ਿਪ ਦਾ ਨਾਂਅ ਕੁਈਨ ਮੈਰੀ ਰੱਖਿਆ ਗਿਆ। ਕੁਝ ਸਾਲਾਂ ਬਾਅਦ ਮਈ 1936 ਵਿਚ ਇਹਨੂੰ ਸਾਊਥੈਂਪਟਨ ਤੋਂ ਸਮੁੰਦਰ ਦੇ ਪਾਣੀਆਂ ਹਵਾਲੇ ਕਰ ਦਿੱਤਾ ਗਿਆ। ਸਮੁੰਦਰੀ ਦੁਨੀਆ ਦੇ ਇਸ ਮਹਾਨ, ਖੂਬਸੂਰਤ, ਤਾਕਤਵਰ ਤੇ ਵੱਡਅਕਾਰੀ ਜਹਾਜ਼ ਵਿੱਚ ਪੰਜ ਨਿੱਕੇ-ਵੱਡੇ ਡਾਈਨਿੰਗ ਹਾਲ ਅਤੇ ਲੌਂਜ, ਦੋ ਕਾਕਟੇਲ ਬਾਰਾਂ , ਸਵਿਮਿੰਗ ਪੂਲ, ਬਾਥ ਰੂਮ, ਸੁਕਐਸ਼ ਕੋਰਟ, ਇਕ ਛੋਟਾ ਹਸਪਤਾਲ ਵਗੈਰਾ ਇੰਜ ਕਹੀਏ ਸਮੁੰਦਰੀ ਲੰਬੇ ਸਫਰ ਦੇ ਅਕੇਵੇਂ ਨੂੰ ਦੂਰ ਕਰਨ ਅਤੇ ਐਸ਼ੋ-ਆਰਾਮ ਦੀਆਂ ਜ਼ਰੂਰਤਾਂ ਦੇ ਸਭ ਸਾਧਨ ਮੁਹੱਈਆ ਕੀਤੇ ਗਏ ਸਨ। ਇਹੀ ਕਾਰਨ ਸੀ ਕਿ ਦੁਨੀਆ ਦੀਆਂ ਅਮੀਰ ਅਤੇ ਪ੍ਰਸਿੱਧ ਹਸਤੀਆਂ ਇਸ ਵਿੱਚ ਸਫਰ ਕਰਨਾ ਪਸੰਦ ਕਰਦੀਆਂ ਸਨ। ਇਹਨਾਂ ਵਿੱਚ ਵਿਨਸਟਨ ਚਰਚਲ, ਹਾਲੀਵੁੱਡ ਸਿਤਾਰੇ ਬਾਬ ਹੋਪ ਅਤੇ ਕਲਾਰਕ ਗੇਬਲ ਅਤੇ ਰਾਜੇ ਮਹਾਰਾਜੇ ਵਪਾਰੀ ਸ਼ਾਮਲ ਹਨ। ਕੁਝ ਹੀ ਸਮੇਂ ਵਿੱਚ ਕੁਈਨ ਮੈਰੀ ਸਮੁੰਦਰ ਦੇ ਪਾਣੀਆਂ 'ਤੇ ਰਾਜ ਕਰਨ ਦੇ ਨਾਲ-ਨਾਲ ਮੁਸਾਫਰਾਂ ਦੇ ਮਨਾਂ 'ਤੇ ਵੀ ਰਾਜ ਕਰਨ ਲੱਗ ਗਿਆ।



ਐਟਲਾਂਟਿਕ ਦਾ ਮਹਾਨ ਨਾਇਕ ਕੁਈਨ ਮੈਰੀ ਅਜੇ ਆਪਣੀਆਂ ਬੁਲੰਦੀਆਂ 'ਤੇ ਸੀ ਕਿ ਦੂਜੀ ਵੱਡੀ ਜੰਗ ਲੱਗ ਗਈ ਅਤੇ ਇਹ ਜੰਗੀ ਮੈਨੇਜਰਾਂ ਵੀ ਨਜ਼ਰ ਵਿੱਚ ਆ ਗਿਆ। ਸਮੁੰਦਰ ਦੇ ਪਾਣੀਆਂ ਵਰਗਾ ਨਿਰਮਲ ਇਹਦਾ ਵਾਤਾਵਰਨ ਜੰਗੀ ਮਾਹੌਲ ਵਿੱਚ ਬਦਲ ਗਿਆ। ਇਹਨੂੰ ਫੌਜੀਆਂ ਤੇ ਜੰਗੀ ਸਾਮਾਨ ਦੀ ਢੋਆ-ਢੁਆਈ ਲਈ ਵਰਤਿਆ ਜਾਣ ਲੱਗਿਆ। ਲੱਗਭੱਗ 7-8 ਸਾਲ ਬਾਅਦ ਇਹ ਦੁਬਾਰਾ 1947 ਵਿੱਚ ਆਪਣੀ ਮੁਸਾਫਰੀ ਜਾਹੋ-ਜਲਾਲ ਦੀ ਦੁਨੀਆ ਵਿਚ ਪਰਤ ਆਇਆ ਤੇ ਲਗਾਤਾਰ 20 ਸਾਲ ਇਹਨੇ ਮੁਸਾਫਰਾਂ ਦੀ ਖਿਦਮਤ ਕੀਤੀ। ਸਮਾਂ ਤੇਜ਼ੀ ਨਾਲ ਬਦਲਿਆ, ਹਵਾਈ ਜਹਾਜ਼ਾਂ ਦੀ ਗਿਣਤੀ ਅਕਾਸ਼ ਵਿੱਚ ਵਧਣ ਲੱਗੀ। ਉਹਨਾਂ ਦੀ ਰਫਤਾਰ ਤੇ ਸਮੇਂ ਦੀ ਬੱਚਤ ਨਾਲ ਮੁਸਾਫਰਾਂ ਨੂੰ ਸਮੁੰਦਰੀ ਜਹਾਜ਼ ਦਾ ਬਦਲ ਮਿਲ ਗਿਆ ਤੇ ਹਵਾਈ ਸਫਰ ਤਰਜੀਹੀ ਹੋ ਗਿਆ। ਇੰਜ ਕੁਈਨ ਮੈਰੀ ਦੀ ਰਿਟਾਇਰਮੈਂਟ ਦਾ ਸਮਾਂ ਆ ਗਿਆ ਤੇ 1967 ਵਿੱਚ ਉਹਨੇ ਸਦਾ ਲਈ ਕੈਲੇਫੋਰਨੀਆ ਦੀ ਲਾਂਗ ਬੀਚ ਵਿੱਚ ਪੈਸੇਫਿਕ ਦੇ ਪਾਣੀਆਂ ਦੀ ਹਿੱਕ ਉੱਤੇ ਇੱਕ ਫਲੋਟਿੰਗ ਹੋਟਲ ਦਾ ਰੂਪ ਧਾਰ ਲਿਆ। ਲੱਗਭੱਗ ਅੱਠ ਦਹਾਕਿਆਂ ਦਾ ਇਤਿਹਾਸ ਮਿੱਠੀਆਂ, ਨਿੱਘੀਆਂ ਤੇ ਜੰਗੀ ਸਮੇਂ ਦੀਆਂ ਕੁਸੈਲੀਆਂ ਯਾਦਾਂ ਸਾਂਭ ਕੁਈਨ ਮੈਰੀ ਸੈਲਾਨੀਆਂ ਦੀ ਸਿਤਾਰਾ ਹੋਟਲ ਦੀ ਭੁੱਖ ਪੂਰੀ ਕਰ ਰਿਹਾ ਹੈ। ਹਰ ਰੋਜ਼ ਸੈਂਕੜੇ ਸੈਲਾਨੀ ਦੂਰ-ਦੁਰਾਡੇ

ਤੋਂ ਇੱਥੇ ਇਤਿਹਾਸ ਤੇ ਐਸ਼ੋ-ਇਸ਼ਰਤ ਦੇ ਵਰਕੇ ਫਰੋਲਣ ਆਉਂਦੇ ਹਨ। ਪਾਣੀ ਦੀ ਸਤਾਹ ਤੋਂ ਉੱਪਰ ਸੈਂਕੜੇ ਰਹਿਣ ਕਮਰੇ, ਲੱਕੜ ਦੀ ਪੇਂਟਿੰਗ ਉੱਤੇ ਕਲਾ-ਕ੍ਰਿਤ ਇਹਦੀ ਖੂਬਸੂਰਤੀ ਨੂੰ ਵਧਾਉਂਦੇ ਹਨ। ਡਾਈਨਿੰਗ ਹਾਲ ਦੇ ਬਫਟ ਵਿੱਚ ਦਰਜਨਾਂ ਕਿਸਮ ਦੇ ਸੀ-ਫੂਡ ਤਰ੍ਹਾਂ ਤਰ੍ਹਾਂ ਦੇ ਮਨ ਲੁਭਾਉਂਦੇ ਮਹਿਕਾਂ ਛੱਡਵੇਂ ਖਾਣੇ ਹਲਕੀ ਵਾਈਨ ਨਾਲ ਅਕਾਸ਼ੀ ਹੁਲਾਰੇ ਦਿੰਦੇ ਹਨ। ਹਰ ਰੋਜ਼ ਗਾਈਡ ਸੈਲਾਨੀਆਂ ਨੂੰ ਸ਼ਿਪ ਦੇ ਹਰ ਹਿੱਸੇ ਦੀ ਸੈਰ ਕਰਾਉਂਦੇ ਹਨ ਅਸੀਂ ਕਾਂ ਆਲ੍ਹਣਾ ਜਿੱਥੇ ਖਲੋ ਕੇ ਦੋ ਸੀ ਮੈਨ ਸਮੁੰਦਰੀ ਸਫਰ ਦੇ ਖਤਰਿਆਂ ਨੂੰ ਅਗਾਊਂ ਅਨੁਭਵ ਕਰ ਸਕਦੇ ਹਨ, ਤੋਂ ਲੈ ਕੇ ਰੈਸਤੋਰਾਂ, ਲਾਈਫ ਬੋਟ-ਕੈਪਟਨ ਦਾ ਕੰਮ ਅਤੇ ਰਹਿਣ ਦਾ ਕਮਰਾ, ਹਸਪਤਾਲ, ਕਾਫੀ ਹਾਊਸ, ਸ਼ਾਪਿੰਗ ਸੈਂਟਰ ਸ਼ਾਇਦ ਬਾਅਦ ਵਿੱਚ ਬਣਾਈ ਵੈਡਿੰਗ ਪਲੇਸ ਖੁੱਲ੍ਹੇ ਆਸਮਾਨ ਵਿੱਚ ਪਾਰਟੀ ਪਲੇਸ ਆਦਿ ਦੇਖੇ।

ਸ਼ਾਮਾਂ ਪੈ ਗਈਆਂ ਸਨ। ਕੁਈਨ ਮੈਰੀ ਦੀ ਹੁਸੀਨ ਸਫਰੀ ਕਲਪਨਾ ਵਿੱਚ ਗੁਆਚ ਅਸੀਂ ਨੇੜੇ ਹੀ ਹਰਮੋਸ ਬੀਚ ਹਾਊਸ ਤੇ ਸਮੁੰਦਰ ਦੀ ਗੋਦ ਵਿੱਚ ਰਾਤ ਬਤੀਤ ਕਰਨ ਲਈ ਰਵਾਨਾ ਹੋ ਗਏ। ਜਿੱਥੇ ਖੂਬਸੂਰਤ ਮਨੁੱਖੀ ਕਿਰਤ ਕੁਈਨ ਮੈਰੀ ਦੇ ਪੌਣੀ ਸਦੀ ਇਤਿਹਾਸ ਦੀ ਸੁੰਦਰਤਾ ਨੂੰ ਨਿਹਾਰਦੇ ਰਹੇ।

-ਜਟਾਣਾ (ਰੂਪਨਗਰ)


....ਸਫਾ 13 ਦੀ ਬਾਕੀ

ਪੱਗੜੀਆਂ ਦੇ ਰੰਗ ਵੀ ਵੱਖ-ਵੱਖ ਹੁੰਦੇ ਹਨ। ਜਿਵੇਂ ਫ਼ੌਜੀ ਦੀ ਹਰੀ ਪੱਗੜੀ, ਏਅਰਫੋਰਸ ਦੀ ਨੀਲੀ, ਅਸਮਾਨੀ ਰੰਗ ਦੀ ਪੱਗੜੀ। ਪੁਲੀਸ ਦੀ ਖਾਕੀ (ਡਰ, ਕਹਿਰ, ਕੁਪੱਤ, ਕੁਸੱਤ) ਦੀ ਪ੍ਰਤੀਕ।ਸਿਆਸਤ ਵਿੱਚ ਚਿੱਟੀ-ਨੀਲੀ ਪੱਗ ਵਾਰ-ਵਾਰ ਰੰਗ ਬਦਲਦੀ ਹੈ। "ਦੋ ਸੰਸਾਰ ਜੰਗਾਂ ਦੌਰਾਨ 83005 ਪਗੜੀ ਬਾਹੀ ਸਿੱਖ ਫੌਜੀ ਸਹੀਦ ਹੋਏ ਅਤੇ 109045 ਜ਼ਖਮੀ ਹੋਏ। ਗੋਲੀਆਂ ਤੋਂ ਬਚਣ ਲਈ ਇਨ੍ਹਾਂ ਸਿੱਖ ਫੌਜੀਆਂ ਪਾਸ ਪੱਗ ਤੋਂ ਇਲਾਵਾ ਹੋਰ ਕੋਈ ਸੁਰੱਖਿਆ ਨਹੀਂ ਸੀ।"

ਭਾਈ ਗੁਰਦਾਸ ਜੀ ਨੇ ਆਪਣੀ ਇਕ ਰਚਨਾ ਵਿੱਚ ਲਿਖਿਆ ਹੈ ਕਿ ਜਦੋਂ ਪੱਗ-ਰਹਿਤ ਬੰਦਾ ਘਰ ਆਉਂਦਾ ਹੈ ਤਾਂ ਘਰ ਵਿੱਚ ਰੋਣ ਪਿੱਟਣ ਪੈ ਜਾਂਦਾ ਹੈ ਕਿ ਪਤਾ ਨਹੀਂ ਕੌਣ ਮਰ ਗਿਆ ਹੈ? ਪੱਗੜੀ ਨੂੰ ਮਾਯੂਸ ਲੋਕ ਆਤਮਾ ਹੱਤਿਆ ਲਈ ਵੀ ਵਰਤਦੇ ਹਨ। ਪਰੰਤੂ ਕਈ ਵਾਰ ਪਗੜੀ ਡੁੱਬਦੇ ਨੂੰ ਬਚਾਉਣ ਦੇ ਕੰਮ ਵੀ ਆਉਂਦੀ ਹੈ। ਪੱਗੜੀ ਭੀੜ ਵਿਚ ਵਿਲੱਖਣਤਾ ਬਖ਼ਸ਼ਦੀ ਹੈ। ਪੱਗੜੀ ਮਾਣ ਸਤਿਕਾਰ ਦੀ ਪ੍ਰਤੀਕ ਹੈ। ਸੁੱਚੇ ਸੱਚੇ ਮਨੁੱਖ ਦੀ ਪਛਾਣ ਵੀ ਪੱਗੜੀ ਹੀ ਹੈ। ਪੱਗੜੀ ਦੀ ਸ਼ਾਨ ਬਾਰੇ ਬਹੁਤ ਸੁੰਦਰ ਗੀਤ ਵੀ ਲਿਖੇ ਗਏ ਹਨ ਜਿਵੇਂ

ਕਿੰਜ ਚਿਣਦਾ ਸੋਹਣਿਆਂ, ਚਿਣਦਾ ਤੂੰ ਪੱਗੜੀ ਦੇ ਵਲ ਵੇ......

ਫੋਨ 9417802835 (ਰੂਪਨਗਰ)



ਗੀਤ

## ਧੀਆਂ ਵਾਲਿਓ

ਚਰਨਜੀਤ ਸਿੰਘ ਕਤਰਾ

ਧੀਆਂ ਵਾਲਿਉ ਆਓ ਸੱਜਣੋ,
ਆਪਾਂ ਧੀਆਂ ਨੂੰ ਸਮਝਾਈਏ,
ਛੋਟੀਆਂ ਛੋਟੀਆਂ ਤਕਰਾਰਾਂ ਤੋਂ,
ਨਾ ਐਵੇਂ ਕੋਈ ਗੱਲ ਵਧਾਈਏ।
ਨੂੰਹਾਂ ਨੂੰ ਧੀਆਂ ਸਮਝੋ, ਸਾਰੀ ਦੁਨੀਆਂ ਕਹਿੰਦੀ,
ਧੀ ਸਮਝ ਕੁੱਝ ਸਮਝਾਈਏ ਤਾਂ ਟੋਕਾ ਟਾਕੀ ਕਹਿੰਦੀ।
ਨੂੰਹ ਹੀ ਜਦੋਂ ਧੀ ਨੀ ਬਣਦੀ ਦੋਸ਼ ਕਿਸ ਤੇ ਫਿਰ ਲਾਈਏ,
ਧੀਆਂ ਵਾਲਿਉ.....................................
ਗੱਲ ਕਿਵੇਂ ਕਹਿਣੀ ਤੇ ਸਹਿਣੀ ਆਉਣੀ ਬਹੁਤ ਜ਼ਰੂਰੀ,
ਬਿਨ ਨਿਮਰਤਾ ਤੇ ਸਿਆਣਪ ਜ਼ਿੰਦਗੀ ਬਸ ਅਧੂਰੀ।
ਕ੍ਰੋਧ ਦੀ ਅਗਨੀ ਤੋਂ ਸੋਚੋ ਪਰਿਵਾਰ ਨੂੰ ਕਿਵੇਂ ਬਚਾਈਏ,
ਧੀਆਂ ਵਾਲਿਉ.....................................
ਨੂੰਹਾਂ ਤੋਂ ਕਈ ਡਰਦੇ ਮਾਰੇ ਉਚਾ ਸਾਹ ਨੀ ਕਢਦੇ,
ਕੇਸ ਦਹੇਜ ਦੇ ਡਰਾਵੇ ਤੋਂ ਉਹ ਸੁਪਨੇ ਵਿੱਚ ਵੀ ਡਰਦੇ।
ਇਹੋ ਜਿਹੇ ਹੱਥਕੰਡੇ ਸੱਜਣੋਂ ਵਰਤੋਂ ਵਿੱਚ ਨਾ ਲਿਆਈਏ,
ਧੀਆਂ ਵਾਲਿਉ.....................................
ਸਾਰੇ ਕਹਿੰਦੇ ਤਾੜੀ ਸਜਣੋਂ ਦੋ ਹੱਥਾਂ ਨਾਲ ਵਜਦੀ,
ਗਲਤੀ ਦੇ ਅਹਿਸਾਸ ਨਾਲ ਯਾਰੋ ਸਭ ਦੀ ਇੱਜ਼ਤ ਵਧਦੀ।
ਹੰਕਾਰ ਦੀ ਘੋੜੀ ਉੱਤੇ ਚੜ੍ਹ ਕੇ
ਵਿਪਤਾ ਵਿੱਚ ਨਾ ਫਸ ਜਾਈਏ,
ਧੀਆਂ ਵਾਲਿਉ.....................................
ਮੈਂ ਨੀ ਕਹਿੰਦਾ ਸਭ ਹਨ ਚੰਗੇ ਦੁੱਧ ਨਾਲ ਨੇ ਧੋਤੇ,
ਲਾਲਚ ਨਾਲ ਕਈ ਅੰਨ੍ਹੇ ਹੋਏ ਹੈਵਾਨੀਅਤ ਸੰਗ ਖਲੋਤੇ।
ਚੰਗੇ ਮੰਦੇ ਸਭ ਨੂੰ ਨਾ ਇੱਕੋ ਲਾਈਨ ਵਿੱਚ ਲਾਈਏ,
ਧੀਆਂ ਵਾਲਿਉ ...............

9876931529 ਸਹੌੜਾਂ

## ਰਾਜਨੀਤੀ

ਜਦੋਂ ਲੋਕ ਹੱਕਾਂ ਦੀ ਗੱਲ ਤੋਰਨ,
ਉਦੋਂ ਧਰਮ ਦਾ ਪੱਤਾ ਚਲਾ ਮੀਆਂ।
ਹਿੰਦੂ,ਸਿੱਖ ਤੇ ਮੁਸਲਮਾਨ ਨਾ ਹੋਣ 'ਕੱਠੇ,
ਕੋਈ ਏਦਾਂ ਦੀ ਜੁਗਤ ਬਣਾ ਮੀਆਂ।
ਸਦਾ ਸੱਤਾ ਰਹੇ ਤੇਰੇ ਹੀ ਹੱਥਾਂ 'ਚ,
ਕੋਈ ਏਦਾਂ ਦੀ ਬਣਤ ਬਣਾ ਮੀਆਂ।
ਚੋਣਾਂ ਵਿੱਚ ਜੇ ਜਿੱਤ ਬਣਾਉਣੀ ਯਕੀਨੀ,
ਇਨ੍ਹਾਂ ਵੋਟਰਾਂ ਨੂੰ ਨਸ਼ਿਆਂ'ਤੇ ਲਾ ਮੀਆਂ।

-(ਅਵਤਾਰ ਸਿੰਘ ਸੰਧੂ)

# ਸੈਣੀ ਐਥਲੀਟ ਵਿਰੁੱਧ ਉੱਚ ਪੱਧਰੀ ਸਾਜ਼ਿਸ਼

ਡਾ. ਮਲਕੀਅਤ ਸਿੰਘ
ਮਹਿਤਪੁਰ (ਉਲੱਦਣੀ)



ਏਸ਼ੀਅਨ ਚੈਂਪੀਅਨ ਐਥਲੀਟ ਇੰਦਰਜੀਤ ਸਿੰਘ (ਸੈਣੀ) ਪਿਛਲੇ ਸਾਲ ਰੀਓ ਓਲੰਪਿਕਸ ਲਈ ਕੁਆਲੀਫਾਈ ਹੋ ਜਾਣ ਤੇ ਬੇਫਿਕਰ ਤਿਆਰੀ ਵਿੱਚ ਰੁੱਝਿਆ ਹੋਇਆ ਸੀ। ਉਸ ਨੇ ਆਪਣੇ ਦੇਸ਼ ਲਈ ਤਮਗਾ ਜਿੱਤਣ ਦਾ ਦ੍ਰਿੜ੍ਹ ਨਿਸ਼ਚਾ ਕਰ ਰੱਖਿਆ ਸੀ। ਉਸ ਦੇ ਤਾਂ ਚਿੱਤ ਚੇਤੇ ਵਿੱਚ ਵੀ ਨਹੀਂ ਸੀ ਕਿ ਉਸ ਵਿਰੁੱਧ ਕੋਈ ਸਾਜਿਸ਼ ਰਚੀ ਜਾ ਰਹੀ ਹੈ। ਅਚਾਨਕ ਹੀ 26 ਜੁਲਾਈ ਨੂੰ ਉਸ ਨੂੰ ਦੱਸਿਆ ਗਿਆ ਕਿ ਉਸ ਦਾ ਡੋਪ ਟੈਸਟ ਪਾਜ਼ਿਟਿਵ ਪਾਇਆ ਗਿਆ ਹੈ। ਇੰਦਰਜੀਤ ਦਾ ਪ੍ਰਤਿਕਰਮ ਤੁਰੰਤ ਸੀ' ਇਹ ਮੇਰੇ ਖਿਲਾਫ਼ ਸਾਜਿਸ਼ ਹੈ। ...ਇਸ ਮੁਲਕ ਵਿੱਚ ਜੋ ਵੀ ਆਵਾਜ਼ ਉਠਾਉਣੀ ਚਾਹੁੰਦਾ ਹੈ ਉਹ ਦਾ ਮੂੰਹ ਬੰਦ ਕਰ ਦਿੱਤਾ ਜਾਂਦਾ ਹੈ'। ਫਿਰ 2 ਅਗਸਤ ਨੂੰ ਖਬਰ ਆਈ ਕਿ ਇਸ ਐਥਲੀਟ ਦਾ ਬੀ ਨਮੂਨਾ ਵੀ ਫੇਲ੍ਹ ਹੋ ਗਿਆ ਹੈ ਜਿਸ ਨਾਲ ਓਲੰਪਿਕਸ ਵਿੱਚ ਭਾਗ ਲੈਣ ਦੀਆਂ ਉਸ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ। ਇੰਦਰਜੀਤ ਨੇ ਦਾਹਵਾ ਕੀਤਾ ਹੈ ਕਿ ਉਸ ਦੇ ਨਮੂਨਿਆਂ ਨਾਲ ਛੇੜਛਾੜ ਕੀਤੀ ਗਈ ਹੈ। ਉਸ ਦਾ ਕਹਿਣਾ ਹੈ ਕਿ ਇੱਕ ਖਿਡਾਰੀ ਅਜਿਹੀ ਵਸਤੂ ਦਾ ਸੇਵਨ ਕਿਉਂ ਕਰੇਗਾ ਜਿਹੜੀ ਉਸ ਦੀ ਸਿਹਤ ਲਈ ਠੀਕ ਨਹੀਂ ਹੈ। ਨਾਲੇ ਹਰ ਅੰਤਰਰਾਸ਼ਟਰੀ ਖਿਡਾਰੀ ਨੂੰ ਜਦੋਂ ਇਹ ਪਤਾ ਹੈ ਕਿ ਉਸ ਦਾ ਡੋਪ ਟੈਸਟ ਹੋਣਾ ਹੈ ਤਾਂ ਭਲਾਂ ਉਹ ਵਰਜਿਤ ਨਸ਼ੀਲੀ ਚੀਜ਼ ਦੀ ਵਰਤੋਂ ਕਰਕੇ ਆਪਣੇ ਕਰੀਅਰ ਨੂੰ ਤਬਾਹ ਕਰਨ ਬਾਰੇ ਸੋਚ ਵੀ ਨਹੀਂ ਸਕਦਾ।



ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ(ਨਵਾਂਸ਼ਹਿਰ) ਵਿੱਚ ਪਿੰਡ ਮਹਿਤਪੁਰ(ਉਲੱਦਣੀ) ਦੇ ਸੈਣੀ ਪਰਿਵਾਰ ਵਿੱਚ ਸ.ਗੁਰਦਿਆਲ ਸਿੰਘ ਦੇ ਘਰ 19 ਅਪ੍ਰੈਲ 1988 ਨੂੰ ਜਨਮੇ ਇੰਦਰਜੀਤ ਸਿੰਘ ਨੇ ਆਪਣੇ ਪਿਤਾ ਦੀ 2007 ਵਿੱਚ ਮੌਤ ਹੋਣ ਨਾਲ ਪੈਦਾ ਹੋਏ ਮਾਲੀ ਸੰਕਟ ਦੇ ਬਾਵਜੂਦ ਆਪਣੀ ਮੰਜ਼ਿਲ ਵੱਲ ਵਧਣਾ ਜਾਰੀ ਰੱਖਿਆ। ਉਸ ਦਾ ਪਿਤਾ ਮੱਧ ਪ੍ਰਦੇਸ਼ ਦੇ ਸਿੰਗਰੌਲੀ ਸ਼ਹਿਰ ਵਿਖੇ ਨਦਰਨ ਕੋਲ ਫੀਲਡਜ਼ ਵਿੱਚ ਨੌਕਰੀ ਕਰਦਾ ਸੀ ਜਿਸ ਕਾਰਨ ਉਸ ਨੂੰ ਉਥੇ ਸ਼ਿਫਟ ਕਰਨਾ ਪਿਆ। ਉਸ ਨੇ ਕਾਲਿਜ ਅਤੇ ਯੂਨੀਵਰਸਿਟੀ ਪੱਧਰ ਤੋਂ ਹੀ ਗੋਲਾ ਸੁੱਟਣ (ਸ਼ਾਟ ਪੁੱਟ) ਦੀ ਖੇਡ ਵਿੱਚ ਭਾਗ ਲੈਂਦਿਆਂ ਇਨਾਮ ਲੈਣੇ ਸ਼ੁਰੂ ਕਰ ਦਿੱਤੇ। ਇੰਦਰਜੀਤ ਨੇ 2013 ਵਿੱਚ ਰੂਸ ਦੇ ਸ਼ਹਿਰ ਕਾਜ਼ਾਨ ਵਿਖੇ ਹੋਈਆਂ ਯੂਨੀਵਰਸਿਏਡ ਖੇਡਾਂ ਵਿੱਚ ਦੂਜੀ ਪੋਜ਼ੀਸ਼ਨ ਹਾਸਿਲ ਕੀਤੀ। ਉਸ ਨੇ ਸਾਲ 2014 ਵਿੱਚ ਸਾਊਥ ਕੋਰੀਆ ਦੇ ਸ਼ਹਿਰ ਇੰਕੀਓਨ ਵਿਖੇ ਆਯੋਜਿਤ ਏਸ਼ੀਅਨ ਗੇਮਾਂ ਵਿੱਚ ਤੀਜੀ ਪੋਜ਼ੀਸ਼ਨ,ਵੂਹਾਨ ਸ਼ਹਿਰ ਵਿੱਚ ਹੋਈ ਏਸ਼ੀਅਨ ਚੈਂਪੀਅਨ ਵਿੱਚ ਪਹਿਲੇ ਸਾਰੇ ਰਿਕਾਰਡ ਤੋੜਦਿਆਂ 20.41 ਮੀਟਰ ਤੱਕ ਗੋਲਾ ਸੁੱਟ ਕੇ ਪਹਿਲੀ ਪੋਜ਼ੀਸ਼ਨ ਅਤੇ ਇਸ ਸਾਲ ਹੀ ਬੈਂਕਾਕ ਵਿਖੇ ਹੋਈ ਏਸ਼ੀਅਨ ਗਰੈਂਡ ਪਰਿਕਸ ਐਥਲੇਟਿਕਸ ਦੇ ਸ਼ਾਟ ਪੁੱਟ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ। ਆਪਣੀਆਂ ਸਫਲਤਾਵਾਂ ਨੂੰ ਜਾਰੀ ਰੱਖਦਿਆਂ ਇੰਦਰਜੀਤ ਨੇ ਸਾਊਥ ਕੋਰੀਆ ਦੇ ਗਵਾਂਗਜੂ ਸ਼ਹਿਰ ਵਿੱਖੇ ਸਾਲ 2015 ਦੀਆਂ ਯੂਨੀਵਰਸਿਏਡ ਖੇਡਾਂ ਵਿੱਚ ਵੀ ਸੋਨ ਤਮਗਾ ਹਾਸਿਲ ਕੀਤਾ। ਉਸ ਨੇ ਓਲੰਪਿਕ ਖੇਡਾਂ ਦੀ ਤਿਆਰੀ ਵਜੋਂ ਟਾਰਗੈਟ ਓਲੰਪਿਕ ਪੋਡੀਅਮ(ਟੀ.ਓ.ਪੀ.)ਸਕੀਮ ਅਧੀਨ ਅਮਰੀਕਾ ਵਿੱਚ ਅਭਿਆਸ ਵੀ ਕੀਤਾ ਸੀ।

ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ, ਇੰਦਰਜੀਤ ਸਿੰਘ ਵਿਰੁੱਧ ਹੋਈ ਸਾਜ਼ਿਸ਼ ਦੀ ਉੱਚ ਪੱਧਰੀ ਜਾਂਚ ਦੀ ਮੰਗ ਕਰਦੇ ਹਨ।

## ਬਦਕਿਸਮਤੀ

ਸੈਣੀ ਬਰਾਦਰੀ ਦਾ ਹਾਕੀ ਓਲੰਪੀਅਨ ਧਰਮਵੀਰ ਸਿੰਘ ਆਪਣੀ ਪਿੱਠ ਦੀ ਦਰਦ ਕਾਰਨ ਰੀਓ ਓਲੰਪਿਕ ਵਿੱਚ ਆਪਣੀ ਖੇਡ ਦੇ ਜਲਬੇ ਵਿਖਾਉਣ ਤੋਂ ਵਾਂਝਾ ਰਹਿ ਗਿਆ। ਇਸ ਨਾਲ ਜਿੱਥੇ ਸੈਣੀ ਬਰਾਦਰੀ ਨੂੰ ਨਮੋਸ਼ੀ ਹੋਈ ਹੈ ਉਥੇ ਭਾਰਤੀ ਹਾਕੀ ਟੀਮ ਨੂੰ ਵੀ ਨੁਕਸਾਨ ਪੁੱਜਾ ਹੈ। ਇਹ ਉੱਭਰਵਾਂ ਖਿਡਾਰੀ ਰੂਪਨਗਰ ਸ਼ਹਿਰ ਦੀ ਹੱਦ ਅੰਦਰ ਪੈਂਦੇ ਪਿੰਡ ਖੈਰਾਬਾਦ ਦੇ ਸ. ਸੁਖਦੇਵ ਸਿੰਘ ਦਾ ਸਪੁੱਤਰ ਹੈ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਧਰਮਵੀਰ ਪ੍ਰਤਿ ਹਮਦਰਦੀ ਪ੍ਰਗਟ ਕਰਦੇ ਹਨ।

## ਬ੍ਰਹਮ ਵਿਚਾਰ

ਹੈ ਤੂਹੈ ਤੂ ਹੋਵਨਹਾਰ-ਮਹਲਾ-5
(ਗੁ.ਗ੍ਰੰ.ਸਾ.ਅੰਗ 724)

ਆਂਡਾ, ਮਾਂ ਵਿੱਚ ਹੈ। ਵੀਰਜ, ਬਾਪ ਵਿੱਚ ਹੈ।
ਬੱਚਾ, ਮਾਂ ਵਿੱਚ ਹੈ। ਬਾਲਕ,ਜਨਮਦਾ ਹੈ।
ਜਵਾਨ,ਹੁੰਦਾ ਹੈ। ਬੁੱਢਾ,ਹੁੰਦਾ ਹੈ।
ਮੁਰਦਾ,ਬਣਦਾ ਹੈ। ਖਾਕ,ਬਣਦਾ ਹੈ।
ਹੋਰ ਰੂਪ,ਧਾਰਦਾ ਹੈ। ਹੈ ਹਰ ਰੂਪ ਵਿੱਚ ਮੌਜੂਦ ਹੈ।
ਰੂਪ,ਪਰਿਵਰਤਨਸ਼ੀਲ ਹੈ। ਹੈ, ਅਪਰਵਰਤਨਸ਼ੀਲ ਹੈ।
ਹੈ,ਸੱਚ ਹੈ। ਹੈ, ਹੀ ਪਰਮਾਤਮਾ ਹੈ।
"ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ"
-ਮਹਲਾ-1 (ਗੁ.ਗ੍ਰੰ.ਸਾ.ਅੰਗ 1241)

ਰਾਜਨੀਤਿਕ ਵਿਅੰਗ

# ਇੰਟਰਵਿਊ

ਡਾ. ਅਜਮੇਰ ਸਿੰਘ



ਮਹਾਨ ਦੇਸ਼ ਦੇ ਇੱਕ ਸਿਰਕੱਢ ਸੂਬੇ ਦੇ ਸੀਨੀਅਰ ਮੰਤਰੀ ਅਜੇ 'ਆਪਣੇ ਲੋਕਾਂ'ਦੇ 'ਦਰਸ਼ਨ' ਕਰਕੇ ਗਦਗਦ ਹੋਏ ਅਗੰਮੀ ਆਨੰਦ ਮਹਿਸੂਸ ਕਰ ਹੀ ਰਹੇ ਸਨ ਕਿ ਪੱਤਰਪ੍ਰੇਰਕਾਂ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ।ਮੰਤਰੀ ਵੀ ਕੋਈ ਐਰੇ ਗੈਰੇ ਨੇਤਾ ਨਹੀਂ ਸਨ। ਉਨ੍ਹਾਂ ਦਾ ਚਾਲੀ ਸਾਲ ਦਾ ਲੋਕ-ਸੇਵਾ ਦਾ ਤਜਰਬਾ ਸੀ। ਐਹੋ ਜਿਹੇ ਹਜ਼ਾਰਾਂ ਪੱਤਰ-ਪ੍ਰੇਰਕਾਂ ਨਾਲ ਉਨ੍ਹਾਂ ਦਾ ਵਾਹ ਪਿਆ ਸੀ। ਮੰਤਰੀ ਜੀ ਤੁਰੰਤ ਆਪਣਾ ਮੂਡ ਬਦਲਦਿਆਂ ਬੋਲੇ,"ਆਓ ਜੀ! ਤੁਹਾਡਾ ਈ ਇੰਤਜ਼ਾਰ ਸੀ"। ਪੱਤਰਪ੍ਰੇਰਕਾਂ ਨੇ ਸੂਬੇ ਦੇ ਹਾਲਾਤ ਬਾਰੇ ਬੜੇ ਹੀ ਟੇਢੇ ਪ੍ਰਸ਼ਨ ਕੀਤੇ ਜਿਨ੍ਹਾਂ ਦੇ ਉੱਤਰ ਮੰਤਰੀ ਜੀ ਨੇ ਅਜਿਹੇ ਢੰਗ ਨਾਲ ਦਿੱਤੇ ਕਿ ਸੂਬੇ ਦੇ ਮਾੜੇ ਪ੍ਰਬੰਧ ਬਾਰੇ ਵਿਰੋਧੀਆਂ ਦੇ ਸਾਰੇ ਇਲਜ਼ਾਮ ਝੂਠੇ ਸਿੱਧ ਹੋ ਗਏ।ਇਸ ਗੱਲਬਾਤ ਦੇ ਕੁੱਝ ਅੰਸ਼ ਇੱਥੇ ਦਿੱਤੇ ਜਾ ਰਹੇ ਹਨ।

**ਪੱਤਰ ਪ੍ਰੇਰਕ** -ਸਰਕਾਰ ਦੇ ਵਿਤ ਵਿਭਾਗ ਦੇ ਅੰਕੜਿਆਂ ਅਨੁਸਾਰ ਸੂਬੇ ਸਿਰ ਕਰੋੜਾਂ ਰੁਪਏ ਦਾ ਕਰਜ਼ਾ ਹੈ ਜਿਸ ਦੇ ਵਿਆਜ ਦੀ ਕਿਸ਼ਤ ਅਦਾ ਕਰਨ ਲਈ ਵੀ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ।ਇਸ ਬਾਰੇ ਤੁਹਾਡਾ ਕੀ ਕਹਿਣਾ ਹੈ?

**ਮੰਤਰੀ ਜੀ**- ਹਰ ਸੂਬੇ ਨੂੰ ਵਿਕਾਸ ਕਾਰਜਾਂ ਲਈ ਕਰਜ਼ਾ ਲੈਣਾ ਪੈਂਦਾ ਹੈ।ਦੇਸ਼ ਦੇ ਇੱਕ ਹੋਰ ਸੂਬੇ ਦਾ ਕਰਜ਼ਾ ਸਾਡੇ ਨਾਲੋਂ ਵੀ ਵੱਧ ਹੈ।ਅਸੀਂ ਐਹੋ ਜਿਹੀਆਂ ਛੋਟੀਆਂ ਛੋਟੀਆਂ ਗੱਲਾਂ ਦੀ ਪ੍ਰਵਾਹ ਨਹੀਂ ਕਰਦੇ।ਤੁਹਾਡੇ ਸਾਹਮਣੇ ਅਸੀਂ ਤਾਂ'ਆਪਣੇ ਲੋਕਾਂ'ਨੂੰ ਧੜਾਧੜ ਪੈਸੇ ਵੰਡ ਰਹੇ ਹਾਂ,ਜਿਸ ਦੇ ਹਿਸਾਬ ਕਿਤਾਬ ਦੀ ਵੀ ਕੋਈ ਪ੍ਰਵਾਹ ਨਹੀਂ।ਨਾਲੇ ਇਹ ਕੰਮ ਤਾਂ ਮਹਿਕਮੇ ਦੇ ਅਫ਼ਸਰਾਂ ਦਾ ਆ।ਆਪੇ ਝੱਖ ਮਾਰੀ ਜਾਣਗੇ।ਤੁਹਾਨੂੰ ਹੋਰ ਵੀ ਦੱਸਾਂ,ਇਸ ਖਰਚੇ ਦੀ ਬਜਟ ਵਿੱਚ ਵੀ ਕੋਈ ਪ੍ਰੋਵਿਜ਼ਨ ਨਹੀਂ।ਅਸੀਂ ਕੋਈ ਰਾਜ ਥੋੜ੍ਹੇ ਈ ਕਰਦੇ ਹਾਂ,ਅਸੀਂ ਤਾਂ ਸੇਵਾ ਕਰਦੇ ਆਂ।ਪੈਸਾ ਵੀ ਲੋਕਾਂ ਦਾ ਤੇ ਕਰਜ਼ਾ ਵੀ ਲੋਕਾਂ ਸਿਰ।ਸਾਡਾ ਇਹ ਦੇ ਵਿੱਚ ਕੀ ਜਾਂਦਾ?

**ਪੱਤਰ ਪ੍ਰੇਰਕ**-ਮੰਤਰੀ ਜੀ!ਤੁਹਾਡੇ ਵਿਰੋਧੀ ਇਲਜ਼ਾਮ ਲਗਾਉਂਦੇ ਹਨ ਕਿ ਖਜ਼ਾਨਾ ਖਾਲੀ ਹੋਣ ਦੇ ਬਾਵਜੂਦ ਸਰਕਾਰ ਨੇ ਬਿਨਾਂ ਲੋੜ ਤੋਂ ਅਤੇ ਨਿਯਮਾਂ ਦੇ ਵਿਰੁੱਧ ਦਰਜਨਾਂ ਸੰਸਦੀ ਸਕੱਤਰ,ਸਲਾਹਕਾਰ ਤੇ ਕਾਰਪੋਰੇਸ਼ਨਾਂ/ਬੋਰਡਾਂ/ਕਮੇਟੀਆਂ ਦੇ ਚੇਅਰਮੈਨ ਲਗਾ ਰੱਖੇ ਹਨ ਜਿਨ੍ਹਾਂ ਪਾਸ ਕੋਈ ਕੰਮ ਨਹੀਂ।ਕੀ ਇਹ ਫ਼ਜ਼ੂਲ ਖਰਚੀ ਨਹੀਂ?

**ਮੰਤਰੀ ਜੀ**-ਵਿਰੋਧੀਆਂ ਦਾ ਕੰਮ ਹੈ ਸਰਕਾਰ ਦੇ ਹਰ ਕੰਮ ਦੀ ਨੁਕਤਾਚੀਨੀ ਕਰਨੀ।ਸਰਕਾਰ ਨੂੰ ਆਪਣਾ ਕੰਮ ਚਲਾਉਣ ਲਈ ਕਈ ਪਾਪੜ ਵੇਲਣੇ ਪੈਂਦੇ ਹਨ।ਸਾਰੇ ਕੰਮ ਨਿਯਮਾਂ ਅਨੁਸਾਰ ਹੀ ਨਹੀਂ ਹੁੰਦੇ।ਇਹ ਜਿਨ੍ਹਾਂ ਨੂੰ ਤੁਸੀਂ ਬੇਲੋੜੇ ਤੇ ਵਿਹਲੇ ਸਮਝਦੇ ਹੋ ਉਹ ਆਪਣੇ ਇਲਾਕੇ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਘਰ ਘਰ ਜਾ ਕੇ ਸਰਕਾਰ ਦੇ ਵਿਕਾਸ ਕੰਮਾਂ ਦਾ ਪ੍ਰਚਾਰ ਕਰਦੇ ਹਨ।ਲੋਕਾਂ ਦੀ ਯਾਦਾਸ਼ਤ ਬੜੀ ਕਮਜ਼ੋਰ ਹੁੰਦੀ ਹੈ।ਉਹ ਜਲਦੀ ਹੀ ਵਿਰੋਧੀਆਂ ਦੇ ਬਹਿਕਾਵੇ ਵਿੱਚ ਆ ਜਾਂਦੇ ਹਨ।ਇਸ ਲਈ ਰਾਜ ਕਰਦੀ ਪਾਰਟੀ ਨੂੰ ਹਰ ਵੇਲੇ ਚੇਤੰਨ ਰਹਿਣਾ ਪੈਂਦਾ ਹੈ।ਨਾਲੇ ਜੇ ਆਪਣੀ ਪਾਰਟੀ ਦੇ ਵੱਡੇ ਛੋਟੇ ਵਰਕਰਾਂ ਨੂੰ ਕੋਈ ਲਾਹੇ ਵਾਲੇ ਅਹੁਦੇ ਦੇ ਕੇ ਖੁਸ਼ ਨਾ ਕੀਤਾ ਜਾਵੇ ਤਾਂ ਉਹ ਵੀ ਬਾਗੀ ਹੋ ਕੇ ਵਿਰੋਧੀਆਂ ਦੀ ਬੋਲੀ ਬੋਲਣ ਲਗਦੇ ਹਨ।ਹਰ ਵਿਭਾਗ ਦੇ ਅਫ਼ਸਰਾਂ ਪਾਸੋਂ ਆਪਣੇ ਬੰਦਿਆਂ ਦੇ ਪੁੱਠੇ-ਸਿੱਧੇ ਕੰਮ ਕਰਵਾਉਣ ਲਈ ਵੀ ਅਹੁਦੇ ਬਖਸ਼ਣੇ ਜ਼ਰੂਰੀ ਹੁੰਦੇ ਹਨ।

**ਪੱਤਰ ਪ੍ਰੇਰਕ**-ਸੂਬੇ ਵਿੱਚ ਲੱਖਾਂ ਦੀ ਗਿਣਤੀ ਵਿੱਚ ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰ ਘੁੰਮਦੇ ਹਨ ਅਤੇ ਸਰਕਾਰੀ ਮਹਿਕਮਿਆਂ ਵਿੱਚ ਉਨ੍ਹਾਂ ਲਈ ਪੋਸਟਾਂ ਵੀ ਕਈ ਸਾਲਾਂ ਤੋਂ ਖਾਲੀ ਪਈਆਂ ਹਨ।ਨੌਜਵਾਨਾਂ ਨੂੰ ਨੌਕਰੀਆਂ ਕਿਉਂ ਨਹੀਂ ਦਿੱਤੀਆਂ ਜਾਂਦੀਆਂ?

**ਮੰਤਰੀ ਜੀ**-ਦੇਖੋ ਬਈ ਸਾਰਿਆਂ ਨੂੰ ਨੌਕਰੀਆਂ ਦੇਣੀਆਂ ਤਾਂ ਸੰਭਵ ਨਹੀਂ।ਹੁਣ ਅਸੀਂ ਭਰਤੀ ਸ਼ੁਰੂ ਤਾਂ ਕੀਤੀ ਹੈ ਪਰ ਕੀ ਕਰੀਏ ਏਜੰਟ ਨੌਕਰੀਆਂ ਦੀ ਬੋਲੀ ਕਰ ਲੈਂਦੇ ਹਨ।ਸਰਕਾਰ ਦੀ ਪੋਜ਼ੀਸ਼ਨ ਉਦੋਂ ਬਹੁਤ ਖਰਾਬ ਹੋ ਜਾਂਦੀ ਹੈ ਜਦੋਂ ਇਨਕੁਆਰੀ ਕਰਨ ਤੇ ਇਸ ਗੈਰਕਾਨੂੰਨੀ ਧੰਦੇ ਵਿੱਚ ਬਹੁਗਿਣਤੀ ਪਾਰਟੀ ਦੇ ਵਰਕਰਾਂ ਦੀ ਸ਼ਮੂਲੀਅਤ ਸਾਹਮਣੇ ਆ ਜਾਂਦੀ ਹੈ।ਇਹ ਕੰਮ ਤਾਂ ਸਹਿਜੇ ਸਹਿਜੇ ਚੱਲਦਾ ਰਹੇਗਾ ਪਰ ਅਸੀਂ ਨੌਜਵਾਨਾਂ ਨੂੰ ਆਹਰੇ ਲਾਉਣ ਲਈ ਮੁਫ਼ਤ ਧਾਰਮਿਕ ਯਾਤਰਾਵਾਂ ਵਿੱਚ ਉਨ੍ਹਾਂ ਲਈ ਸੀਟਾਂ ਰਿਜ਼ਰਵ ਕਰ ਦਿੱਤੀਆਂ ਹਨ। ਨਾਲੇ ਉਨ੍ਹਾਂ ਨੂੰ ਆਪਣੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣ ਲਈ ਯਾਦਗਾਰਾਂ ਸਥਾਪਿਤ ਕੀਤੀਆਂ ਹਨ।

**ਪੱਤਰ ਪ੍ਰੇਰਕ**-ਕੇਂਦਰ ਅਤੇ ਬਹੁਤੀਆਂ ਸੂਬਾ ਸਰਕਾਰਾਂ ਨੇ ਆਪਣੇ ਮੁਲਾਜ਼ਮਾਂ ਦੇ ਤਨਖਾਹ ਸਕੇਲ ਸੋਧ ਦਿੱਤੇ ਹਨ ਪਰ ਤੁਹਾਡੀ ਸਰਕਾਰ ਅਜੇ ਸੋਚ ਹੀ ਰਹੀ ਹੈ।ਇਸ ਬਾਰੇ ਤੁਹਾਡਾ ਕੀ ਕਹਿਣਾ ਹੈ?

**ਮੰਤਰੀ ਜੀ**-ਸਾਡੇ ਸੂਬੇ ਦੇ ਬਹੁਤੇ ਮੁਲਾਜ਼ਮਾਂ ਨੂੰ ਤਾਂ ਗਰੇਡ ਰਵਿਜ਼ਨ ਦੀ ਲੋੜ ਨਹੀਂ ਕਿਉਂਕਿ ਉਹ ਆਪਣਾ ਘਰ ਲੋਕਾਂ ਦੇ ਕੰਮ ਕਰਕੇ ਪੂਰਾ ਕਰ ਲੈਂਦੇ ਹਨ।ਅਸੀਂ ਉਨ੍ਹਾਂ ਦੇ ਇਸ ਕੰਮ ਵਿੱਚ ਬਹੁਤੀ ਦਖਲਅੰਦਾਜ਼ੀ ਨਹੀਂ ਕਰਦੇ।ਇਸ ਦੇ ਬਾਵਜੂਦ ਪਿਛਲੇ ਸਾਲ ਨਵਾਂ ਤਨਖਾਹ ਕਮਿਸ਼ਨ ਸਥਾਪਿਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਸੀ,ਇਸ ਸਾਲ ਇਸ ਦਾ ਚੇਅਰਮੈਨ ਲਗਾ ਦਿੱਤਾ ਹੈ ਅਤੇ ਅਗਲੇ ਸਾਲ ਮੈਂਬਰ ਲਗਾ ਦਿਆਂਗੇ ਤਾਂ ਜੋ ਸਮੇਂ ਸਿਰ ਰਿਪੋਰਟ ਤਿਆਰ ਹੋ ਸਕੇ।

**ਪੱਤਰ ਪ੍ਰੇਰਕ**-ਭਿੰਨ ਭਿੰਨ ਏਜੰਸੀਆਂ ਵਲੋਂ ਕੀਤੇ ਸਰਵੇ ਤੋਂ

ਪਤਾ ਲਗਦਾ ਹੈ ਕਿ ਸੂਬੇ ਵਿੱਚ ਬਹੁ ਗਿਣਤੀ ਨੌਜਵਾਨ ਨਸ਼ਿਆਂ ਦੇ ਆਦੀ ਹਨ। ਇਸ ਸਬੰਧ ਵਿੱਚ ਸਰਕਾਰ ਨੇ ਕੀ ਕੀਤਾ?

**ਮੰਤਰੀ ਜੀ**-ਇਹ ਸਾਰੇ ਸਰਵੇ ਸੂਬਾ ਸਰਕਾਰ ਨੂੰ ਬਦਨਾਮ ਕਰਨ ਲਈ ਵਿਰੋਧੀਆਂ ਨੇ ਕਰਵਾਏ ਹਨ।ਇਨ੍ਹਾਂ ਵਿੱਚ ਕੋਈ ਸਚਾਈ ਨਹੀਂ।ਸ਼ਰਾਬ ਤਾਂ ਸਟੇਟਸ ਸਿੰਬਲ ਹੈ।ਇਸ ਨੂੰ ਅਸੀਂ ਨਸ਼ਾ ਨਹੀਂ ਸਮਝਦੇ।ਸਰਕਾਰ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਲੋਕਾਂ ਨੂੰ ਸ਼ੁੱਧ ਤੇ ਵਧੀਆ ਸ਼ਰਾਬ ਸੌਖਿਆਂ ਹੀ ਉਪਲਭਧ ਕਰਵਾਉਣ ਲਈ ਸ਼ਰਾਬ ਦੇ ਹੋਰ ਕਾਰਖਾਨੇ ਲਗਾ ਦਿੱਤੇ ਹਨ ਅਤੇ ਹਰ ਪਿੰਡ ਅਤੇ ਸ਼ਹਿਰ ਦੇ ਮੁਹੱਲੇ ਵਿੱਚ ਸ਼ਰਾਬ ਦਾ ਠੇਕਾ ਖੋਲ੍ਹ ਦਿੱਤਾ ਹੈ।ਹੋਰ ਨਸ਼ੇ,ਵੱਡੇ ਵੱਡੇ ਸਮਗਲਰਾਂ ਰਾਹੀਂ ਦੂਜੇ ਦੇਸ਼ਾਂ ਅਤੇ ਰਾਜਾਂ ਤੋਂ ਆਉਂਦੇ ਹਨ ਜਿਨ੍ਹਾਂ ਨੂੰ ਪਕੜਨਾ ਸਾਡੇ ਵੱਸ ਦਾ ਰੋਗ ਨਹੀਂ।ਅਸੀਂ ਤਾਂ ਸਖਤਾਈ ਕਰਦਿਆਂ ਜੇ ਕਿਸੇ ਪਾਸੋਂ ਇੱਕ ਗ੍ਰਾਮ ਨਸ਼ਾ ਵੀ ਮਿਲਦਾ ਹੈ ਉਸ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਹੈ।

**ਪੱਤਰ ਪ੍ਰੇਰਕ**-ਅਖਬਾਰਾਂ ਦੀਆਂ ਖਬਰਾਂ ਤੋਂ ਪਤਾ ਲਗਦਾ ਹੈ ਕਿ ਹਰ ਰੋਜ਼ ਔਸਤਨ ਦੋ ਕਿਸਾਨ ਖੁਦਕੁਸ਼ੀ ਕਰ ਰਹੇ ਹਨ।ਇਸ ਦਾ ਕੀ ਕਾਰਨ ਹੈ?ਸਰਕਾਰ ਕੀ ਕਰ ਰਹੀ ਹੈ?


**ਮੰਤਰੀ ਜੀ**-ਐਵੇਂ ਰੌਲਾ ਜ਼ਿਆਦਾ।ਗੱਲ ਕੋਈ ਐਡੀ ਗੰਭੀਰ ਨਹੀਂ।ਇਨ੍ਹਾਂ ਵਿੱਚ ਬਹੁਤੇ ਤਾਂ ਕਮਜ਼ੋਰ ਦਿਲ ਵਾਲੇ ਕਿਸਾਨ ਹਨ ਜੋ ਆਪਣੇ ਘਰੇਲੂ ਝਗੜਿਆਂ ਤੋਂ ਘਬਰਾ ਕੇ ਖੁਦਕੁਸ਼ੀ ਕਰਦੇ ਹਨ।ਲੋਕਾਂ ਵਿੱਚ ਸਬਰ ਸੰਤੋਖ ਦੀ ਘਾਟ ਆ ਰਹੀ ਹੈ।ਇਸ ਲਈ ਲੋਕਾਂ ਵਿੱਚ ਧਾਰਮਿਕ ਭਾਵਨਾਵਾਂ ਪੈਦਾ ਕਰਨ ਲਈ ਸਾਡੀ ਸਰਕਾਰ ਨੇ ਤੀਰਥ ਯਾਤਰਾਵਾਂ ਆਰੰਭ ਕੀਤੀਆਂ ਹਨ।ਇਸ ਤੋਂ ਇਲਾਵਾ ਲੋਕਾਂ ਨੂੰ ਉਨ੍ਹਾਂ ਦੇ ਧਾਰਮਿਕ ਵਿਰਸੇ ਤੋਂ ਜਾਣੂ ਕਰਵਾਉਣ ਲਈ ਹਰ ਜਾਤ ਤੇ ਧਰਮ ਦੇ ਸ਼ਹੀਦਾਂ ਦੀਆਂ ਯਾਦਗਾਰਾਂ ਵੀ ਸਥਾਪਿਤ ਕੀਤੀਆਂ ਜਾ ਰਹੀਆਂ ਹਨ।ਇਸ ਦੇ ਨਾਲ ਹੀ ਖੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਸਾਡੀ ਕਿਸਾਨ-ਪੱਖੀ ਸਰਕਾਰ ਵਲੋਂ ਦੋ ਲੱਖ ਰੁਪਏ ਦਾ ਇਵਜ਼ਾਨਾ ਵੀ ਦਿੱਤਾ ਜਾਂਦਾ ਹੈ।

ਮੰਤਰੀ ਜੀ ਦੇ ਇਨ੍ਹਾਂ ਬੇਵਾਕ ਉੱਤਰਾਂ ਨੇ ਸਪਸ਼ਟ ਕਰ ਦਿੱਤਾ ਕਿ ਸਰਕਾਰ ਨੂੰ ਲੋਕਾਂ ਦੀ ਕਿੰਨੀ ਚਿੰਤਾ ਹੈ।ਪੱਤਰ ਪ੍ਰੇਰਕਾਂ ਨੂੰ ਹੁਣ ਹੋਰ ਪ੍ਰਸ਼ਨ ਪੁੱਛਣ ਦੀ ਲੋੜ ਨਹੀਂ ਜਾਪੀ। ਇਸ ਇੰਟਰਵਿਊ ਨੂੰ ਸੁਣ ਰਹੀ ਜੁਟੀ ਭੀੜ ਵਿੱਚ 'ਸਰਕਾਰ ਜ਼ਿੰਦਾਬਾਦ ਦੇ ਨਾਹਰੇ ਲੱਗਣ ਲਗੇ।

❊ ❊ ❊ ❊ ❊



ਸ. ਰੁਪਿੰਦਰ ਸਿੰਘ ਪੁੱਤਰ ਸ. ਰਣਜੀਤ ਸਿੰਘ ਲਾਂਬਾ, ਸ਼ਹੀਦ ਭਗਤ ਸਿੰਘ ਨਗਰ ਰੂਪਨਗਰ, ਜਿਸ ਨੇ ਰਾਮੇਂਸਕੋ (ਰੂਸ) ਵਿਖੇ ਸਤੰਬਰ 2016 ਵਿੱਚ ਹੋਈ ਵਰਲਡ ਯੂਨੀਵਰਸਟੀਜ਼, ਬੈਡਮਿੰਟਨ ਚੈਂਪੀਅਨਸ਼ਿਪ ਲਈ ਭਾਰਤੀ ਟੀਮ ਦੀ ਅਗਵਾਈ ਕੀਤੀ।



ਕਵਿਤਾ

## ਸੱਭਿਆਚਾਰ

ਬਲਵੰਤ ਸਿੰਘ ਸਨੇਹੀ

ਕਿੱਥੇ ਗਈਆਂ ਚਾਟੀਆਂ ਝੱਕਰੇ ਮਧਾਣੀਆਂ,
ਰੁੱਤ ਆਈ ਨਵੀ ਗੱਲਾਂ ਭੁੱਲੀਆਂ ਪੁਰਾਣੀਆਂ।
ਕਿੱਥੇ ਗਈਆਂ ਯਾਰੋ ਉਹ ਸੱਥਰਾਂ ਤੇ ਢਾਣੀਆਂ,
ਜਿਨ੍ਹਾਂ ਵਿੱਚ ਪੈਂਦੀਆਂ ਸੀ ਰੂਹ ਦੀਆਂ ਕਹਾਣੀਆਂ।
ਸੁਖ ਕਦੇ ਮਿਲਿਆ ਨਾ ਬਲਖ ਤੇ ਬੁਖਾਰੇ ਵਿੱਚ,
ਛੱਜੂ ਦੇ ਚੁਬਾਰੇ ਵਿੱਚ ਰੱਜ ਮੌਜਾਂ ਮਾਣੀਆਂ।
ਕਿੱਥੇ ਗਏ ਚਾਦਰੇ ਤੇ ਪੱਗਾਂ ਸਮ੍ਹਲੇ ਵਾਲੀਆਂ,
ਗੱਲਾਂ ਇਹ ਬੀਤੇ ਦੀਆਂ ਹੋਈਆਂ ਅਧਰਾਣੀਆਂ।
ਹਲਟ,ਟਿੰਡਾਂ,ਕੁੱਤਾ,ਬੂੜੀਆ ਤੇ ਗਾਧੀ ਉਹ,
ਜਿੱਥੇ ਬੈਠ ਮਿਰਜੇ ਦੀਆਂ ਹੇਕਾਂ ਅਸੀਂ ਲਾਣੀਆਂ।
ਲਾ ਲਏ ਪਾਪੂਲਰ,ਅਸਾਂ ਪਾਲ ਲਏ ਸਫੈਦੇ ਬਹੁਤ,
ਮੁੱਕ ਗਏ ਸ਼ਹਿਤੂਤ ਬੇਰ, ਕਿੱਕਰਾਂ ਦੀਆਂ ਟਾਹਣੀਆਂ।
ਅੱਜ ਦੇ ਜਮਾਨੇ ਦਾ ਅਜੀਬ ਵਰਤਾਰਾ ਹੋਇਆ,
ਵਧ ਗਏ ਮਸਲੇ ਹੁਣ ਉਲਝ ਗਈਆਂ ਤਾਣੀਆਂ।
ਰੱਬਾ!ਸਾਡੇ ਮੋੜ ਦੇ ਪਿਆਰ ਦੇ ਪੁਰਾਣੇ ਦਿਨ,
ਸਨੇਹੀ ਅਰਦਾਸ ਕੀਤੀ ਸੰਗ ਪੰਜਾਂ ਪਾਣੀਆਂ।

ਜਲੰਧਰ



## ਗੁਰੂ ਗੋਬਿੰਦ ਸਿੰਘ

- ਬਲਬੀਰ ਸਿੰਘ ਨੰਗਲ

ਅਨੰਤ ਤੇ ਅਥਾਹ – ਗੁਰੂ ਗੋਬਿੰਦ ਸਿੰਘ
ਮੀਰੇ ਸ਼ਹਿਨਸ਼ਾਹ – ਗੁਰੂ ਗੋਬਿੰਦ ਸਿੰਘ
ਆਪੇ ਗੁਰੂ, ਆਪੇ ਹੀ ਚੇਲਾ ਮਰਦ ਉਹ,
ਵਾਹੁ ਵਹੁ ਵਾਹ – ਗੁਰੂ ਗੋਬਿੰਦ ਸਿੰਘ
ਹਿੰਦੂ, ਮੁਸਲਿਮ, ਸਿੱਖ, ਇਸਾਈ, ਕਹਿਣ ਸਭ
ਸਾਡੇ ਆਲੀਜਾਹ – ਗੁਰੂ ਗੋਬਿੰਦ ਸਿੰਘ
ਆਖਿਆ ਐ ਸੈਣੀ ਭਾਈ ਨੰਦ ਲਾਲ
"ਬਰ ਦੋ ਆਲਮਸ਼ਾਹ" – ਗੁਰੂ ਗੋਬਿੰਦ ਸਿੰਘ

ਅਦਭੁੱਤ ਕੁਦਰਤ

# ਧਰਤੀ ਦਾ ਵਿਸ਼ਾਲ ਪਾੜ-ਗਰੈਂਡ ਕੈਨੀਆਨ Grand Canyon

ਡਾ. ਮਾਨਵਪ੍ਰੀਤ ਕੌਰ



ਪਹਾੜਾਂ ਵਿੱਚ ਮੀਂਹ ਅਤੇ ਬਰਫ਼ ਦਾ ਪਾਣੀ ਖੱਡਾਂ ਰਾਹੀਂ ਵਗ ਕੇ ਦਰਿਆਵਾਂ ਵਿੱਚ ਪੈਂਦਾ ਹੈ। ਦੁਨੀਆਂ ਵਿੱਚ ਹਜ਼ਾਰਾਂ ਹੀ ਅਜਿਹੀਆਂ ਖੱਡਾਂ ਹਨ। ਅਮਰੀਕਾ ਦੇ ਪੱਛਮ-ਦੱਖਣੀ ਸੂਬੇ, ਆਰੀਜੋਨਾ ਵਿੱਚ ਇੱਕ ਵਿਸ਼ਾਲ ਖੱਡ ਹੈ ਜੋ ਸਾਰੀਆਂ ਖੱਡਾਂ ਤੋਂ ਵੱਖਰੀ ਹੈ। ਇਹ 446 ਕਿਲੋਮੀਟਰ ਲੰਬੀ,6.4 ਤੋਂ 29 ਕਿਲੋਮੀਟਰ ਚੌੜੀ ਤੇ 1857 ਮੀਟਰ ਡੂੰਘੀ ਹੈ। ਇਸ ਦੇ ਦੋਵੇਂ ਕਿਨਾਰੇ ਲੰਬਾਕਾਰ ਅਤੇ ਤਿੱਖੇ ਹਨ ਜਿਸ ਕਾਰਨ ਇਸ ਨੂੰ ਪਾੜ ਕਹਿਣਾ ਜ਼ਿਆਦਾ ਠੀਕ ਹੈ। ਅਮਰੀਕਾ ਦੇ ਡੈਨਵਰੇ ਪ੍ਰਾਂਤ ਤੋਂ ਬਣ ਕੇ ਉਟਾਹ ਪ੍ਰਾਂਤ ਵਿੱਚੋਂ ਹੁੰਦਿਆਂ ਆਰੀਜੋਨਾ ਵਿੱਚੋਂ ਲੰਘ ਕੇ ਪ੍ਰਸ਼ਾਂਤ ਮਹਾਂਸਾਗਰ ਵਿੱਚ ਪੈਣ ਤੋਂ ਪਹਿਲਾਂ ਦਰਿਆ ਕੋਲੋਰਾਡੋ ਦਾ ਤੇਜ਼ ਗਤੀ ਪਾਣੀ ਪਠਾਰ ਦੀਆਂ ਚਟਾਨਾਂ ਨੂੰ ਚੀਰ ਕੇ ਲੰਘਦਾ ਹੈ। ਲੱਗਭੱਗ 1 ਕਰੋੜ,17 ਲੱਖ ਸਾਲਾਂ ਦੌਰਾਨ ਪਈ ਪਾਣੀ ਦੀ ਇਸ ਖਾਰ ਨਾਲ ਇਹ ਵਿਸ਼ਾਲ ਪਾੜ ਹੋਂਦ ਵਿੱਚ ਆਇਆ ਹੈ। ਇਸ ਲੰਬੇ ਸਮੇਂ ਦੌਰਾਨ ਧਰਤੀ ਅੰਦਰ ਹੋਈ ਉਥਲ-ਪੁਥਲ ਨਾਲ ਆਰੀਜੋਨਾ ਪਠਾਰ ਹੋਰ ਉੱਚਾ ਹੋ ਗਿਆ ਅਤੇ ਬਰਫ਼ ਯੁੱਗ ਦੇ ਮੌਸਮੀ ਹਾਲਾਤਾਂ ਨੇ ਕੋਲੋਰਾਡੋ ਦਰਿਆ ਵਿੱਚ ਪਾਣੀ ਦੀ ਮਾਤਰਾ ਵੀ ਬਹੁਤ ਵਧਾ ਦਿੱਤੀ ਜਿਸ ਨਾਲ ਇਸ ਦੀ ਰਫ਼ਤਾਰ ਹੋਰ ਤੇਜ਼ ਹੋ ਗਈ ਤੇ ਪਾੜ ਵਧਦਾ ਹੀ ਗਿਆ। ਇਸ ਦੇ ਨਾਲ ਹੀ ਜਵਾਲਾਮੁਖੀਆਂ ਦੇ ਫਟਣ ਨਾਲ ਉਪਜੀ ਸੁਆਹ ਤੇ ਲਾਵੇ ਨੇ ਦਰਿਆ ਦੇ ਪਾਣੀ ਦੇ ਵਹਾ ਨੂੰ ਰੋਕ ਕੇ ਪਾੜ ਨੂੰ ਹੋਰ ਚੌੜਾ ਕਰ ਦਿੱਤਾ। ਕੈਲੇਫੋਰਨੀਆਂ ਗਲਫ ਦੇ ਖੁੱਲ੍ਹ ਜਾਣ ਨਾਲ ਵੀ ਦਰਿਆ ਦੇ ਪਾਣੀ ਦੀ ਸਪੀਡ ਵਿੱਚ ਵਾਧਾ ਹੋਇਆ। ਭਾਵੇਂ ਇਸ ਖੱਡ ਨੂੰ ਦੁਨੀਆਂ ਦੀ ਸਭ ਤੋਂ ਡੂੰਘੀ ਹੋਣ ਦਾ ਮਾਣ ਤਾਂ ਪ੍ਰਾਪਤ ਨਹੀਂ ਹੋਇਆ(ਨੇਪਾਲ ਦੀ ਕਾਲੀ ਗੰਡਕੀ ਖੱਡ ਇਸ ਤੋਂ ਡੂੰਘੀ ਹੈ) ਪਰੰਤੂ ਇਸ ਦੇ ਕਿਨਾਰਿਆਂ ਵਿੱਚ ਮੌਜੂਦ ਚਟਾਨਾਂ ਦੀਆਂ ਖ਼ੂਬਸੂਰਤ ਤਹਿਆਂ ਨੇ ਇਸ ਨੂੰ ਵਿਗਿਆਨੀਆਂ ਲਈ ਅਤਿ ਮਹੱਤਵਪੂਰਨ ਬਣਾ ਦਿੱਤਾ ਹੈ। ਇਨ੍ਹਾਂ ਚਟਾਨਾਂ ਦੇ ਅਧਿਐਨ ਤੋਂ ਵਿਗਿਆਨੀਆਂ ਨੇ ਧਰਤੀ ਅੰਦਰ ਦੋ ਅਰਬ ਸਾਲਾਂ ਦੌਰਾਨ ਵਾਪਰੇ ਪਰਿਵਰਤਨਾਂ ਦੀ ਜਾਣਕਾਰੀ ਹਾਸਿਲ ਕੀਤੀ ਹੈ।

ਗਰੈਂਡ ਕੈਨੀਆਨ ਹਜ਼ਾਰਾਂ ਸਾਲਾਂ ਤੋਂ ਅਮਰੀਕਾ ਦੇ ਆਦਿਵਾਸੀਆਂ ਦਾ ਨਿਵਾਸ ਸਥਾਨ ਰਹੀ ਹੈ। ਇਸ ਵਿੱਚ ਸੈਂਕੜੇ ਗੁਫ਼ਾਵਾਂ ਦਾ ਪਤਾ ਲੱਗਾ ਹੈ ਜਿਨ੍ਹਾਂ ਵਿੱਚ ਸ਼ੇਰ ਤੇ ਹੋਰ ਖਤਰਨਾਕ ਜਾਨਵਰ ਰਹਿੰਦੇ ਹਨ। ਇਸ ਸਮੇਂ ਇੱਥੇ ਹੁਆਲਾਪਈ,ਨਵਾਜੋ,ਯੁਮਾਨ,ਹਾਵਾਸੁਪਈ ਤੇ ਵਾਲਾਪਈ ਕਬੀਲਿਆਂ ਦੇ ਲੋਕ ਰਹਿੰਦੇ ਹਨ। ਇਸ ਖੱਡ ਦੀ ਖੋਜ ਸਭ ਤੋਂ ਪਹਿਲਾਂ ਸੰਨ 1540 ਵਿੱਚ ਸਪੇਨ ਦੇ ਗਾਰਸੀਆ ਲੋਪੇਜ਼ ਡੇ ਕਰਡੇਨਾਸ ਨੇ ਸਥਾਨਿਕ ਕਬਾਇਲੀ ਹੋਪੀ ਲੋਕਾਂ ਦੀ ਮਦਦ ਨਾਲ ਕੀਤੀ ਪਰੰਤੂ ਉਨ੍ਹਾਂ ਨੇ ਉਸ ਨੂੰ ਇਸ ਦਾ ਥੋੜ੍ਹਾ ਜਿਹਾ ਭਾਗ ਹੀ ਦਿਖਾਇਆ ਕਿਉਂਕਿ ਇਹ ਲੋਕ ਇਸ ਖੱਡ ਨੂੰ ਪਵਿੱਤਰ ਸਮਝ ਕੇ ਪੂਜਦੇ ਸਨ। ਇਸ ਤੋਂ ਕਈ ਸਾਲਾਂ ਤੱਕ ਇਸ ਖੱਡ ਨੂੰ ਦੇਖਣ ਤੇ ਘੋਖਣ ਦੀਆਂ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਪਰੰਤੂ ਕਿਸੇ ਨੂੰ ਬਹੁਤੀ ਸਫ਼ਲਤਾ ਨਹੀਂ ਮਿਲ ਸਕੀ। ਸੰਨ 1858 ਵਿੱਚ ਭੂ-ਵਿਗਿਆਨੀ ਜੌਹਨ ਸਟਰਾਂਗ ਨਿਊਬਰੀ ਨੇ ਇਸ ਖੱਡ ਦੀਆਂ ਕੱਟੀਆਂ ਚਟਾਨਾਂ ਦਾ ਵਿਗਿਆਨਿਕ ਅਧਿਐਨ ਕੀਤਾ। ਆਖਿਰ 1869 ਵਿੱਚ ਮੇਜਰ ਜੌਹਨ ਵੈਸਲੇ ਪਾਵਲ ਨੇ ਆਪਣੀ ਟੀਮ ਨਾਲ ਇਸ ਖੱਡ ਦੇ ਪੂਰੇ ਖੇਤਰ ਦਾ ਸਰਵੇਖਣ ਕੀਤਾ। ਉਸ ਨੇ ਹੀ ਇਸ ਨੂੰ ਗਰੈਂਡ ਕੈਨੀਆਨ ਨਾਮ ਦਿੱਤਾ। ਵੀਹਵੀਂ ਸਦੀ ਦੇ ਆਰੰਭ ਵਿੱਚ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਰੂਜ਼ਵੈਲਟ ਨੇ ਇਸ ਖੱਡ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦਿਆਂ ਇਸ ਦੇ ਕਈ ਫੇਰੇ ਮਾਰੇ। ਉਨ੍ਹਾਂ ਨੇ 1919 ਵਿੱਚ ਇਸ ਖੱਡ ਅਤੇ ਇਸ ਦੇ ਦੋਵੇਂ ਪਾਸੇ ਫੈਲੇ ਹਜ਼ਾਰਾਂ ਏਕੜ ਜੰਗਲ ਨੂੰ ਨੈਸ਼ਨਲ ਪਾਰਕ ਘੋਸ਼ਿਤ ਕਰ ਦਿੱਤਾ।



ਇਹ ਖੱਡ ਕੇਬਾਬ ਪਠਾਰ ਨੂੰ ਦੋ ਭਾਗਾਂ ਵਿੱਚ ਵੰਡਦੀ ਹੈ। ਇਸ ਦਾ ਉੱਤਰੀ ਕਿਨਾਰਾ ਦੱਖਣੀ ਕਿਨਾਰੇ ਤੋਂ ਲੱਗਭੱਗ 300 ਮੀਟਰ ਉੱਚਾ ਹੈ। ਉੱਤਰੀ ਪਾਸੇ ਬਾਰਿਸ਼ ਤੇ ਬਰਫ਼ ਜ਼ਿਆਦਾ ਪੈਂਦੀ ਹੈ ਜਿਸ ਕਾਰਨ ਇੱਥੋਂ ਸਹਾਇਕ ਨਦੀਆਂ ਖੱਡ ਵੱਲ ਨੂੰ ਚੱਲਦੀਆਂ ਹਨ ਜਦੋਂ ਕਿ ਦੱਖਣੀ ਪਾਸੇ ਮੀਂਹ ਘੱਟ ਪੈਂਦੇ ਹਨ। ਇਸ ਲਈ ਉੱਤਰੀ ਕਿਨਾਰਿਆਂ ਵਿੱਚ ਖਾਰ ਪਈ ਹੋਈ ਹੈ ਅਤੇ ਦੱਖਣੀ ਕਿਨਾਰੇ ਸਿੱਧੇ ਹਨ। ਇਸ ਦਾ ਉੱਤਰੀ ਪਾਸਾ ਸਮੁੰਦਰੀ ਤੱਟ ਤੋਂ 2400 ਮੀਟਰ ਉੱਚਾ ਹੋਣ ਕਾਰਨ ਇੱਥੇ ਮੌਸਮ ਠੰਢਾ ਰਹਿੰਦਾ ਹੈ ਜਦੋਂਕਿ ਖੱਡ ਦੇ ਅੰਦਰ ਮਾਰੂਥਲ ਵਰਗਾ ਮਾਹੌਲ ਹੈ ਅਤੇ ਇੱਥੇ ਬਹੁਤ ਗਰਮੀ ਹੈ। ਆਮ ਤੌਰ ਤੇ ਖੱਡ ਵਿੱਚ ਹਨੇਰਾ ਰਹਿੰਦਾ ਹੈ ਅਤੇ ਸਰਦੀਆਂ ਵਿੱਚ ਸੰਘਣੀ ਧੁੰਦ ਇਸ ਨੂੰ ਪੂਰੀ ਤਰ੍ਹਾਂ ਢੱਕ ਲੈਂਦੀ ਹੈ।

ਗਰੈਂਡ ਕੈਨੀਆਨ ਵਿਸ਼ਵਭਰ ਦੇ ਖੋਜੀਆਂ ਤੇ ਸੈਲਾਨੀਆਂ ਲਈ ਖਿੱਚ ਦਾ ਸਥਾਨ ਹੈ ਜਿਸ ਨੂੰ ਹਰ ਸਾਲ 50 ਲੱਖ ਤੋਂ ਵੱਧ ਲੋਕ ਦੇਖਣ ਆਉਂਦੇ ਹਨ। ਇਸ ਦਾ ਦੱਖਣੀ ਪਾਸਾ ਤਾਂ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ ਪਰੰਤੂ ਉੱਤਰੀ ਪਾਸਾ ਕੇਵਲ ਅੱਧ ਮਈ ਤੋਂ ਅੱਧ ਅਕਤੂਬਰ ਤੱਕ ਹੀ ਵੇਖਿਆ ਜਾ ਸਕਦਾ ਹੈ। ਇਸ ਨੈਸ਼ਨਲ ਪਾਰਕ ਵਿੱਚ ਕੁਦਰਤੀ ਨਜ਼ਾਰਿਆਂ ਤੋਂ ਇਲਾਵਾ ਟ੍ਰੈਕਿੰਗ,ਬੋਟਿੰਗ ਤੇ ਰੇਸਿੰਗ ਕਰਨ ਦਾ ਵੱਖਰਾ ਹੀ

ਬਾਕੀ ਸਫਾ 52 ਤੇ.....

ਤੰਦਰੁਸਤੀ ਲਈ ਯੋਗ ਸਿੱਖਿਆ

# ਯੋਗ ਆਸਣ ਕਿਵੇਂ ਕਰੀਏ ?

ਰਾਜਿੰਦਰ ਸੈਣੀ
ਰੋਪੜ



ਪਿਛਲੇ ਅੰਕ ਤੋਂ ਚਲਦਾ :

22ਵੇਂ ਅੰਕ 'ਚ ਯੋਗ ਦੀਆਂ ਕਿਰਿਆਵਾਂ ਤਾੜ ਆਸਣ, ਨਾਵ ਆਸਣ ਤੋਂ ਇਲਾਵਾ ਬੈਠ ਕੇ ਕੀਤੇ ਜਾਣ ਵਾਲੇ ਕੁਝ ਆਸਣਾਂ ਬਾਰੇ ਜ਼ਿਕਰ ਕੀਤਾ ਗਿਆ ਸੀ। ਹੱਥਲੇ 23ਵੇਂ ਅੰਕ ਵਿੱਚ ਵੀ ਬੈਠ ਕੇ ਕੀਤੇ ਜਾਣ ਵਾਲੇ ਕੁਝ ਹੋਰ ਆਸਣਾਂ ਬਾਰੇ ਜ਼ਿਕਰ ਕੀਤਾ ਜਾ ਰਿਹਾ ਹੈ।

**ਕੋਣ ਆਸਣ:-** ਪਿੱਛਲੇ ਅੰਕ 'ਚ ਪਸ਼ਚਿਮੋਤਾਣ ਆਸਣ ਵਿੱਚ ਸਰੀਰ ਨੂੰ ਅੱਗੇ ਵੱਲ ਝੁਕਾਉਂਦੇ ਹਾਂ, ਪਰ ਆਸਣ ਦਾ ਪੂਰਨ ਲਾਭ ਉਸਦੇ ਉਪਾਸਣ 'ਚ ਨਿਹਿੱਤ ਹੈ। ਕੋਣ ਆਸਣ ਵਿੱਚ ਸਰੀਰ ਨੂੰ ਪਿੱਛੇ ਵੱਲ ਝੁਕਾਉਂਦੇ ਹਨ।ਉਸ ਨਾਲ ਪੇਟ ਪ੍ਰਭਾਵਿਤ ਹੁੰਦਾ ਹੈ ਤਾਂ ਇਸ ਵਿੱਚ ਰੀੜ ਵੀ ਪ੍ਰਭਾਵਿਤ ਹੁੰਦੀ ਹੈ। ਵਿਪਰੀਤ ਕਿਰਿਆ ਹੋਣ ਨਾਲ ਅੰਗ ਪੂਰਨ ਤੌਰ ਤੇ ਪ੍ਰਭਾਵਿਤ ਹੁੰਦੇ ਹਨ।ਪਸ਼ਚਿਮੋਤਾਣ ਆਸਣ ਵਿੱਚ ਪੇਟ ਦੇ ਅੰਗਾਂ ਦਾ ਸੰਕੋਚਣ ਹੁੰਦਾ ਹੈ ਤਾਂ ਕੋਣ ਆਸਣ ਵਿੱਚ ਪੇਟ ਫੈਲਾਓ ਦੀ ਕਿਰਿਆ ਹੁੰਦੀ ਹੈ। ਪੰਜਿਆ ਨੂੰ ਧਰਤੀ ਉਪਰ ਲੱਗਾਓਣ ਨਾਲ ਵਿਸ਼ੇਸ਼ ਤੌਰ ਤੇ ਪਿੰਜਣੀਆਂ ਪ੍ਰਭਾਵਿਤ ਹੁੰਦੀਆ ਹਨ। ਉਸ ਵਿੱਚ ਕੋਈ ਵਿਕਾਰ ਨਹੀਂ ਰਹਿੰਦਾ। ਨਾਭੀ ਦੇ ਆਸ-ਪਾਸ ਜੰਮਿਆ ਮਲ ਉਖੜਦਾ ਹੈ। ਨਿਸ਼ਕਾਸਣ ਕਿਰਿਆ ਸਹਿਜ ਹੁੰਦੀ ਹੈ। ਮੋਢੇ ਤੇ ਕਲਾਈਆਂ ਪੁਸ਼ਟ ਹੁੰਦੀਆਂ ਹਨ। ਸਰਵਾਈਕਲ ਤੇ ਸਲਿਪ ਡਿਸਕ ਨਾਲ ਪੀੜਤ ਵਿਅਕਤੀਆਂ ਦੇ ਲਈ ਇਹ ਬਹੁਤ ਲਾਭਦਾਇਕ ਹੈ।

ਵਿਧੀ- ਆਸਣ ਉੱਤੇ ਬੈਠੋ। ਅੱਡੀ ਮਿਲਾਕੇ ਪੰਜੇ ਤਾਣੋ। ਦੋਨਾਂ ਹੱਥਾਂ ਦੀਆਂ ਹਥੇਲੀਆਂ ਪਿੱਛੇ ਵੱਲ ਇਸ ਪ੍ਰਕਾਰ ਰੱਖੋ ਕਿ ਉਂਗਲੀਆਂ, ਅੰਗੂਠਾ ਬਾਹਰ ਵੱਲ ਰਹੇ ਅਤੇ ਮਿਲੇ ਰਹਿਣ। ਹੱਥਾਂ ਦੀ ਦੂਰੀ ਘੱਟ ਕਰ ਲਓ। ਹਥੇਲੀਆਂ ਅਤੇ ਪੰਜਿਆਂ ਉਪਰ ਸਰੀਰ ਸੰਤੁਲਿਤ ਕਰਦੇ ਹੋਏ ਸਾਹ ਭਰਦੇ ਹੋਏ ਸਰੀਰ ਨੂੰ ਬਹੁਤ ਹੌਲੀ-ਹੌਲੀ ਉਪਰ ਉਠਾਓ। ਗੋਡੇ ਨਾ ਮੁੜਨ। ਪੰਜਿਆਂ ਨੂੰ ਧਰਤੀ ਨਾਲ ਸਪਰਸ਼ ਕਰਨ ਦਾ ਯਤਨ ਕਰੋ। ਇਸ ਸਥਿੱਤੀ ਵਿੱਚ ਸਾਹ ਸਮਾਨ ਕਰ ਲਓ। ਸ਼ਾਹ ਬਾਹਰ ਕੱਢਦੇ ਹੋਏ ਹੌਲੀ-ਹੌਲੀ ਵਾਪਸ ਆਓ। ਪੈਰਾਂ ਨੂੰ ਫੈਲਾਕੇ ਆਰਾਮ ਦੀ ਸਥਿਤੀ ਵਿੱਚ ਬੈਠੋ। ਧਿਆਨ ਦਾ ਕੇਂਦਰ-ਮਣੀਪੁਰ ਚੱਕਰ।

**ਯੋਗਮੁਦਰਾ:-** ਆਸਣਾਂ ਨਾਲੋ ਜ਼ਿਆਦਾ ਮਹੱਤਵਪੂਰਨ ਭੂਮਿਕਾ ਮੁਦਰਾਵਾਂ ਦੀ ਹੈ। ਜੋ ਪ੍ਰਭਾਵ ਆਸਣ ਨਹੀਂ ਦੇ ਪਾਂਉਂਦੇ, ਮੁਦਰਾਵਾਂ ਉਸ ਕਮੀ ਨੂੰ ਪੂਰਾ ਕਰਦੀਆਂ ਹਨ। ਪੇਟ ਦੀਆਂ ਆਂਦਰਾਂ ਜਦੋਂ ਉਚਿੱਤ ਢੰਗ ਨਾਲ ਕਾਰਜ ਨਹੀਂ ਕਰਦੀਆਂ ਤਾਂ ਉਹ ਸੁੰਗੜ ਜਾਂਦੀਆਂ ਹਨ ਅਤੇ ਉਸ ਵਿੱਚ ਗੰਢਾਂ ਪੈ ਜਾਂਦੀਆਂ ਹਨ। ਇਸ ਮੁਦਰਾ ਨਾਲ ਇਹ ਸਾਰੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਵੱਡੀ ਅੰਤੜੀ ਦੇ ਸੁੰਗੜਣ-ਫੈਲਣ ਦੀ ਕਿਰਿਆ ਬੰਦ ਹੋਣ ਕਾਰਨ ਕਬਜ਼ ਹੋ ਜਾਂਦੀ ਹੈ। ਯੋਗ ਮੁਦਰਾ ਜਠਰ ਅਗਨੀ ਤੇਜ਼ ਕਰਦੀ ਹੈ, ਜਿਸ ਨਾਲ ਕਬਜ਼ ਟੁੱਟਦੀ ਹੈ। ਮਲ ਨਿਸ਼ਕਾਸਨ ਸਹਿਜ ਹੋ ਜਾਂਦਾ ਹੈ। ਲੀਵਰ ਦੇ ਦੋਸ਼, ਖੂਨ ਨਾ ਬਣਨਾ, ਸੋਜਿਸ਼ ਰੋਗ ਆਦਿ ਦੂਰ ਹੁੰਦੇ ਹਨ। ਮੂਤਰ ਦੇ ਸਾਰੇ ਅੰਗ ਸੁਚਾਰੂ ਰੂਪ ਵਿੱਚ ਕੰਮ ਕਰਨ ਲੱਗਦੇ ਹਨ। ਪੁਰਸ਼ ਗ੍ਰੰਥੀਆਂ ਬੇਲੋੜੇ ਰੂਪ ਵਿੱਚ ਨਹੀਂ ਵੱਧਦੇ। ਕਮਰ ਦੇ ਹੇਠਲੇ ਭਾਗ ਉੱਪਰ ਖਿੱਚ ਆਓਣ ਨਾਲ ਰੀੜ੍ਹ ਲਚਕੀਲੀ ਬਣਦੀ ਹੈ। ਕਮਰ ਦੀਆਂ ਮਾਸਪੇਸ਼ੀਆਂ ਸੁਡੌਲ ਬਣਦੀਆਂ ਹਨ ਅਤੇ ਮੋਟਾਪਾ ਘੱਟਦਾ ਹੈ। ਦਿਮਾਗ ਵਿੱਚ ਖ਼ੂਨ ਦੀ ਪੂਰਤੀ ਹੁੰਦੀ ਹੈ।

ਵਿਧੀ-ਪਦਮ ਆਸਣ ਵਿੱਚ ਬੈਠੋ। ਕਮਰ ਤੇ ਗਰਦਨ ਸਿੱਧੀ ਰੱਖੋ। ਦੋਵੇਂ ਹੱਥਾਂ ਨੂੰ ਪਿਛੇ ਲੈ ਜਾਓ। ਸੱਜੇ ਹੱਥ ਨਾਲ ਖੱਬੇ ਹੱਥ ਦੀ ਕਲਾਈ ਫੜੋ। ਖੱਬੇ ਹੱਥ ਦਾ ਅੰਗੂਠਾ ਮੁੱਠੀ ਦੇ ਅੰਦਰ ਬੰਦ ਰਹੇ। ਛਾਤੀ ਅੱਗੇ ਰਹੇ। ਸਾਹ ਨੂੰ ਭਰਦੇ ਹੋਏ ਪਿੱਠ ਤਾਣੋ।ਪਿੱਠ ਦੇ ਹੇਠਲੇ ਵਾਲੇ ਭਾਗ ਨੂੰ ਅੱਗੇ ਵੱਲ ਝੁਕਾਓ। ਠੋਡੀ ਨੂੰ ਅੱਗੇ ਲਿਆਉਂਦੇ ਹੋਏ ਮੱਥੇ ਨੂੰ ਧਰਤੀ ਉਪਰ ਲਗਾ ਦਿਓ। ਸਾਹ ਨੂੰ ਸਮਾਨ ਕਰ ਲਓ। ਸਾਹ ਭਰਦੇ ਹੋਏ ਹੱਥ ਤੇ ਪਿੱਠ ਨੂੰ ਤਾਣਦੇ ਹੋਏ ਅਤੇ ਠੋਡੀ ਨੂੰ ਆਗੇ ਵੱਲ ਕਰਦੇ ਹੋਏ ਵਾਪਸ ਆਓ। ਵਾਪਸ ਆਓਣ ਤੇ ਆਰਾਮ ਦੀ ਸਥਿੱਤੀ ਵਿੱਚ ਬੈਠੋ। ਧਿਆਨ ਦਾ ਕੇਂਦਰ-ਮਣੀਪੁਰ ਚੱਕਰ। ਇਸ ਵਿੱਚ ਇਹ ਧਿਆਨ ਰੱਖੋ ਕਿ ਫੜੀ ਹੋਈ ਕਲਾਈ ਕਮਰ ਨਾਲ ਹੀ ਲੱਗੀ ਰਹੇ ਭਾਵ ਖਿੱਚੀ ਰਹੇ।

**ਗੋਮੁਖ ਆਸਣ:-** ਇਸ ਆਸਣ ਵਿੱਚ ਗੋਡਿਆਂ ਦੀ ਸਥਿਤੀ ਗਊ ਦੇ ਮੁੱਖ ਦੇ ਸਮਾਨ ਬਣਨ ਨਾਲ ਇਸਨੂੰ ਗਊਮੁਖ ਕਹਿੰਦੇ ਹਨ। ਪੇਸ਼ਾਬ ਦਾ ਜਿਆਦਾ ਆਓਣਾ, ਧਾਤੂ ਦੀ ਦੁਰਬਲਤਾ, ਲਿਕੋਰਿਆ, ਸ਼ੂਗਰ, ਗੁਰਦੇ, ਪਿੱਠ ਤੇ ਗਰਦਨ ਦਰਦ, ਹੱਥ ਦੀਆਂ ਨਸਾਂ ਦੀ ਕਮਜ਼ੋਰੀ ਅਤੇ ਦਮੇ ਦੇ ਰੋਗ ਨੂੰ ਠੀਕ ਕਰਨ ਵਿੱਚ ਇਸ ਆਸਣ ਦਾ ਅਭਿਆਸ ਉਪਯੋਗੀ ਹੈ।ਨਰਵਸ ਸਿਟਮ ਦੀ ਦੁਰਵਲਤਾ ਨੂੰ ਦੂਰ ਕਰਨ ਅਤੇ ਮਨ ਨੂੰ ਸਿਥਰ ਰੱਖਣ ਲਈ ਸਹਾਇਕ ਹੈ।ਅੰਡਕੋਸ਼ ਦੇ ਬੇਲੋੜੇ ਵਾਧੇ ਤੇ ਕੰਟਰੋਲ ਹੁੰਦਾ ਹੈ। ਜੰਘਾ, ਪਿੰਜਣੀ ਅਤੇ ਕਟੀ ਪ੍ਰਦੇਸ਼, ਗੱਲ੍ਹਾਂ, ਮੋਢਿਆਂ ਤੇ ਦਿਲ ਦੀਆਂ ਬਿਮਾਰੀਆਂ ਦੂਰ ਹੁੰਦੀਆਂ ਹਨ, ਛਾਤੀ ਚੌੜੀ ਹੁੰਦੀ ਹੈ।

ਵਿਧੀ- ਸੱਜੇ ਪੈਰ ਨੂੰ ਮੋੜੋ। ਅੱਡੀ ਨੂੰ ਗੁੱਦਾ ਦੇ ਹੇਠਾਂ ਰੱਖੋ। ਖੱਬੇ ਪੈਰ ਨੂੰ ਮੋੜਕੇ ਇਸ ਤਰ੍ਹਾਂ ਰੱਖੋ ਕਿ ਖੱਬਾ ਗੋਡਾ ਸੱਜੇ ਗੋਡੇ ਉਪਰ ਆ ਜਾਵੇ ਅਤੇ ਖੱਬੀ ਅੱਡੀ ਸੱਜੇ ਨਿਤੰਭ ਦੇ ਕੋਲ ਆ ਜਾਵੇ। ਖੱਬੇ ਹੱਥ ਨੂੰ ਉਪਰ ਵੱਲ ਦੀ ਅਤੇ ਸੱਜੇ ਹੱਥ ਨੂੰ ਹੇਠਾਂ ਵੱਲ ਦੀ ਕਮਰ ਉਪਰ ਲਾਂਉਂਦੇ ਹੋਏ ਦੋਨਾਂ ਹੱਥਾਂ ਦੀਆਂ ਮੁੜੀਆਂ ਹੋਈਆਂ ਉਂਗਲੀਆਂ ਨੂੰ ਆਪਸ ਵਿੱਚ ਫਸਾ ਲਓ। ਸਾਹ ਸਮਾਨ ਕਰ ਲਓ। ਗਰਦਨ ਸਿੱਧੀ ਰੱਖੋ। ਉਪਰ ਵਾਲੀ

ਬਾਂਹ ਦੇ ਮੋਢੇ ਤੋਂ ਕੂਹਣੀ ਤੱਕ ਦਾ ਭਾਗ ਉਪਰ ਸਿੱਧਾ ਕੰਨ ਨਾਲ ਲਗਿਆ ਰਹੇ। ਕੁੱਝ ਦੇਰ ਇਸ ਅਵਸਥਾ ਵਿੱਚ ਰੁਕੋ। ਇਸ ਕਿਰਿਆ ਨੂੰ ਦੂਜੇ ਪਾਸੇ ਤੋਂ ਵੀ ਦੁਹਰਾਓ। ਵਾਪਸ ਆ ਕੇ ਆਰਾਮ ਵਿੱਚ ਬੈਠੋ। ਧਿਆਨ ਦਾ ਕੇਂਦਰ ਮੂਲਾਧਾਰ ਚੱਕਰ।

**ਵਜਰ ਆਸਣ:-** ਵਜਰਨਾੜੀ ਦੇ ਪ੍ਰਭਾਵਿਤ ਹੋਣ ਨਾਲ ਵਜਰ ਦੇ ਸਮਾਨ ਸਰੀਰ ਬਣਦਾ ਹੈ। ਇਸ ਲਈ ਇਸ ਨੂੰ ਵਜਰ ਆਸਣ ਕਹਿੰਦੇ ਹਨ। ਇਸ ਆਸਣ ਵਿੱਚ ਬੈਠ ਕੇ ਧਿਆਨ ਕਰ ਸਕਦੇ ਹਾਂ। ਪਿੰਜਣੀਆਂ ਉਤੇ ਜੰਘਾਵਾਂ ਦਾ ਦਬਾਉ ਆਓਣ ਨਾਲ ਪੈਰ ਦੀਆਂ ਨਸਾਂ ਵਿੱਚ ਗਰਮੀ ਪੈਦਾ ਹੁੰਦੀ ਹੈ, ਜਿਸ ਨਾਲ ਪੇਡੂ ਭਾਗ ਦੇ ਅੰਗ ਸਕਿਰਿਆ ਹੁੰਦੇ ਹਨ। ਪਾਚਨ ਕਿਰਿਆ ਵੱਧਦੀ ਹੈ। ਗੋਡੇ, ਜੰਘਾ ਆਦਿ ਖਿਚਾਅ ਹੋਣ ਉੱਤੇ ਇਹ ਅੰਗ ਸਵਸਥ ਬਣਦੇ ਹਨ। ਕਮਰ ਅਤੇ ਗਰਦਨ ਸਿੱਧੀ ਰੱਖਣ ਨਾਲ ਅਤੇ ਸਰੀਰ ਢਿੱਲਾ ਛੱਡਣ ਨਾਲ ਸਾਰ ਅੰਗਾਂ ਨੂੰ ਆਰਾਮ ਮਿਲਦਾ ਹੈ। ਜਿਆਦਾ ਚੱਲਣ ਅਤੇ ਸਾਇਕਲ ਚਲਾਉਣ ਨਾਲ ਆਓਣ ਵਾਲੀ ਥਕਾਵਟ ਦੂਰ ਹੁੰਦੀ ਹੈ। ਇਸ ਆਸਣ ਵਿੱਚ 5-7 ਮਿੰਟ ਬੈਠਣ ਨਾਲ ਪਿੰਜਣੀਆਂ ਵਿੱਚ ਕਿਰਿਆਸ਼ੀਲਤਾ ਆਉਂਦੀ ਹੈ। ਜਿਸ ਨਾਲ ਖ਼ੂਨ ਨੂੰ ਹਿਰਦੇ ਵੱਲ ਆਓਣ ਵਿੱਚ ਸਹਾਇਤਾ ਮਿਲਦੀ ਹੈ।


ਵਿਧੀ- ਆਸਣ ਉਪਰ ਬੈਠਕੇ, ਦੋਨਾਂ ਪੈਰਾਂ ਦੇ ਪੰਜੇ ਅਤੇ ਅੱਡੀਆਂ ਨੂੰ ਮਿਲਾਓ ਤੇ ਪੰਜੇ ਤਾਣੋ। ਦੋਨਾਂ ਹਥੇਲੀਆਂ ਗੋਡਿਆਂ ਉਪਰ ਰੱਖੋ। ਦੋਨਾਂ ਹੱਥਾਂ ਦੀਆਂ ਹਥੇਲੀਆਂ ਨੂੰ ਸੱਜੇ ਪਾਸੇ ਰੱਖਕੇ ਸਰੀਰ ਦਾ ਪੂਰਾ ਭਾਰ ਉਨ੍ਹਾਂ ਉਪਰ ਰੱਖਦੇ ਹੋਏ ਦੋਨਾਂ ਗੋਡਿਆਂ ਨੂੰ ਇਕ ਸਾਥ ਮੋੜੋ। ਅੱਡੀਆਂ ਖੋਲ੍ਹੋ ਅਤੇ ਉਹਨਾਂ ਉਪਰ ਬੈਠ ਜਾਓ। ਦੋਵੇਂ ਹਥੇਲੀਆਂ ਗੋਡਿਆਂ ਉਪਰ ਰੱਖੋ। ਕਮਰ ਤੇ ਗਰਦਨ ਸਿੱਧੀ ਰਹੇ। ਧਿਆਨ ਦਾ ਕੇਂਦਰ- ਮਣੀਪੁਰ ਚੱਕਰ।

**ਉਸ਼ਟ ਆਸਣ:-** ਇਸ ਆਸਣ ਵਿੱਚ ਸਰੀਰ ਊਠ ਦੀ ਤਰਾਂ ਟੇਢਾ-ਮੇਢਾ ਹੋਣ ਦੇ ਕਾਰਨ ਇਸ ਦਾ ਨਾਮ ਉਸ਼ਟ ਆਸਣ ਰੱਖਿਆ ਹੈ। ਆਮਤੌਰ ਤੇ ਲੋਕ ਜੀਵਨ ਵਿੱਚ ਆਗੇ ਵੱਲ ਝੁਕ ਕੇ ਕੰਮ ਕਰਨ ਦੇ ਆਦੀ ਹਨ। ਇਸ ਨਾਲ ਰੀੜ੍ਹ ਦੀ ਸੁਭਾਵਿਕ ਸਥਿੱਤੀ ਵਿਗੜ ਜਾਂਦੀ ਹੈ। ਇਸ ਵਿਕਾਰ ਨੂੰ ਸੁਧਾਰਨ ਲਈ ਇਹ ਆਸਣ ਰਾਮਬਾਣ ਦਾ ਕੰਮ ਕਰਦਾ ਹੈ। ਰੀੜ੍ਹ ਦੇ ਤਿੰਨ ਭਾਗ ਸਰਵਾਇਕਲ (ਗਰਦਨ ਦਾ ਭਾਗ) ਡੋਰਸਲ (ਕਮਰ ਦਾ ਵਿੱਚਲਾ ਭਾਗ) ਲੰਬਰ (ਕਮਰ ਦਾ ਹੇਠਲਾ ਭਾਗ) ਪ੍ਰਭਾਵਿਤ ਹੋਣ ਨਾਲ ਲਚਕੀਲੇ ਬਣਦੇ ਹਨ। ਰੀੜ੍ਹ ਦੇ ਸਾਰੇ ਵਿਕਾਰ ਟੇਡਾਪਨ, ਸਲਿਪ ਡਿਸਕ, ਸਪੋਂਡੇਲਾਈਟਸ ਆਦਿ ਖਤਮ ਹੁੰਦੇ ਹਨ। ਜੰਘਾਂ, ਉਦਰ, ਛਾਤੀ ਦੇ ਅੰਤ੍ਰੀਵੀ ਭਾਗ ਖਿਚਾਵ ਵਿੱਚ ਆਉਂਦੇ ਹਨ ਜਿਸ ਕਾਰਨ ਉਹ ਠੀਕ ਰਹਿੰਦੇ ਹਨ। ਵਾਧੂ ਚਰਬੀ ਘੱਟਦੀ ਹੈ। ਫੇਫੜੇ ਸਾਹ ਭਰਨ ਨਾਲ ਪਿੱਛੇ ਵੱਲ ਜਦੋਂ ਮੁੜਦੇ ਹਨ ਤਾਂ ਉਸ ਵਿੱਚ ਲਚਕੀਲਾਪਣ ਆਂਉਂਦਾ ਹੈ ਅਤੇ ਸਾਹ ਰੋਕਣ ਦੀ ਸ਼ਕਤੀ ਵੱਧਦੀ ਹੈ। ਸਰੀਰਕ ਵਿਕਾਸ, ਕਦ ਦਾ ਵਧਣਾ ਆਦਿ ਵਿੱਚ ਇਹ ਆਸਣ ਅਤਿ-ਉਪਯੋਗੀ ਹੈ। ਔਰਤਾਂ ਦੇ ਮਾਸਿਕ ਧਰਮ ਦੀਆਂ ਸਾਰੀਆਂ ਸਮੱਸਿਆਵਾਂ ਦੂਰ ਹੁੰਦੀਆਂ ਹਨ। ਦਿਲ ਪੁਸ਼ਟ ਹੁੰਦਾ ਹੈ। ਉਸ ਦੇ ਰੋਗ ਠੀਕ ਹੁੰਦੇ ਹਨ।

ਵਿਧੀ- ਵਜਰ ਆਸਣ ਵਿੱਚ ਬੈਠੋ। ਗੋਡਿਆਂ ਦੇ ਭਾਰ ਖੜ੍ਹੇ ਹੋ ਜਾਓ। ਪਿੱਛੇ ਤੋਂ ਦੋਨੋਂ ਪੈਰ ਸਮਾਨਾਂਤਰ ਹੋਣ। ਪੰਜੇ ਜਮੀਨ ਤੇ ਲੇਟੇ ਹੋਏ ਹੋਣ। ਦੋਨਾਂ ਹੱਥਾਂ ਨੂੰ ਕਮਰ ਉਪਰ ਇਸ ਤਰਾਂ ਰੱਖੋ ਕਿ ਅੰਗੂਠੇ ਰੀੜ੍ਹ ਤੇ ਮਿਲ ਜਾਣ। ਚਾਰੇ ਉਂਗਲੀਆਂ ਅੱਗੇ ਵੱਲ ਹੋਣ । ਸਾਹ ਭਰਦੇ ਹੋਏ ਗਰਦਨ ਨੂੰ ਹੌਲੀ ਹੌਲੀ ਪਿਛੇ ਵੱਲ ਮੁੜਨ ਤੇ ਹਥੇਲੀਆਂ ਤਲੀਆਂ ਤੇ ਰੱਖ ਦਿਓ। ਸਾਹ ਕਿਰਿਆ ਸੁਭਾਵਿਕ ਰਹੇ। ਹੌਲੀ ਹੌਲੀ ਵਾਪਸ ਆ ਕੇ ਵਜਰ ਆਸਣ ਵਿੱਚ ਬੈਠੋ। ਇਸ ਵਿੱਚ ਵਿਸ਼ੇਸ਼ ਗੱਲ ਹੈ ਕਿ ਆਸਣ ਦੀ ਪੂਰੀ ਸਥਿਤੀ ਵਿੱਚ ਰੀੜ੍ਹ ਜਿਆਦਾ ਤੋਂ ਜਿਆਦਾ ਪਿੱਛੇ ਮੁੜ੍ਹ ਜਾਵੇ ਤਾਂ ਜੋ ਹਥੇਲੀਆਂ ਤਲੀਆਂ ਤੇ ਆਸਾਨੀ ਨਾਲ ਰੱਖੀਆਂ ਜਾਣ। ਵਾਪਸੀ ਵੇਲੇ ਬਹੁਤ ਹੌਲੀ ਹੌਲੀ ਪਹਿਲੀ ਸਥਿਤੀ ਵਿੱਚ ਆ ਜਾਣਾ ਹੈ। ਜਲਦੀ ਕਰਨ ਨਾਲ ਚੱਕਰ ਆਓਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਧਿਆਨ ਦਾ ਕੇਂਦਰ- ਰੀੜ੍ਹ।

**ਸਸ਼ਾਂਕ ਆਸਣ:-** ਇਸ ਆਸਣ ਵਿੱਚ ਖਰਗੋਸ਼ ਜਿਹੀ ਅਕ੍ਰਿਤੀ ਬਣਦੀ ਹੈ, ਇਸ ਲਈ ਇਸ ਦਾ ਨਾਂ ਸਸ਼ਾਂਕ ਆਸਣ ਹੈ। ਇਹ ਉਸ਼ਟ ਆਸਣ ਦਾ ਉਪ ਆਸਣ ਹੋਣ ਦੇ ਨਾਤੇ ਇਸ ਵਿੱਚ ਰੀੜ੍ਹ ਨੂੰ ਅੱਗੇ ਵੱਲ ਝੁਕਾਂਦੇ ਹਨ ਤਾਂ ਇਹ ਕਿਰਿਆ ਪੂਰੀ ਹੁੰਦੀ ਹੈ। ਉਸ਼ਟ ਆਸਣ ਵਿੱਚ ਰੀੜ੍ਹ ਨੂੰ ਪਿੱਛੇ ਮੋੜਿਆ ਗਿਆ ਸੀ। ਇਹ ਵੀ ਵਿਸ਼ਰਾਮ ਦੇਣ ਵਾਲਾ ਇੱਕ ਆਸਣ ਹੈ। ਰੀੜ੍ਹ ਪ੍ਰਿਥਵੀ ਦੇ ਸਮਾਨਾਂਤਰ ਹੋਣ ਦੇ ਕਾਰਨ ਵਿਸ਼ਰਾਮ ਵਿੱਚ ਆਉਂਦੀ ਹੈ। ਜਿਗਰ, ਤਿੱਲੀ, ਅਮਾਸ਼ਯ ਆਦਿ ਦਬਣ ਦੇ ਕਾਰਨ ਜਿਆਦਾ ਸਕ੍ਰਿਯ ਹੁੰਦੇ ਹਨ। ਸਮਰਪਣ ਜਾਗ੍ਰਿਤ ਹੁੰਦਾ ਹੈ।

ਵਿਧੀ- ਵਜਰ ਆਸਣ ਵਿੱਚ ਬੈਠੋ। ਕਮਰ ਗਰਦਨ ਸਿੱਧੀ ਰਹੇ। ਦੋਨਾਂ ਹੱਥਾਂ ਨੂੰ ਸਾਹ ਭਰਦੇ ਹੋਏ ਅਸਮਾਨ ਦੇ ਵੱਲ ਲਿਆਉਂਦੇ ਹੋਏ ਤਾਣੋ ਅਤੇ ਫਿਰ ਅੱਗੇ ਵੱਲ ਝੁਕਦੇ ਜਾਓ। ਸਿਰ ਤੇ ਕੋਹਣੀਆਂ ਨੂੰ ਧਰਤੀ ਤੇ ਲਗਾਓ। ਬਾਹਵਾਂ ਨੂੰ ਹੌਲੀ ਹੌਲੀ ਤਾਣਦੇ ਹੋਏ ਉਪਰ ਆਓ ਤੇ ਬਗਲ ਤੋਂ ਵਾਪਸ ਲਿਆਓ। ਇਸ ਵਿੱਚ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਥੱਲੇ ਝੁਕਦੇ ਹੋਏ ਨਿਤੰਬ ਉਪਰ ਨਹੀਂ ਉੱਠਣੇ ਚਾਹੀਦੇ। ਧਿਆਨ ਦਾ ਕੇਂਦਰ- ਆਗਿਆ ਚੱਕਰ। ....ਚਲਦਾ



ਸ੍ਰੀਮਤੀ ਪਲਵਿੰਦਰ ਕੌਰ ਰਾਣੀ ਪਤਨੀ ਸ. ਕੁਲਵੰਤ ਸਿੰਘ ਪਿੰਡ ਥਲੀ ਜਿਲ੍ਹਾ ਰੋਪੜ, ਜਿਨ੍ਹਾਂ ਨੂੰ ਪੰਜਾਬ ਮਹਿਲਾ ਕਮਿਸ਼ਨ ਦੀ ਮੈਂਬਰ ਨਿਯੁਕਤ ਕੀਤਾ ਗਿਆ ਹੈ।

ਸੁਪਨੇ ਦੀ ਸਾਕਾਰਤਾ



## ਬੱਚਿਆਂ ਦਾ ਖੁਦਮੁਖਤਿਆਰ ਦੇਸ਼ - ਕਿਡਜ਼ਾਨੀਆ

ਇੰਜ. ਇੰਦਰਜੀਤ ਕੌਰ

ਦੁਨੀਆਂ ਵਿੱਚ ਅਜਿਹਾ ਦੇਸ਼ ਵੀ ਹੈ ਜਿਸ ਦਾ ਰਾਜ-ਪ੍ਰਬੰਧ ਬੱਚਿਆਂ (ਕਿਡਜ਼) ਪਾਸ ਹੈ।ਇਸ ਖੁਦਮੁਖਤਿਆਰ ਦੇਸ਼ ਦਾ ਵਚਿੱਤਰ ਸੰਵਿਧਾਨ,ਕਾਨੂੰਨ ਤੇ ਸਮਾਜਿਕ ਵਿਵਸਥਾ ਹੈ।ਬੱਚਿਆਂ ਦਾ ਇਹ ਸੁਪਨਮਈ ਦੇਸ਼ ਹੈ-ਕਿਡਜ਼ਾਨੀਆਂ।ਇਸ ਸੰਘੀ ਗਣਰਾਜ ਦੇਸ਼ ਦੇ 21 ਸੂਬੇ ਹਨ ਜੋ ਭਿੰਨ ਭਿੰਨ ਦੇਸ਼ਾਂ ਵਿੱਚ ਮੌਜੂਦ ਹਨ।ਇਸ ਅਨੋਖੇ ਦੇਸ਼ ਦਾ ਆਪਣਾ ਹੀ ਕਾਲਪਨਿਕ ਝੰਡਾ,ਕਰੰਸੀ ਤੇ ਪਾਸਪੋਰਟ ਹੈ।

ਇਸ ਦੇਸ਼ ਦੀ ਰਾਜਧਾਨੀ ਭਾਰਤ ਦੇ ਸ਼ਹਿਰ ਦਿੱਲੀ (ਐਨ.ਸੀ.ਆਰ.)ਵਿੱਚ ਸਥਿਤ ਹੈ।ਨੋਇਡਾ ਦੇ ਸੈਕਟਰ 38 ਵਿੱਚ ਇਸ ਦੇ ਹੈੱਡਕੁਆਰਟਰ ਵਿੱਚ ਦਾਖ਼ਲ ਹੁੰਦਿਆਂ ਹੀ ਇਸ ਦੇਸ਼ ਦੇ ਨਾਗਰਿਕਾਂ ਦਾ "ਆਜ਼ਾਦੀ ਦਾ ਐਲਾਨ"(Declaration Of Independence) ਲਿਖਿਆ ਮਿਲਦਾ ਹੈ-"We, the kids of the world proclaim our independence from adults. We hereby hold the following Truths to be obvious that all kids are created equal and that we are endowed with certain irrevocable Rightz to BE,to KNOW,to CREATE,to SHARE,to CARE,and to PLAY in the pursuit of our happiness and the happiness of the world. We, therefore make known our joining together as One-force,as One-spirit and with One-vision in the development of a better world where education and experimentation will lay the foundation for our readiness to inherit the world unified in our purpose.We thereby declare ourselves now and forever INDEPENDENCE.ਇਸ ਵਿਸ਼ਾਲ ਦੋ-ਮੰਜ਼ਿਲਾ ਇਮਾਰਤ ਦੇ ਅੰਦਰ ਬੱਚਿਆਂ ਦੇ ਆਜ਼ਾਦੀ ਸੰਕਲਪ ਨੂੰ ਸਾਕਾਰ ਕਰਨ ਲਈ ਢੁਕਵਾਂ ਮਾਹੌਲ ਸਿਰਜਿਆ ਗਿਆ ਹੈ।ਇੱਥੇ ਭਿੰਨ ਭਿੰਨ ਕੰਪਨੀਆਂ -ਪਾਰਲੇ, ਡਨਕਿਨ, ਯੈਸਬੈਂਕ, ਮਾਰੂਤੀ, ਬਜਾਜ, ਪੈਪਰਫ੍ਰਾਈ, ਪੈਡਲਪੌਪ, ਫਰੂਟੀ, ਡੋਮੀਨੋ, ਕਿੰਡਰਜੋਏ, ਆਡੀਡਾਸ, ਬਿੱਗ ਬਾਜ਼ਾਰ, ਐਕੁਆਗਾਰਡ, ਚੋਕੋਸ, ਵੀ.ਐਲ.ਸੀ.ਸੀ, ਡੀ.ਐਲ.ਐਫ. ਆਦਿ ਨੇ ਆਪਣੇ ਉਤਪਾਦਨਾਂ ਦੀਆਂ ਮਸ਼ੀਨਾਂ ਤੇ ਸਾਜ਼ੋਸਾਮਾਨ ਰੱਖੇ ਹੋਏ ਹਨ ਜਿਨ੍ਹਾਂ ਨੂੰ ਬੱਚੇ ਆਪਣੇ ਹੱਥਾਂ ਨਾਲ ਖੁਦ ਚਲਾਉਂਦੇ ਹਨ।ਬੱਚਿਆਂ ਦੀ ਦਿਲਚਸਪੀ ਲਈ ਉਨ੍ਹਾਂ ਵਲੋਂ ਤਿਆਰ ਕੀਤੀਆਂ ਖਾਧ-ਵਸਤਾਂ ਉਨ੍ਹਾਂ ਨੂੰ ਹੀ ਖਾਣ ਲਈ ਦੇ ਦਿੱਤੀਆਂ ਜਾਂਦੀਆਂ ਹਨ।ਕੁੱਝ ਸਟਾਲਾਂ ਹਨ। ਜਿੱਥੋਂ ਪੈਸੇ ਕਮਾਏ ਜਾਂਦੇ ਹਨ ਅਤੇ ਕੁੱਝ ਤੇ ਖਰਚੇ ਜਾਂਦੇ ਹਨ। ਜੇ ਕੋਈ ਬੱਚਤ ਹੋ ਜਾਵੇ ਤਾਂ ਅੰਦਰ ਸਥਿਤ ਯੈਸ ਬੈਂਕ ਵਿੱਚ ਖਾਤਾ (ਨਕਲੀ) ਖੋਲ੍ਹ ਕੇ ਕਰੈਡਿਟ ਕਾਰਡ ਵੀ ਲਿਆ ਜਾ ਸਕਦਾ ਹੈ।

ਕਿਡਜ਼ਾਨੀਆਂ ਦੇ ਅੰਦਰ ਹੀ ਐਮਿਟੋ ਯੂਨੀਵਰਸਿਟੀ ਦਾ ਕੇਂਦਰ ਵੀ ਹੈ ਜਿੱਥੋਂ ਬੱਚਾ ਆਪਣੇ ਮਨਪਸੰਦ ਵਿਸ਼ੇ ਦੀ ਡਿਗਰੀ ਹਾਸਿਲ ਕਰ ਸਕਦਾ ਹੈ ਜਿਸ ਨਾਲ ਉਹ ਅੰਦਰ ਹੀ ਨੌਕਰੀ ਪ੍ਰਾਪਤ ਕਰਕੇ ਪੈਸੇ ਵੀ ਕਮਾ ਸਕਦਾ ਹੈ।ਇੱਥੇ ਇਸ ਦੇਸ਼ ਦਾ ਪਾਸਪੋਰਟ ਦਫ਼ਤਰ ਵੀ ਹੈ ਜੋ ਆਪਣੇ ਨਾਗਰਿਕਾਂ ਨੂੰ ਪਾਸਪੋਰਟ (Passport) ਜਾਰੀ ਕਰਦਾ ਹੈ ਅਤੇ ਬੱਚਿਆਂ ਨੂੰ ਇਸ ਦੇਸ਼ ਦਾ ਨਾਗਰਿਕ ਬਣਾਉਂਦਾ ਹੈ।ਇਸ ਹਾਲ ਦੇ ਅੰਦਰ ਹੀ ਹਸਪਤਾਲ, ਆਵਾਜਾਈ ਕੰਟਰੋਲ ਕੇਂਦਰ, ਪੁਲਿਸ ਸਟੇਸ਼ਨ, ਫਾਇਰ ਬ੍ਰਿਗੇਡ, ਅਦਾਲਤ, ਬਿਊਟੀਸ਼ੀਅਨ ਸੈਂਟਰ, ਸੰਗੀਤ, ਨਾਚ, ਮੂਰਤੀ ਕਲਾ, ਪੇਂਟਿੰਗ ਸਿਖਲਾਈ ਕੇਂਦਰ ਤੇ ਫਿਲਮ-ਸਟੂਡਿਊ ਵੀ ਬਣੇ ਹੋਏ ਹਨ ਜਿਨ੍ਹਾਂ ਨੂੰ ਬੱਚੇ ਖੁਦ ਚਲਾ ਕੇ ਪ੍ਰੈਕਟੀਕਲ ਗਿਆਨ ਲੈਂਦੇ ਹਨ।ਬੱਚੇ ਪੈਸੇ ਕਮਾਉਣ ਦੇ ਲਾਲਚ ਵਿੱਚ ਖੂਬ ਭੱਜੇ ਫਿਰਦੇ ਹਨ।ਉਹ ਵਰਦੀਆਂ ਪਾ ਕੇ ਪੁਲਿਸ-ਇਨਕੁਰੀਆਂ ਕਰਦੇ ਹਨ,ਫਾਇਰ ਬ੍ਰੀਗੇਡ ਅਤੇ ਐਂਬੂਲੈਂਸ ਡਿਊਟੀਆਂ ਕਰਦੇ ਬਹੁਤ ਹੀ ਪਿਆਰੇ ਲਗਦੇ ਹਨ।ਉਹ ਚਾਕਲੇਟ, ਬਿਸਕੁਟ, ਜੂਸ ਤੇ ਆਇਸ ਕ੍ਰੀਮ ਤਿਆਰ ਕਰਕੇ ਖੁਦ ਹੀ ਖਾਣ ਦਾ ਮਜ਼ਾ ਲੈਂਦੇ ਹਨ। ਬੱਚੇ ਢੋਲ ਬਜਾਉਂਦੇ,ਨੱਚਦੇ,ਗਾਉਂਦੇ ਤੇ ਚੀਕਾਂ ਮਾਰਦੇ ਖੂਬ ਆਨੰਦ ਮਾਣਦੇ ਹਨ।ਕੁੱਝ ਛੋਟੀਆਂ ਛੋਟੀਆਂ ਟ੍ਰਾਲੀਆਂ ਵਿੱਚ ਪਾਰਸਲ ਰੱਖ ਕੇ ਕੋਰੀਅਰ ਸੇਵਾ ਨਿਭਾਉਂਦੇ ਹਨ।ਬੱਚਿਆਂ ਨੂੰ ਅਖਬਾਰਾਂ ਲਈ ਖ਼ਬਰਾਂ ਤਿਆਰ ਕਰਨ,ਟੀ.ਵੀ. ਤੇ ਪ੍ਰੋਗ੍ਰਾਮ ਪੇਸ਼ ਕਰਨ ਅਤੇ ਭਾਸ਼ਣ ਦੇਣ ਦੀ ਅਮਲੀ ਸਿਖਲਾਈ ਦਿੱਤੀ ਜਾਂਦੀ ਹੈ।ਇੱਕ ਹਵਾਈ ਜਹਾਜ਼ ਵਿੱਚ ਸਵਾਰੀ ਕਰਨ ਤੋਂ ਪਹਿਲਾਂ ਕੀਤੀਆਂ ਜਾਂਦੀਆਂ ਸਾਰੀਆਂ ਕਾਰਵਾਈਆਂ ਵਿੱਚੋਂ ਲੰਘਾ ਕੇ ਅਤੇ ਫਿਰ ਇਸ ਦੀ ਪਾਇਲਟ ਸੀਟ ਤੇ ਬਿਠਾ ਕੇ ਬੱਚਿਆਂ ਨੂੰ ਗਿਆਨ ਦੇਣਾ ਬਹੁਤ ਹੀ ਲਾਹੇਵੰਦ ਅਤੇ ਦਿਲਚਸਪ ਤਜ਼ਰਬਾ ਹੈ।ਇਸ ਨਾਲ ਬੱਚਿਆਂ ਦੀ ਕੁੱਝ ਬਣਨ, ਜਾਣਣ, ਸਿਰਜਣ, ਸਾਂਝਾ ਕਰਨ, ਧਿਆਨ ਰੱਖਣ ਅਤੇ ਖੇਡਣ ਦੀ ਰੀਝ ਪੂਰੀ ਹੋ ਜਾਂਦੀ ਹੈ।ਉਹ ਕੁੱਝ ਸਮੇਂ ਲਈ ਆਪਣੇ ਵੱਡਿਆਂ ਦੀਆਂ ਨਸੀਹਤਾਂ,ਝਿੜਕਾਂ ਤੇ ਪਾਬੰਦੀਆਂ ਤੋਂ ਨਜ਼ਾਤ ਪਾ ਲੈਂਦੇ ਹਨ। ਉਂਜ ਕਿਡਜ਼ਾਨੀਆਂ ਦੇ ਅੰਦਰ ਕਮਾਏ ਹੋਏ ਕਿਡੋਜ਼,ਹਾਸਿਲ ਕੀਤੀ ਹੋਈ ਡਿਗਰੀ, ਪਾਸਪੋਰਟ, ਕ੍ਰੈਡਿਟ ਕਾਰਡ ਅਤੇ ਬੈਂਕ ਖਾਤੇ ਦੀ ਬਾਹਰ ਕੋਈ ਕੀਮਤ ਨਹੀਂ। ਭਾਵੇਂ ਹਾਲ ਤੋਂ ਬਾਹਿਰ



ਨਿਕਲਦਿਆਂ ਹੀ ਬੱਚਿਆਂ ਦੇ ਇਸ ਆਜ਼ਾਦ ਦੇਸ਼ ਦਾ ਸੁਪਨਾ ਖਤਮ ਹੋ ਜਾਂਦਾ ਹੈ ਪਰੰਤੂ ਇਸ ਤੋਂ ਹਾਸਿਲ ਕੀਤੇ ਮਿੱਠੇ ਤੇ ਬਹੁਮੁੱਲੇ ਤਜੁਰਬੇ ਬੱਚੇ ਦੇ ਧੁਰ ਅੰਦਰ ਘਰ ਕਰ ਜਾਂਦੇ ਹਨ।

ਖਾਸ ਗੱਲ ਇਹ ਹੈ ਕਿ ਇਨ੍ਹਾਂ ਕੰਮਾਂ ਦੀ ਚੋਣ ਕਰਨ ਅਤੇ ਨੇਪਰੇ ਚਾੜ੍ਹਨ ਲਈ ਬੱਚਾ ਪੂਰੀ ਤਰਾਂ ਆਜ਼ਾਦ ਹੁੰਦਾ ਹੈ। ਵੱਡਿਆਂ ਦੇ ਬੈਠਣ ਅਤੇ ਆਰਾਮ ਕਰਨ ਦਾ ਵੀ ਪੂਰਾ ਪ੍ਰਬੰਧ ਹੈ ਪਰੰਤੂ ਉਨ੍ਹਾਂ ਨੂੰ ਬੱਚਿਆਂ ਦੇ ਕੰਮ ਵਿੱਚ ਦਖਲਅੰਦਾਜ਼ੀ ਕਰਨ ਦੀ ਆਗਿਆ ਨਹੀਂ। ਇੱਕ ਇਲੈਕਟ੍ਰੌਨਿਕ ਯੰਤਰ ਰਾਹੀਂ ਬੱਚਿਆਂ ਦਾ ਉਨ੍ਹਾਂ ਦੇ ਮਾਂ-ਬਾਪ ਨਾਲ ਸੰਪਰਕ ਰੱਖਿਆ ਜਾਂਦਾ ਹੈ। ਇਸ ਪ੍ਰੋਗਰਾਮ ਲਈ ਤਿੰਨ ਘੰਟਿਆਂ ਤੋਂ ਪੂਰੇ ਦਿਨ ਦਾ ਸਮਾਂ ਨਿਯਤ ਕੀਤਾ ਗਿਆ ਹੈ। ਇਸ ਦੀ ਟਿਕਟ ਦੀ ਕੀਮਤ ਸਮੇਂ, ਉਮਰ ਅਤੇ ਹਫਤੇ ਦੇ ਦਿਨ ਅਨੁਸਾਰ ਵੱਖ ਵੱਖ ਹੈ।

ਬੱਚਿਆਂ ਦੀ ਸਿਰਜਨਾਤਮਿਕ ਸ਼ਕਤੀ ਨੂੰ ਉਜਾਗਰ ਕਰਨ ਅਤੇ ਉਨ੍ਹਾਂ ਵਿੱਚ ਆਤਮਵਿਸ਼ਵਾਸ ਦੀ ਭਾਵਨਾ ਨੂੰ ਦ੍ਰਿੜ ਕਰਨ ਦਾ ਇਹ ਇੱਕ ਬਹੁਤ ਵਧੀਆ ਉਪਰਾਲਾ ਹੈ ਜੋ ਕਿ ਮਨੋਰੰਜਕ ਹੋਣ ਦੇ ਨਾਲ ਨਾਲ ਸਿੱਖਿਆਦਾਇਕ ਵੀ ਹੈ। ਇਸ ਨਾਲ ਬੱਚੇ ਵਿੱਚ ਖੁਦ ਫ਼ੈਸਲੇ ਲੈਣ ਦੀ ਸ਼ਕਤੀ ਪੈਦਾ ਹੋਣ ਨਾਲ ਜ਼ਿੰਮੇਵਾਰੀ ਦਾ ਅਹਿਸਾਸ ਪੱਕਾ ਹੁੰਦਾ ਹੈ। ਇਸ ਲਈ ਪੰਜ ਸਾਲ ਤੋਂ ਬਾਰਾਂ ਸਾਲ ਦੇ ਬੱਚਿਆਂ ਲਈ ਇਹ ਬਹੁਤ ਉਪਯੋਗੀ ਹੈ। ਜਦੋਂ ਵੀ ਮੌਕਾ ਮਿਲੇ ਬੱਚੇ ਨੂੰ ਕਿਡਜ਼ਾਨੀਆਂ ਦੀ ਵਿਜ਼ਿਟ ਕਰਵਾ ਦੇਣੀ ਚਾਹੀਦੀ ਹੈ।

❊ ❊ ❊ ❊ ❊

## ਸੁਨੇਹੇ ਸੱਜਣਾਂ ਦੇ

•ਸੈਣੀ ਸੰਸਾਰ ਮੈਗਜ਼ੀਨ ਬਗੈਰ ਕਿਸੇ ਰੋਕ ਟੋਕ ਤੋਂ ਮਿਲ ਰਿਹਾ ਹੈ। ਪੜ੍ਹ ਕੇ ਚੰਗਾ ਲਗਦਾ ਹੈ ਤੇ ਖੁਸ਼ੀ ਹੁੰਦੀ ਹੈ। ਰਚਨਾਵਾਂ ਵੀ ਵਧੀਆ ਹੁੰਦੀਆਂ ਹਨ। ਤੁਹਾਡੀ ਹੋਰ ਕਾਰਗੁਜ਼ਾਰੀ ਦਾ ਵੀ ਪਤਾ ਲਗਦਾ ਰਹਿੰਦਾ ਹੈ। ਖੁਸ਼ੀ ਹੁੰਦੀ ਹੈ ਤੁਹਾਡਾ ਕੰਮ ਦੇਖ ਪੜ੍ਹ ਕੇ। ਤੁਹਾਡੇ ਨਾਲ ਬਹੁਤ ਸੱਜਣ ਮਨ ਧਨ ਨਾਲ ਜੁੜੇ ਹੋਏ ਹਨ ਜਿਸ ਦੀ ਬਦੌਲਤ ਤੁਸੀਂ ਚੋਖੀ ਸੇਵਾ ਕਰਦੇ ਹੋ। -ਸ.ਚਰਨਜੀਤ ਸਿੰਘ ਕਤਰਾ, ਸਹੌੜਾਂ (ਜ਼ਿਲ੍ਹਾ ਮੋਹਾਲੀ)

•ਸੈਣੀ ਸੰਸਾਰ ਪੜ੍ਹ ਕੇ ਮਜ਼ਾ ਆ ਜਾਂਦਾ। ਨਾਲੇ ਸੈਣੀ ਭਵਨ ਰੋਪੜ ਦੀਆਂ ਖਬਰਾਂ ਮਿਲਦੀਆਂ ਰਹਿੰਦੀਆਂ। ਬਈ ਬਹੁਤ ਵਧੀਆ ਕੰਮ ਕਰ ਰਹੇ ਹੋ। ਬਹੁਤ ਬਹੁਤ ਵਧਾਈਆਂ ਤੇ ਧੰਨਵਾਦ। -ਸ.ਮਹਿੰਦਰ ਸਿੰਘ,(ਰਿਟਾ.ਡਿਪਟੀ ਸੈਕਟਰੀ) ਮੋਹਾਲੀ।

•ਮੈਗਜ਼ੀਨ ਸੈਣੀ ਸੰਸਾਰ ਦਾ ਐਡੀਟੋਰੀਅਲ ਪੜ੍ਹ ਕੇ ਦਿਲ ਖੁਸ਼ ਹੋ ਗਿਆ। ਬੜੀ ਸੰਜੀਦਗੀ ਨਾਲ ਮੌਜੂਦਾ ਗੰਦੀ ਰਾਜਨੀਤੀ ਦੇ ਪਾਜ ਉਧੇੜੇ ਗਏ ਹਨ। ਬਹੁਤ ਗਿਆਨ ਤੇ ਚੇਤਨਤਾ ਮਿਲਦੀ ਹੈ। ਪ੍ਰਮਾਤਮਾ ਤੁਹਾਨੂੰ ਤੰਦਰੁਸਤੀ ਬਖਸ਼ੇ। ਅੱਗੇ ਵਧਦੇ ਚਲੋ। ਸ.ਜਰਨੈਲ ਸਿੰਘ, ਤੰਬੜ ਫਾਰਮ, ਨੌਰੰਗਪੁਰ, ਪਲੀਆ(ਯੂ.ਪੀ.)

•ਸੈਣੀ ਸੰਸਾਰ ਦਾ ਸਾਰਾ ਮੈਟਰ ਬਹੁਤ ਸ਼ਲਾਘਾਯੋਗ ਹੈ। ਤੁਸੀਂ ਬਹੁਤ ਮਿਹਨਤ ਕਰਦੇ ਹੋ। ਗੁਰੂ ਤੁਹਾਨੂੰ ਹੋਰ ਤਾਕਤ ਤੇ ਬੁੱਧੀ ਬਖਸ਼ੇ। ਸਮਾਜ ਦੀ ਸੇਵਾ ਕਰਦੇ ਰਹੋ।

ਇੰਜ.ਜਸਵੰਤ ਸਿੰਘ,ਜਲੰਧਰ

❊ ❊ ❊ ❊ ❊

## ਸੁਨੇਹਾ ਦੇਣ ਦਾ ਨਿਰਾਲਾ ਢੰਗ

ਬ੍ਰਾਜ਼ੀਲ ਦੇ ਇੱਕ ਧਨਾਢ ਚੀਕਿਊਯੁਨੀਹੋ ਨੇ ਇਹ ਐਲਾਨ ਕਰਕੇ ਸਨਸਨੀ ਫੈਲਾ ਦਿੱਤੀ ਕਿ ਉਹ ਆਪਣੀ 10 ਲੱਖ ਡਾਲਰ(ਸੱਤ ਕਰੋੜ) ਦੀ ਬੈਂਟਲੇ ਕਾਰ ਨੂੰ ਦਫ਼ਨਾ ਦੇਵੇਗਾ ਤਾਂ ਜੋ ਮਰਨ ਤੋਂ ਬਾਅਦ ਵੀ ਉਸ ਦੇ ਕੰਮ ਆ ਸਕੇ। ਉਸ ਦੇ ਜਾਣਕਾਰਾਂ ਨੇ ਇਸ ਐਲਾਨ ਪ੍ਰਤਿ ਕਈ ਤਰਾਂ ਦੀਆਂ ਗੱਲਾਂ ਕੀਤੀਆਂ। ਕਿਸੇ ਨੇ ਕਿਹਾ ਉਹ ਪਾਗਿਲ ਹੋ ਗਿਆ ਹੈ ਅਤੇ ਕਿਸੇ ਨੇ ਕਿਹਾ ਉਸ ਨੂੰ ਪੈਸੇ ਦੀ ਕਦਰ ਨਹੀਂ ਆਦਿ ਆਦਿ। ਨਿਸ਼ਚਿਤ ਦਿਨ 'ਤੇ ਉਸ ਨੇ ਇੱਕ ਖੂਬਸੂਰਤ ਪਾਰਕ ਵਿੱਚ ਕਬਰ ਖੁਦਵਾਈ ਅਤੇ ਕਾਰ ਉੱਥੇ ਲੈ ਆਇਆ। ਮੌਕੇ 'ਤੇ ਹੀ ਯੁਨੀਹੋ ਨੇ ਲੋਕਾਂ ਨੂੰ ਇਕੱਠੇ ਕੀਤਾ ਅਤੇ ਮੁਖਾਤਿਬ ਹੋ ਕੇ ਕਹਿਣ ਲੱਗਾ, "ਕਾਰ ਦਫ਼ਨਾਉਣ ਦੇ ਐਲਾਨ ਬਾਰੇ ਮੈਂ ਕਈ ਤਰਾਂ ਦੀ ਆਲੋਚਨਾ ਸੁਣੀ ਹੈ ਪਰੰਤੂ ਮੈਂ ਚੁੱਪ ਰਿਹਾ ਕਿਉਂਕਿ ਮੈਂ ਤੁਹਾਨੂੰ ਇੱਕ ਸੁਨੇਹਾ ਦੇਣਾ ਚਾਹੁੰਦਾ ਹਾਂ। ਮੈਂ ਇਹ ਕਾਰ ਦਫ਼ਨਾਉਣ ਦਾ ਪ੍ਰੋਗਰਾਮ ਰੱਦ ਕਰਦਾ ਹਾਂ।" ਲੋਕ ਹੈਰਾਨੀ ਨਾਲ ਉਸ ਦੇ ਮੂੰਹ ਵੱਲ ਦੇਖਣ ਲੱਗੇ। ਉਹ ਤੁਰੰਤ ਬੋਲਿਆ," ਇੱਕ ਕੀਮਤੀ ਕਾਰ ਦਫ਼ਨਾਉਣ ਦੇ ਐਲਾਨ 'ਤੇ ਤੁਸੀਂ ਮੇਰੀ ਰੱਜ ਕੇ ਆਲੋਚਨਾ ਕੀਤੀ ਪਰੰਤੂ ਤੁਸੀਂ ਸਾਰੇ ਅਣਜਾਣੇ ਵਿੱਚ ਹਰ ਰੋਜ਼ ਸੈਂਕੜੇ ਬੇਸ਼ਕੀਮਤੀ ਚੀਜ਼ਾਂ ਦਫਨਾਉਂਦੇ ਹੋ।" ਸਾਰੇ ਉਸ ਦੇ ਮੂੰਹ ਵੱਲ ਬਿਟ ਬਿਟ ਤੱਕਣ ਲੱਗੇ ਤਾਂ ਉਸ ਨੇ ਕਿਹਾ, "ਤੁਸੀਂ ਆਪਣੇ ਸਬੰਧੀਆਂ ਦੇ ਬਹੁਮੁੱਲੇ ਗੁਰਦੇ, ਹੱਡੀਆਂ, ਅੱਖਾਂ, ਦਿਲ ਅਤੇ ਹੋਰ ਅੰਗਾਂ ਨੂੰ ਦਫ਼ਨਾਉਂਦਿਆਂ ਇਨ੍ਹਾਂ ਦੀ ਕੀਮਤ ਬਾਰੇ ਕਦੇ ਨਹੀਂ ਸੋਚਿਆ। ਇਹ ਤਾਂ ਮੇਰੀ ਕਾਰ ਨਾਲੋਂ ਕਿਤੇ ਵੱਧ ਮਹਿੰਗੇ ਤੇ ਦੁਰਲੱਭ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਇਨ੍ਹਾਂ ਕੀਮਤੀ ਮਨੁੱਖੀ ਅੰਗਾਂ ਨੂੰ ਅਜਾਈਂ ਗੁਆਉਣ ਦੀ ਬਜਾਏ ਇਨ੍ਹਾਂ ਨੂੰ ਮੌਤ ਬਾਅਦ ਦਾਨ ਕੀਤਾ ਜਾਵੇ ਤਾਂ ਜੋ ਲੱਖਾਂ ਅੰਗਹੀਣਾਂ ਨੂੰ ਨਵੀਂ ਜ਼ਿੰਦਗੀ ਮਿਲ ਸਕੇ।" ਯੁਨੀਹੋ ਦਾ ਇਹ ਸੁਨੇਹਾ ਸੁਣ ਕੇ ਸਾਰੀ ਭੀੜ ਵਿੱਚ ਚੁੱਪ ਵਰਤ ਗਈ ਤੇ ਲੋਕ ਉਸ ਦੀ ਸੋਚ ਤੇ ਸੁਨੇਹਾ ਦੇਣ ਦੇ ਢੰਗ ਨੂੰ ਮਨੋਮਨੀ ਸਲਾਮ ਕਰਦੇ ਆਪਣੇ ਘਰਾਂ ਨੂੰ ਪਰਤ ਗਏ।

ਵਿਗਿਆਨ

# ਮਹਾਂਰਥੀ ਗ੍ਰਹਿ ਬ੍ਰਹਿਸਪਤੀ ਦਾ ਪਾਂਧੀ-ਜੂਨੋ

ਰਾਜਵਿੰਦਰ ਸਿੰਘ



ਪੰਜਾਬੀ ਦੇ ਸ਼ਾਇਰ ਪ੍ਰੋ.ਮੋਹਨ ਸਿੰਘ ਦਾ ਕਥਨ:

ਅਣੂ ਤੋਂ ਬ੍ਰਹਿਮੰਡ ਤੀਕਰ
ਕਰਨੀ ਹੈ ਜਿਸ ਯਾਤਰਾ
ਅੱਧਾ ਪੈਂਡਾ ਮੁਕਾਇਆ
ਅੱਧਾ ਬਾਕੀ ਹੈ ਪਿਆ।

ਅਧੂਰਾ ਜਾਪਦਾ ਹੈ।ਬ੍ਰਹਿਮੰਡੀ ਵਸਤਾਂ (ਪਿੰਡਾਂ) ਦੀ ਜਾਣਕਾਰੀ ਹਾਸਿਲ ਕਰਨ ਲਈ ਤੁਰੇ ਖੋਜੀ ਮਨੁੱਖ ਦਾ ਸਫਰ ਤਾਂ ਅਜੇ ਅੱਧੇ ਤੋਂ ਕਿਤੇ ਘੱਟ ਤੈਅ ਹੋਇਆ ਹੈ।ਸੂਰਜ,ਬ੍ਰਹਿਮੰਡ ਵਿੱਚ ਮੌਜੂਦ ਅਰਬਾਂ-ਖਰਬਾਂ ਤਾਰਿਆਂ ਵਿੱਚ ਇੱਕ ਦਰਮਿਆਨਾ ਜਿਹਾ ਤਾਰਾ ਹੈ।ਇਸ ਦੁਆਲੇ ਨੌਂ ਗ੍ਰਹਿ ਚੱਕਰ ਲਗਾ ਰਹੇ ਹਨ ਜਿਨ੍ਹਾਂ ਵਿੱਚੋਂ ਪ੍ਰਿਥਵੀ ਗ੍ਰਹਿ (ਧਰਤੀ) ਇੱਕ ਹੈ ਜਿਸ 'ਤੇ ਮਨੁੱਖ ਰਹਿੰਦਾ ਹੈ।ਸੂਰਜ ਦੇ ਚਾਰ ਗ੍ਰਹਿ ਤਾਂ ਪ੍ਰਿਥਵੀ ਨਾਲੋਂ ਕਿਤੇ ਵੱਧ ਵੱਡੇ ਅਤੇ ਬਹੁਤ ਦੂਰ ਹਨ।ਅਜੇ ਤਾਂ ਅਸੀਂ ਆਪਣੀ ਧਰਤੀ ਦਾ ਥਾਹ ਨਹੀਂ ਪਾ ਸਕੇ ਤਾਂ ਦੂਜੇ ਗ੍ਰਹਿਆਂ ਦੀ ਜਾਣਕਾਰੀ ਕਦੋਂ ਮਿਲੇਗੀ? ਇਸ ਨਜ਼ਰੀਏ ਤੋਂ ਪੂਰੇ ਬ੍ਰਹਿਮੰਡ ਦਾ ਗਿਆਨ ਹਾਸਿਲ ਕਰਨਾ ਤਾਂ ਅਸੰਭਵ ਲਗਦਾ ਹੈ।ਪਰ ਨਹੀਂ,ਮਨੁੱਖ ਏਨੀ ਜਲਦੀ ਹਾਰ ਮੰਨਣ ਵਾਲਾ ਨਹੀਂ।ਇਹ ਬਹੁਤ ਸਿਰੜੀ ਤੇ ਜ਼ਿੱਦੀ ਹੈ।ਇਸ ਨੇ ਤਾਂ ਲੰਮੇਰੇ ਪੰਧ ਦਾ ਦਾਈਆ ਰੱਖਿਆ ਹੋਇਆ ਹੈ।ਹੁਣ ਮਨੁੱਖ ਨੇ ਬ੍ਰਹਿਸਪਤੀ (ਜੁਪੀਟਰ) ਵਰਗੇ ਮਹਾਂਰਥੀ ਨਾਲ ਵੀ ਆਡਾ ਲੈ ਲਿਆ ਹੈ।

ਬ੍ਰਹਿਸਪਤੀ,ਦੂਜੇ ਗ੍ਰਹਿਆਂ ਨਾਲੋਂ ਬਹੁਤ ਬਚਿੱਤ੍ਰ ਹੈ।ਇਸ ਨੇ ਨੌਂ ਗ੍ਰਹਿਆਂ ਦੇ ਵਿਚਕਾਰ ਥਾਂ ਮੱਲੀ ਹੋਈ ਹੈ।ਇਹ ਧਰਤੀ ਨਾਲੋਂ 318 ਗੁਣਾ ਭਾਰਾ ਅਤੇ ਆਕਾਰ ਵਿੱਚ 10 ਗੁਣਾ ਤੋਂ ਵੀ ਵੱਧ ਵੱਡਾ ਹੋਣ ਦੇ ਬਾਵਜੂਦ ਆਪਣੇ ਧੁਰੇ ਦੁਆਲੇ ਇੰਨਾ ਤੇਜ਼ ਘੁੰਮਦਾ ਹੈ ਕਿ 4 ਲੱਖ,29 ਹਜ਼ਾਰ ਕਿਲੋਮੀਟਰ ਸਫਰ ਕੇਵਲ 9 ਘੰਟੇ ਤੇ 50 ਮਿੰਟ ਵਿੱਚ ਤੈਅ ਕਰ ਲੈਂਦਾ ਹੈ(ਧਰਤੀ ਕਰੀਬ 38500 ਕਿਲੋਮੀਟਰ ਅਜਿਹਾ ਸਫਰ 24 ਘੰਟਿਆਂ ਵਿੱਚ ਕਰਦੀ ਹੈ)।ਇਸ ਦਾ ਭਾਵ ਹੈ ਕਿ ਬ੍ਰਹਿਸਪਤੀ ਦਾ ਦਿਨ-ਰਾਤ 10 ਘੰਟੇ ਤੋਂ ਵੀ ਘੱਟ ਸਮੇਂ ਦਾ ਹੈ।ਸੂਰਜ ਤੋਂ 7783 ਲੱਖ ਕਿਲੋਮੀਟਰ ਦੂਰ ਰਹਿ ਕੇ ਉਸ ਦੁਆਲੇ ਘੁੰਮਦਿਆਂ ਬ੍ਰਹਿਸਪਤੀ ਨੂੰ ਇੱਕ ਚੱਕਰ ਪੂਰਾ ਕਰਨ ਲਈ 11.86 ਸਾਲ ਲੱਗ ਜਾਂਦੇ ਹਨ।ਤੁਹਾਨੂੰ ਯਾਦ ਹੋਵੇਗਾ ਕਿ ਸਾਲ ਉਹ ਸਮਾਂ ਹੈ ਜੋ ਧਰਤੀ,ਸੂਰਜ ਦੁਆਲੇ ਘੁੰਮਣ ਨੂੰ ਲਗਾਉਂਦੀ ਹੈ।ਧਰਤੀ ਦਾ ਇੱਕ ਹੀ ਉੱਪ-ਗ੍ਰਹਿ ਚੰਦ ਹੈ ਜਦੋਂ ਕਿ ਬ੍ਰਹਿਸਪਤੀ ਦੇ,ਸਭ ਗ੍ਰਹਿਆਂ ਤੋਂ ਵੱਧ 12 ਉਪਗ੍ਰਹਿ ਹਨ।

ਵਿਗਿਆਨੀਆਂ ਨੇ ਇਸ ਮਹਾਨ ਗ੍ਰਹਿ ਦੇ ਆਕਾਰ,ਭਾਰ ਤੇ ਗਤੀ ਦੀ ਮਿਣਤੀ ਗਿਣਤੀ ਤਾਂ ਕਰ ਲਈ ਪਰੰਤੂ ਇਸ ਦੇ ਜਨਮ,ਵਿਕਾਸ,ਸ਼ਕਤੀਸ਼ਾਲੀ ਚੁੰਬਕੀ ਖੇਤਰ ਤੇ ਸੰਘਣੇ ਵਾਯੂਮੰਡਲ ਦੇ ਭੇਦ ਅਜੇ ਬਰਕਰਾਰ ਹਨ।ਇਹ ਅਤਿ ਮੁਸ਼ਕਲ ਕੰਮ ਹੈ ਕਿਉਂਕਿ ਇਸ ਗ੍ਰਹਿ ਉੱਪਰ ਛਾਏ ਸੰਘਣੇ ਬੱਦਲ ਵਿਗਿਆਨੀਆਂ ਦੇ ਕੈਮਰਿਆਂ ਨੂੰ ਇਸ ਦੇ ਅੰਦਰ ਨਹੀਂ ਝਾਕਣ ਦਿੰਦੇ।ਅਮਰੀਕੀ ਪੁਲਾੜ ਸੰਸਥਾ(ਨਾਸਾ) ਦੇ ਵਿਗਿਆਨੀਆਂ ਨੇ ਪਹਿਲਾਂ ਵੀ ਇੱਕ ਮਨੁੱਖੀ ਉੱਪਗ੍ਰਹਿ(ਪੁਲਾੜ ਯਾਨ),ਗੈਲੀਲੀਓ ਬ੍ਰਹਿਸਪਤੀ ਵੱਲ ਭੇਜਿਆ ਸੀ ਜਿਸ ਨੇ 1995 ਤੋਂ 2003 ਤੱਕ ਇਸ ਗ੍ਰਹਿ ਦੁਆਲੇ ਗੇੜੇ ਲਾਉਂਦਿਆਂ ਜਾਣਕਾਰੀ ਹਾਸਿਲ ਕੀਤੀ ਸੀ ਪਰੰਤੂ ਇਹ ਏਨੀ ਸਪਸ਼ਟ ਨਹੀਂ ਸੀ।ਹੁਣ 5 ਅਗਸਤ 2011 ਨੂੰ ਨਾਸਾ ਵਲੋਂ ਫਲੋਰਿਡਾ (ਅਮਰੀਕਾ) ਦੇ ਕਨਵਰੇਲ ਏਅਰਫੋਰਸ ਸਟੇਸ਼ਨ ਤੋਂ ਦਾਗੇ ਗਏ ਪੁਲਾੜਯਾਨ ,ਜੂਨੋ ਵਿੱਚ ਅਜਿਹੇ ਉਪਕਰਣ ਫਿੱਟ ਹਨ ਜੋ ਬ੍ਰਹਿਸਪਤੀ ਦੀ ਸਤਹਿ ਤੋਂ ਪੰਜ ਹਜ਼ਾਰ ਕਿਲੋਮੀਟਰ ਦੀ ਦੂਰੀ ਤੋਂ ਇਸ ਦੇ ਧਰਾਤਲ ਦੀਆਂ ਤਸਵੀਰਾਂ ਖਿੱਚਣ ਤੇ ਵੀਡੀਓ ਦ੍ਰਿਸ਼ ਪ੍ਰਿਥਵੀ 'ਤੇ ਭੇਜਣ ਦੇ ਸਮਰਥ ਹਨ।ਸੂਰਜੀ ਊਰਜਾ ਨਾਲ ਚੱਲਣ ਵਾਲਾ ਜੂਨੋ 2.8 ਅਰਬ ਕਿਲੋਮੀਟਰ ਦਾ ਫਾਸਲਾ ਲਗਭੱਗ 5 ਸਾਲਾਂ ਵਿੱਚ ਤੈਅ ਕਰਕੇ 5 ਜੁਲਾਈ 2016 ਨੂੰ ਬ੍ਰਹਿਸਪਤੀ ਦੇ ਪੰਧ ਵਿੱਚ ਦਾਖਲ ਹੋ ਗਿਆ ਹੈ।ਵਿਗਿਆਨੀਆਂ ਲਈ ਇਹ ਇੱਕ ਚਣੌਤੀ ਭਰਿਆ ਕਾਰਜ ਸੀ ਕਿਉਂਕਿ ਇਸ ਤੋਂ ਪਹਿਲਾਂ ਮਹਾਂ-ਗ੍ਰਹਿ ਦੇ ਅਤਿ ਸੰਘਣੇ ਤੇ ਸ਼ਕਤੀਸ਼ਾਲੀ ਚੁੰਬਕੀ ਖੇਤਰ ਵਿੱਚ ਕਿਸੇ ਬਾਹਰੀ ਵਸਤੂ ਦਾ ਦਾਖਲਾ ਅਸੰਭਵ ਮੰਨਿਆਂ ਜਾਂਦਾ ਸੀ।ਇਸ ਮੁਹਿੰਮ 'ਤੇ ਅਮਰੀਕਾ ਦੇ 1.1 ਅਰਬ ਡਾਲਰ ਖਰਚ ਆਏ ਹਨ।

ਜੂਨੋ, ਬ੍ਰਹਿਸਪਤੀ ਦੇ ਠੋਸ ਤਲ ਦੀ ਹੋਂਦ ਦਾ ਅਧਿਐਨ ਕਰੇਗਾ।ਇਹ ਗ੍ਰਹਿ ਦੇ ਬੇਹੱਦ ਸ਼ਕਤੀਸ਼ਾਲੀ ਚੁੰਬਕੀ ਖੇਤਰ ਨੂੰ ਮਾਪੇਗਾ ਤੇ ਇਸ ਦੇ ਸਰੋਤ ਦਾ ਪਤਾ ਲਗਾਏਗਾ;ਇਸ ਦੇ ਸੰਘਣੇ ਵਾਤਾਵਰਨ ਵਿੱਚ ਮੌਜੂਦ ਪਾਣੀ ਤੇ ਅਮੋਨੀਆ ਦੀ ਮਾਤਰਾ ਨਾਪੇਗਾ ਅਤੇ ਇਸ ਦੀਆਂ ਸਵੇਰਾਂ ਦਾ ਨਰੀਖਣ ਕਰੇਗਾ।ਵਿਗਿਆਨੀਆਂ ਨੇ ਇਹ ਤਾਂ ਜਾਣ ਲਿਆ ਹੈ ਕਿ ਇਹ ਉਪਗ੍ਰਹਿ 4.5 ਅਰਬ ਸਾਲ ਪਹਿਲਾਂ ਹੋਂਦ ਵਿੱਚ ਆ ਗਿਆ ਸੀ ਪਰੰਤੂ ਇਹ ਕਿਵੇਂ ਵਾਪਰਿਆ,ਇਹ ਜਾਣਨਾ ਜੂਨੋ ਦਾ ਮੁੱਖ ਉਦੇਸ਼ ਹੈ।ਜੂਨੋ ਨੇ ਬ੍ਰਹਿਸਪਤੀ ਦੇ 37 ਗੇੜੇ ਕੱਢਦਿਆਂ ਧਰਤੀ 'ਤੇ ਬਹੁਮੁੱਲੀ ਵਿਗਿਆਨਿਕ ਜਾਣਕਾਰੀ ਭੇਜਣ ਉਪਰੰਤ ਸੰਨ 2018 ਵਿੱਚ ਆਪਣੇ ਆਪ ਅਲੋਪ ਹੋ ਜਾਣਾ ਹੈ।ਪੁਲਾੜ ਵਿਗਿਆਨੀਆਂ ਦੀ ਇਸ ਮਾਣਮੱਤੀ ਸਫਲਤਾ'ਤੇ ਉਨ੍ਹਾਂ ਨੂੰ ਸ਼ੱਤ ਸ਼ੱਤ ਪ੍ਰਣਾਮ।ਮਨੁੱਖ ਦੀ ਇਹ ਖੋਜੀ ਪ੍ਰਵਿਰਤੀ ਕਾਇਮ ਰਹਿਣੀ ਅਤਿ ਜ਼ਰੂਰੀ ਹੈ।ਇਸ ਬਾਰੇ ਵਿਗਿਆਨਕ ਲੇਖਕ ਐੱਚ.ਜੀ.ਵੈਲਜ਼ ਨੇ ਸਦੀਆਂ ਪਹਿਲਾਂ ਕਿਹਾ ਸੀ,-

"ਮਨੁੱਖ ਲਈ ਆਦਿ ਤੇ ਅੰਤ ਕਿਉਂ?ਉਹ ਚੱਲਦਾ ਰਹੇਗਾ - ਇੱਕ ਜਿੱਤ ਪਿੱਛੋਂ ਦੂਜੀ ਜਿੱਤ..."

-ਇੰਦਰਪੁਰਮ (ਯੂ.ਐੱਸ.ਏ.)



ਸੈਣੀ ਸੰਸਾਰ ਦਾ 22ਵਾਂ ਅੰਕ ਜਾਰੀ ਕਰਦੇ ਹੋਏ
ਸ. ਹਰਬਾਗ ਸਿੰਘ ਸੈਣੀ (ਸਕੱਤਰ ਪੀ.ਪੀ.ਸੀ.ਸੀ)



ਸੈਣੀ ਭਵਨ ਵਿਖੇ ਤੀਆਂ ਦੇ ਤਿਉਹਾਰ ਦੀਆਂ ਰੌਣਕਾਂ



ਸੈਣੀ ਭਵਨ ਦੇ ਪ੍ਰਬੰਧਕ, ਸ੍ਰੀ ਤਰਸੇਮ ਸੈਣੀ ਵੱਲੋਂ
ਸੈਣੀ ਬਰਾਦਰੀ ਨੂੰ ਬੀ.ਸੀ. ਸ਼੍ਰੇਣੀ ਦਾ ਲਾਭ ਦਿਵਾਉਣ ਲਈ ਕੀਤੇ ਵਿਸ਼ੇਸ਼
ਯਤਨਾਂ ਲਈ ਸਨਮਾਨਿਤ ਕਰਦੇ ਹੋਏ।



ਸੈਣੀ ਭਵਨ ਦੇ ਚੇਅਰਮੈਨ, ਸ੍ਰੀ ਐੱਲ.ਆਰ.ਮੁੰਦਰਾ ਲੋੜਵੰਦ ਪਰਿਵਾਰ
ਦੇ ਹੋਣਹਾਰ ਸਪੁੱਤਰ ਦੀ ਐੱਮ.ਡੀ. ਦੀ ਪੜ੍ਹਾਈ ਮੁਕੰਮਲ ਕਰਨ ਲਈ
5 ਲੱਖ ਰੁਪਏ ਦਾ ਚੈੱਕ ਭੇਂਟ ਕਰਦੇ ਹੋਏ।



ਸੈਣੀ ਭਵਨ ਦੇ ਪ੍ਰਬੰਧਕ, ਮਹਾਂਦਾਨੀ ਕਰਨਲ ਜੀ.ਆਰ.ਸੈਣੀ ਦੇ 99ਵੇਂ
ਜਨਮ ਦਿਨ ਤੇ ਵਧਾਈ ਦਿੰਦੇ ਹੋਏ।



6ਵੇਂ ਖ਼ੂਨਦਾਨ ਕੈਂਪ ਦੌਰਾਨ ਐੱਸ.ਪੀ. ਵਜ਼ੀਰ ਸਿੰਘ ਖਹਿਰਾ ਅਤੇ
ਸੰਤ ਬਾਬਾ ਅਵਤਾਰ ਸਿੰਘ ਜੀ ਖ਼ੂਨਦਾਨੀਆਂ ਨੂੰ ਸਨਮਾਨਿਤ ਕਰਦੇ ਹੋਏ।

*Happy Birthday*



Ridhimaan Singh
&
Rashneet Kaur

twin children of
Sh. Rajesh Chaudhary
& Smt. Gurjinder Kaur
Great grandchildren
of Col. G.R. Saini
Hoshiarpur
D.O.B. : 04.05.2016

Gurpreeet Kaur
&
Ekampreet Kaur

daughters of
S. Ranjit Singh Saini
& Smt. Gurmeet Kaur
Grand daughters of
S. Gurmukh Singh Saini
M.C.
D.O.B. :
22nd Oct. & 23 Sept.

